Space for Available for Advertising
WWW.PREETNEWS.COM
WWW.PREETNAMA.COM
preetnamausa
@gmail.com

ਨਿਊਯਾਰਕ
# ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
Online and Print Media +1 201-312-4180 +1 917-328-8436

ਇਸ ਦੁਨੀਆ ਵਿਚ ਜੇਕਰ ਕਿਸੇ ਦਾ ਵਿਸ਼ਵਾਸ ਕਰਨਾ ਹੈ ਤਾਂ ਆਪਣੇ ਮਾਂ ਬਾਪ ਦਾ ਕਰੋ, ਜੋ ਤੁਹਾਨੂੰ ਕਦੇ ਵੀ ਧੋਖਾ ਨਹੀਂ ਦਿੰਦੇ

ਪ੍ਰਿਤਪਾਲ ਕੌਰ ਪ੍ਰੀਤ
Preetnamausa@gmail.com

ਸਾਲ 4, ਅੰਕ 367, 21 ਅਗਸਤ ਤੋਂ 27 ਅਗਸਤ, 2026 ਵੈਬਸਾਈਟ : www.preetnama.com, www.preetnews.com ਈਮੇਲ preetnamausa@gmail.com

# ਬੇਅਦਬੀ ਤੋਂ 'ਸਿੱਖ ਕੈਦੀਆਂ' ਦੇ ਪਰਿਵਾਰਾਂ ਤੱਕ: ਆਗਾਮੀ ਵਿਧਾਨ ਸਭਾ ਚੋਣਾਂ ਵਿੱਚ ਕਿਵੇਂ ਬਦਲ ਰਿਹਾ ਹੈ ਪੰਥਕ ਸਿਆਸਤ ਦਾ ਏਜੰਡਾ





## ਕੌਣ ਹਨ 'ਵਾਰਿਸ ਪੰਜਾਬ ਦੇ' ਪਾਰਟੀ ਦੇ ਉਮੀਦਵਾਰ ਸਤਵੰਤ ਸਿੰਘ

ਸਤਵੰਤ ਸਿੰਘ ਕੇਹਰ ਸਿੰਘ ਦੇ ਪੁੱਤਰ ਹਨ ਅਤੇ ਉਹ ਦਿੱਲੀ ਰਹਿੰਦੇ ਹਨ। ਸਾਬਕਾ ਬੈਂਕ ਕਰਮਚਾਰੀ ਸਤਵੰਤ ਸਿੰਘ ਦਾ ਜੱਦੀ ਪਿੰਡ ਮੁਸਤਫ਼ਾਬਾਦ (ਬੱਸੀ ਪਠਾਣਾ ਨੇੜੇ, ਫ਼ਤਿਹਗੜ੍ਹ ਸਾਹਿਬ ਜ਼ਿਲ੍ਹਾ) ਹੈ, ਜਿੱਥੇ ਉਨ੍ਹਾਂ ਦੇ ਰਿਸ਼ਤੇਦਾਰ ਰਹਿੰਦੇ ਸਨ। ਗੱਲਬਾਤ ਕਰਦਿਆਂ ਕੇਹਰ ਸਿੰਘ ਦੇ ਪੁੱਤਰ ਰਾਜਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਛੋਟੇ ਭਰਾ ਸਤਵੰਤ ਸਿੰਘ ਇਸ ਸਮੇਂ ਯੂਕੇ ਵਿੱਚ ਹਨ ਅਤੇ ਛੇਤੀ ਹੀ ਉਹ ਪੰਜਾਬ ਵਾਪਸ ਆਉਣਗੇ। ਉਨ੍ਹਾਂ ਦੱਸਿਆ ਕਿ 'ਵਾਰਿਸ ਪੰਜਾਬ ਦੇ' ਦੇ ਆਗੂਆਂ ਨੇ ਕੁਝ ਦਿਨ ਪਹਿਲਾਂ ਉਨ੍ਹਾਂ ਨਾਲ ਸੰਪਰਕ ਕਰਕੇ ਚੋਣ ਲੜਨ ਲਈ ਟਿਕਟ ਦੀ ਪੇਸ਼ਕਸ਼ ਕੀਤੀ ਸੀ, ਪਰ ਸਿਹਤ ਠੀਕ ਨਾ ਹੋਣ ਕਾਰਨ ਉਨ੍ਹਾਂ ਆਪਣੀ ਥਾਂ ਛੋਟੇ ਭਰਾ ਸਤਵੰਤ ਸਿੰਘ ਦਾ ਨਾਮ ਅੱਗੇ ਕੀਤਾ। ਇਸ ਤੋਂ ਬਾਅਦ ਪਾਰਟੀ ਦੇ ਸੱਦੇ 'ਤੇ ਉਹ ਅੰਮ੍ਰਿਤਸਰ ਗਏ, ਜਿੱਥੇ ਬੀਤੇ ਸੋਮਵਾਰ ਨੂੰ ਬਕਾਇਦਾ ਪ੍ਰੈੱਸ ਕਾਨਫ਼ਰੰਸ ਕਰਕੇ ਸਤਵੰਤ ਸਿੰਘ ਦੇ ਨਾਮ ਦਾ ਉਮੀਦਵਾਰ ਵਜੋਂ ਐਲਾਨ ਕੀਤਾ ਗਿਆ। ਰਾਜਿੰਦਰ ਸਿੰਘ ਨੇ ਕਿਹਾ ਕਿ ਹੁਣ ਤੱਕ ਪਰਿਵਾਰ ਦੀ ਕਿਸੇ ਵੀ ਸਿਆਸੀ ਧਿਰ ਨੇ ਸਾਰ ਨਹੀਂ ਲਈ ਅਤੇ ਇਸ ਕਰਕੇ ਉਨ੍ਹਾਂ ਦੇ ਪਰਿਵਾਰ ਨੇ ਰਾਜਨੀਤੀ ਵਿੱਚ ਆਉਣ ਦਾ ਫ਼ੈਸਲਾ ਕੀਤਾ। ਉਨ੍ਹਾਂ ਦੱਸਿਆ ਕਿ ਉਹ ਪੰਜ ਭਰਾ ਹਨ ਅਤੇ ਉਨ੍ਹਾਂ ਦੀ ਮਾਤਾ ਦੀ ਮੌਤ ਕਈ ਸਾਲ ਪਹਿਲਾਂ ਹੋ ਗਈ ਸੀ।

ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਅਜੇ ਕੁਝ ਮਹੀਨੇ ਬਾਕੀ ਹਨ, ਪਰ ਸੂਬੇ ਦੀ ਪੰਥਕ ਸਿਆਸਤ ਇਸ ਵੇਲੇ ਪੂਰੀ ਤਰ੍ਹਾਂ ਗਰਮਾਈ ਹੋਈ ਹੈ। ਸ਼੍ਰੋਮਣੀ ਅਕਾਲੀ ਦਲ ਜਿੱਥੇ ਦੂਜੇ ਗੇੜ ਦੀਆਂ ਰੈਲੀਆਂ ਦੀ ਸ਼ੁਰੂਆਤ ਕਰਨ ਜਾ ਰਿਹਾ ਹੈ, ਉੱਥੇ ਹੀ ਅਕਾਲੀ ਦਲ (ਵਾਰਿਸ ਪੰਜਾਬ ਦੇ) ਨੇ ਬੱਸੀ ਪਠਾਣਾ ਸਮੇਤ ਪੰਜ ਹੋਰ ਵਿਧਾਨ ਸਭਾ ਹਲਕਿਆਂ ਤੋਂ ਉਮੀਦਵਾਰਾਂ ਦਾ ਐਲਾਨ ਕਰਕੇ ਆਪਣਾ ਪੰਥਕ ਏਜੰਡਾ ਸਪਸ਼ਟ ਕਰ ਦਿੱਤਾ ਹੈ। ਬੁੱਧਵਾਰ ਨੂੰ ਪਾਰਟੀ ਨੇ ਪੰਜ ਹਲਕਾ ਇੰਚਾਰਜਾਂ ਦਾ ਐਲਾਨ ਕੀਤਾ, ਜਿਨ੍ਹਾਂ ਵਿੱਚ ਦਲਜੀਤ ਸਿੰਘ ਕਲਸੀ (ਹਲਕਾ ਅਜਨਾਲਾ), ਗੁਰਮੀਤ ਸਿੰਘ ਬੁੱਕਣਵਾਲਾ (ਮੋਗਾ), ਰਛਪਾਲ ਸਿੰਘ ਸੋਸਣ (ਕੋਟਕਪੂਰਾ), ਜਗਜੀਤ ਸਿੰਘ ਬਾਬਾ ਜੱਗਾ (ਹਲਕਾ ਕਪੂਰਥਲਾ) ਅਤੇ ਦਰਸ਼ਨ ਸਿੰਘ ਸ਼ਿਵਾਲਿਕ (ਹਲਕਾ ਗਿੱਲ) ਦੇ ਨਾਮ ਸ਼ਾਮਲ ਹਨ।

ਇਨ੍ਹਾਂ ਵਿੱਚੋਂ ਦਲਜੀਤ ਸਿੰਘ ਕਲਸੀ ਅਤੇ ਗੁਰਮੀਤ ਸਿੰਘ ਬੁੱਕਣਵਾਲਾ ਪਹਿਲਾਂ ਐੱਨਐੱਸਏ (ਕੌਮੀ ਸੁਰੱਖਿਆ ਐਕਟ) ਤਹਿਤ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਅਮ੍ਰਿਤਪਾਲ ਸਿੰਘ ਨਾਲ ਨਜ਼ਰਬੰਦ ਰਹੇ ਹਨ ਅਤੇ ਇਸ ਸਮੇਂ ਪੰਜਾਬ ਦੀ ਜੇਲ੍ਹ ਵਿੱਚ ਬੰਦ ਹਨ। ਯਾਦ ਰਹੇ ਕਿ ਅਜਨਾਲਾ ਦੇ ਪੁਲਿਸ ਸਟੇਸ਼ਨ 'ਤੇ ਹੋਏ ਹਮਲੇ ਦੇ ਸਬੰਧ ਵਿੱਚ ਅਮ੍ਰਿਤਪਾਲ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ 'ਤੇ ਕੌਮੀ ਸੁਰੱਖਿਆ ਐਕਟ ਲਗਾਇਆ ਗਿਆ ਸੀ। ਦੂਜੇ ਪਾਸੇ, ਆਮ ਆਦਮੀ ਪਾਰਟੀ ਨੇ ਜਗਤਾਰ ਸਿੰਘ ਹਵਾਰਾ ਦੀ ਪੈਰੋਲ ਦਾ ਮੁੱਦਾ ਚੁੱਕ ਕੇ ਇਸ ਏਜੰਡੇ ਨੂੰ ਹੋਰ ਅੱਗੇ ਵਧਾਇਆ ਹੈ। ਸਿਆਸੀ ਮਾਹਰਾਂ ਮੁਤਾਬਕ ਪੰਜਾਬ ਵਿੱਚ 2017 ਤੋਂ ਹੁਣ ਤੱਕ ਦੀਆਂ ਚੋਣਾਂ ਵਿੱਚ ਬੇਅਦਬੀ ਦਾ ਮੁੱਦਾ ਸਰਗਰਮ ਰਿਹਾ ਹੈ, ਪਰ ਆਗਾਮੀ ਵਿਧਾਨ ਸਭਾ ਚੋਣਾਂ ਵਿੱਚ ਸਜ਼ਾ ਪੂਰੀ ਕਰ ਚੁੱਕੇ ਸਿੱਖ ਕੈਦੀਆਂ ਦਾ ਮੁੱਦਾ ਵੀ ਇਸ ਨਾਲ ਜੁੜ ਗਿਆ ਹੈ।

**'ਵਾਰਿਸ ਪੰਜਾਬ ਦੇ' ਦਾ ਆਗਾਮੀ ਚੋਣ ਏਜੰਡਾ**

ਪਾਰਟੀ ਨੇ ਬੱਸੀ ਪਠਾਣਾ ਤੋਂ ਜਿੱਥੇ ਸਤਵੰਤ ਸਿੰਘ ਦੇ ਨਾਮ ਦਾ ਉਮੀਦਵਾਰ ਵਜੋਂ ਐਲਾਨ ਕੀਤਾ ਹੈ, ਉੱਥੇ ਹੀ ਜੈਤੋ ਵਿਧਾਨ ਸਭਾ ਹਲਕੇ ਤੋਂ ਐੱਮਪੀ ਸਰਬਜੀਤ ਸਿੰਘ ਖ਼ਾਲਸਾ ਦੀ ਪਤਨੀ ਸੰਦੀਪ ਕੌਰ ਨੂੰ ਪਾਰਟੀ ਦਾ ਹਲਕਾ ਇੰਚਾਰਜ ਲਗਾਇਆ ਹੋਇਆ ਹੈ ਅਤੇ ਉਨ੍ਹਾਂ ਨੂੰ ਵੀ ਇਸ ਹਲਕੇ ਤੋਂ ਟਿਕਟ ਮਿਲਣ ਦੀ ਪੂਰੀ ਸੰਭਾਵਨਾ ਹੈ। ਇਸ ਤੋਂ ਬਾਅਦ ਬੁੱਧਵਾਰ ਨੂੰ ਪਾਰਟੀ ਦੇ ਪਾਰਲੀਮਾਨੀ ਬੋਰਡ ਵੱਲੋਂ ਵਿਧਾਨ ਸਭਾ ਹਲਕਾ ਅਜਨਾਲਾ ਤੋਂ ਭਾਈ ਦਲਜੀਤ ਸਿੰਘ ਕਲਸੀ, ਹਲਕਾ ਮੋਗਾ ਤੋਂ ਭਾਈ ਗੁਰਮੀਤ ਸਿੰਘ ਬੁੱਕਣਵਾਲਾ, ਹਲਕਾ ਗਿੱਲ (ਲੁਧਿਆਣਾ) ਤੋਂ ਦਰਸ਼ਨ ਸਿੰਘ ਸ਼ਿਵਾਲਿਕ, ਕਪੂਰਥਲਾ ਤੋਂ ਬਾਬਾ ਜਗਜੀਤ ਸਿੰਘ ਬਾਬਾ ਜੱਗਾ ਅਤੇ ਕੋਟਕਪੂਰਾ ਤੋਂ ਰਸ਼ਪਾਲ ਸਿੰਘ ਸੋਸਣ ਨੂੰ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਹਲਕਾ ਇੰਚਾਰਜ ਐਲਾਨਿਆ ਗਿਆ। ਪਾਰਟੀ ਨੇ ਸਪਸ਼ਟ ਕੀਤਾ ਹੈ ਕਿ ਉਮੀਦਵਾਰਾਂ ਦੀ ਚੋਣ ਸਿਰਫ਼ ਚੋਣ ਸਮੀਕਰਨਾਂ ਨੂੰ ਧਿਆਨ ਵਿੱਚ ਰੱਖ ਕੇ ਨਹੀਂ ਕੀਤੀ ਗਈ, ਸਗੋਂ ਪੰਥਕ ਸੋਚ, ਲੋਕਾਂ ਨਾਲ ਜੁੜਾਅ, ਸਮਾਜਿਕ ਸਰੋਕਾਰਾਂ, ਸੰਘਰਸ਼ਮਈ ਪਿਛੋਕੜ ਅਤੇ ਪੰਜਾਬ ਦੇ ਹਿੱਤਾਂ ਪ੍ਰਤੀ ਵਚਨਬੱਧਤਾ ਨੂੰ ਮੁੱਖ ਮਾਪਦੰਡ ਬਣਾਇਆ ਗਿਆ ਹੈ। ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਦੇ ਕੇਸ ਵਿੱਚ ਸ਼ਾਮਲ ਸਤਵੰਤ ਸਿੰਘ, ਕੇਹਰ ਸਿੰਘ ਅਤੇ ਬੇਅੰਤ ਸਿੰਘ ਦੇ ਪਰਿਵਾਰਕ ਮੈਂਬਰਾਂ ਨੂੰ 'ਵਾਰਿਸ ਪੰਜਾਬ ਦੇ' ਜਥੇਬੰਦੀ ਵਿੱਚ ਅਹਿਮ ਸਥਾਨ ਦਿੱਤਾ ਗਿਆ ਹੈ। ਮਰਹੂਮ ਸਤਵੰਤ ਸਿੰਘ ਦੇ ਭਤੀਜੇ ਸੁਖਵਿੰਦਰ ਸਿੰਘ ਅਵਗਾਨ ਪਾਰਟੀ ਦੇ ਸੰਸਦੀ ਬੋਰਡ ਦੇ ਮੈਂਬਰ ਹਨ। ਖਡੂਰ ਸਾਹਿਬ ਤੋਂ ਲੋਕ ਸਭਾ ਮੈਂਬਰ ਅਮ੍ਰਿਤਪਾਲ ਸਿੰਘ ਦੇ ਪਿਤਾ ਅਤੇ 'ਵਾਰਿਸ ਪੰਜਾਬ ਦੇ' ਪਾਰਟੀ ਦੇ ਕਾਰਜਕਾਰੀ ਪ੍ਰਧਾਨ ਤਰਸੇਮ ਸਿੰਘ ਦਾ ਕਹਿਣਾ ਹੈ ਕਿ ਸਜ਼ਾ ਪੂਰੀ ਕਰ ਚੁੱਕੇ ਸਿੱਖ ਕੈਦੀਆਂ ਦੇ ਪਰਿਵਾਰਕ ਮੈਂਬਰਾਂ ਨੂੰ ਪਾਰਟੀ ਵਿੱਚ ਪੂਰਾ ਮਾਣ-ਸਤਿਕਾਰ ਦਿੱਤਾ ਜਾਵੇਗਾ। ਨਾਲ ਹੀ ਉਨ੍ਹਾਂ ਸਪਸ਼ਟ ਕੀਤਾ ਕਿ ਸਿੱਖਾਂ ਦੇ ਨਾਲ-ਨਾਲ ਹਿੰਦੂ ਅਤੇ ਹੋਰ ਭਾਈਚਾਰਿਆਂ ਦੇ ਲੋਕਾਂ ਨੂੰ ਵੀ ਟਿਕਟਾਂ ਦਿੱਤੀਆਂ ਜਾਣਗੀਆਂ।

ਉਨ੍ਹਾਂ ਮੁਤਾਬਕ, ਵਾਰਿਸ ਪੰਜਾਬ ਦੇ ਪਾਰਟੀ ਸਿਰਫ਼ ਸਿਆਸੀ ਤਾਕਤ ਹਾਸਲ ਕਰਨ ਲਈ ਹੀ ਨਹੀਂ, ਬਲਕਿ ਪੰਥਕ ਸਿਧਾਂਤਾਂ, ਪੰਜਾਬ ਦੇ ਹੱਕਾਂ ਅਤੇ ਸਨਮਾਨ ਨੂੰ ਅੱਗੇ ਵਧਾਉਣ ਲਈ ਵੀ ਵਚਨਬੱਧ ਹੈ ਅਤੇ ਉਨ੍ਹਾਂ ਪਰਿਵਾਰਾਂ ਨੂੰ ਵੀ ਅਹਿਮੀਅਤ ਦੇ ਰਹੀ ਹੈ, ਜਿਨ੍ਹਾਂ ਨੇ ਸਿੱਖਾਂ ਲਈ ਕੁਰਬਾਨੀਆਂ ਦਿੱਤੀਆਂ ਹਨ। ਅਕਾਲੀ ਦਲ ਪੁਨਰ ਸੁਰਜੀਤ ਵੱਲੋਂ ਵੀ ਸਿੱਖ ਕੈਦੀਆਂ ਦੇ ਪਰਿਵਾਰਕ ਮੈਂਬਰਾਂ ਨੂੰ ਚੋਣਾਂ ਲਈ ਟਿਕਟਾਂ ਦੀ ਪੈਰਵੀ ਕੀਤੀ ਗਈ ਹੈ। ਦੂਜੇ ਪਾਸੇ, ਅਕਾਲੀ ਦਲ ਪੁਨਰ ਸੁਰਜੀਤ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਵੀ ਇੱਕ ਜਨਤਕ ਇਕੱਠ ਵਿੱਚ ਪਿਛਲੇ ਦਿਨੀਂ ਕਿਹਾ ਕਿ ਸਾਰੀਆਂ ਪੰਥਕ ਧਿਰਾਂ ਨੂੰ ਇੱਕਜੁੱਟ ਹੋਣਾ ਚਾਹੀਦਾ ਹੈ ਅਤੇ ਸਜ਼ਾ ਪੂਰੀ ਕਰ ਚੁੱਕੇ ਸਿੱਖ ਕੈਦੀਆਂ ਅਤੇ ਸਿੱਖ ਸੰਘਰਸ਼ ਦੌਰਾਨ ਆਪਣੀਆਂ ਜਾਨਾਂ ਵਾਰਨ ਵਾਲਿਆਂ ਦੇ ਪਰਿਵਾਰਾਂ ਲਈ 30 ਫ਼ੀਸਦੀ ਸੀਟਾਂ ਰਾਖਵੀਆਂ ਕਰਨੀਆਂ ਚਾਹੀਦੀਆਂ ਹਨ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ, ÷ਖਾੜਕੂਵਾਦ ਦੌਰਾਨ ਜਾਨਾਂ ਵਾਰਨ ਵਾਲਿਆਂ ਦੇ ਪਰਿਵਾਰਾਂ ਅਤੇ ਸਜ਼ਾ ਪੂਰੀ ਕਰ ਚੁੱਕੇ ਸਿੱਖ ਕੈਦੀਆਂ ਨੂੰ ਉਚਿਤ ਸਨਮਾਨ ਅਤੇ ਹਿੱਸਾ ਦੇਣਾ ਇਸ ਵੇਲੇ ਦੀ ਸਭ ਤੋਂ ਵੱਡੀ ਲੋੜ ਹੈ ਅਤੇ ਜੇਕਰ ਅਸੀਂ ਇਨ੍ਹਾਂ ਪਰਿਵਾਰਾਂ ਨੂੰ ਭੁੱਲ ਗਏ ਤਾਂ ਇਹ ਭਾਈਚਾਰੇ ਨਾਲ ਧੋਖਾ ਹੋਵੇਗਾ। ਉਨ੍ਹਾਂ ਆਖਿਆ ਕਿ ਪੰਥਕ ਏਕਤਾ ਲਈ ਸਾਰੀਆਂ ਧਿਰਾਂ ਨੂੰ ਇਕੱਠੇ ਹੋਣਾ ਜ਼ਰੂਰੀ ਹੈ, ਪਰ ਅਫ਼ਸੋਸ ਹੈ ਕਿ ਇਸ ਵੇਲੇ ਸਾਰੇ ਵੱਖ-ਵੱਖ ਗੁੱਟਾਂ ਵਿੱਚ ਵੰਡੇ ਹੋਏ ਹਨ।

**ਵਾਰਿਸ ਪੰਜਾਬ ਦੇ ਜਥੇਬੰਦੀ ਅੱਗੇ ਚੁਣੌਤੀਆਂ**

2024 ਦੀਆਂ ਲੋਕ ਸਭਾ ਚੋਣਾਂ ਵਿੱਚ ਅਮ੍ਰਿਤਪਾਲ ਸਿੰਘ ਅਤੇ ਸਰਬਜੀਤ ਸਿੰਘ ਖ਼ਾਲਸਾ ਨੇ ਕ੍ਰਮਵਾਰ ਆਜ਼ਾਦ ਉਮੀਦਵਾਰ ਵਜੋਂ ਖਡੂਰ ਸਾਹਿਬ ਅਤੇ ਫ਼ਰੀਦਕੋਟ ਲੋਕ ਸਭਾ ਹਲਕੇ ਤੋਂ ਚੋਣ ਜਿੱਤ ਕੇ ਪੰਜਾਬ ਦੀ ਰਾਜਨੀਤੀ ਵਿੱਚ ਸਭ ਨੂੰ ਹੈਰਾਨ ਕਰ ਦਿੱਤਾ ਸੀ। ਅਮ੍ਰਿਤਪਾਲ ਸਿੰਘ ਅਪ੍ਰੈਲ 2023 ਵਿੱਚ ਗ੍ਰਿਫ਼ਤਾਰੀ ਤੋਂ ਬਾਅਦ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਹਨ। 14 ਜਨਵਰੀ 2025 ਨੂੰ ਮਾਘੀ ਦੇ ਮੇਲੇ ਮੌਕੇ ਮੁਕਤਸਰ ਸਾਹਿਬ ਵਿਖੇ 'ਵਾਰਿਸ ਪੰਜਾਬ ਦੇ' ਪਾਰਟੀ ਦੇ ਗਠਨ ਦਾ ਐਲਾਨ ਕੀਤਾ ਗਿਆ ਅਤੇ ਤਰਸੇਮ ਸਿੰਘ ਨੂੰ ਪਾਰਟੀ ਦਾ ਕਾਰਜਕਾਰੀ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਸਾਲ ਜੂਨ ਮਹੀਨੇ ਵਿੱਚ ਦਾਖਾ ਹਲਕੇ ਤੋਂ ਵਿਧਾਇਕ ਮਨਪ੍ਰੀਤ ਸਿੰਘ ਇਆਲੀ 'ਵਾਰਿਸ ਪੰਜਾਬ ਦੇ' ਪਾਰਟੀ ਵਿੱਚ ਸ਼ਾਮਲ ਹੋ ਗਏ। ਰਾਜਨੀਤਕ ਮਾਹਰਾਂ ਦੀ ਜਿੱਥੇ ਇਸ ਪਾਰਟੀ ਦੀਆਂ ਗਤੀਵਿਧੀਆਂ 'ਤੇ ਨਜ਼ਰ ਹੈ, ਉੱਥੇ ਹੀ ਉਹ ਇਸ ਅੱਗੇ ਕਈ ਚੁਣੌਤੀਆਂ ਵੀ ਦੇਖ ਰਹੇ ਹਨ। ਸਿਆਸੀ ਮਾਹਰਾਂ ਦਾ ਮੰਨਣਾ ਹੈ ਕਿ ਖਾੜਕੂਵਾਦ ਦੇ ਨਾਲ ਜੁੜੇ ਰਹੇ ਲੋਕਾਂ ਦੇ ਪਰਿਵਾਰਾਂ ਨੂੰ ਅੱਗੇ ਲਿਆਉਣਾ ਇੱਕ ਜਜ਼ਬਾਤੀ ਕਾਰਡ ਹੈ, ਪਰ ਚੋਣਾਂ ਵਿੱਚ ਜਜ਼ਬਾਤ ਤੋਂ ਇਲਾਵਾ ਰਾਜਨੀਤੀ ਵੀ ਬਹੁਤ ਅਹਿਮੀਅਤ ਰੱਖਦੀ ਹੈ। ਲੋਕਾਂ ਲਈ ਰੁਜ਼ਗਾਰ, ਕਾਨੂੰਨ-ਵਿਵਸਥਾ, ਨਸ਼ੇ ਸਮੇਤ ਕਈ ਹੋਰ ਮੁੱਦੇ ਵੀ ਅਹਿਮ ਹਨ।

ਪੰਜਾਬ ਯੂਨੀਵਰਸਿਟੀ ਦੇ ਰਾਜਨੀਤੀ ਵਿਭਾਗ ਦੇ ਸੇਵਾਮੁਕਤ ਪ੍ਰੋਫੈਸਰ ਖ਼ਾਲਿਦ ਮੁਹੰਮਦ ਮੁਤਾਬਕ, 'ਵਾਰਿਸ ਪੰਜਾਬ ਦੇ' ਜਥੇਬੰਦੀ ਪੰਥਕ ਵੋਟਰਾਂ ਦੀਆਂ ਸਫ਼ਾਂ ਵਿੱਚ ਆਪਣੇ ਪੈਰ ਜਮਾਉਣ ਦੀ ਕੋਸ਼ਿਸ਼ ਕਰ ਰਹੀ ਹੈ ਅਤੇ ਇਸ ਵਿੱਚ ਇੱਕ ਕਦਮ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਕੇਸ ਵਿੱਚ ਸ਼ਾਮਲ ਲੋਕਾਂ ਦੇ ਪਰਿਵਾਰਕ ਮੈਂਬਰਾਂ ਨੂੰ ਟਿਕਟ ਦੇਣਾ ਵੀ ਹੈ। ਪ੍ਰੋਫੈਸਰ ਖ਼ਾਲਿਦ ਮੁਤਾਬਕ ਇਹ ਸਭ ਕੁਝ ਉਸ ਸਮੇਂ ਹੋ ਰਿਹਾ ਹੈ ਜਦੋਂ ਪੰਜਾਬ ਵਿੱਚ ਪੰਥਕ ਰਾਜਨੀਤੀ ਬਦਲਾਅ ਦੀ ਸਥਿਤੀ ਵਿੱਚ ਹੈ। ਉਨ੍ਹਾਂ ਮੁਤਾਬਕ ਬੇਅਦਬੀ ਦੇ ਮੁੱਦੇ ਤੋਂ ਇਲਾਵਾ ਸਿਆਸੀ ਧਿਰਾਂ, ਖ਼ਾਸ ਤੌਰ 'ਤੇ 'ਵਾਰਿਸ ਪੰਜਾਬ ਦੇ' ਅਤੇ ਅਕਾਲੀ ਦਲ ਪੁਨਰ ਸੁਰਜੀਤ, ਸਿੱਖ ਕੈਦੀਆਂ ਦਾ ਮਸਲਾ ਆਗਾਮੀ ਵਿਧਾਨ ਸਭਾ ਚੋਣਾਂ ਵਿੱਚ ਉਭਾਰ ਰਹੀਆਂ ਹਨ, ਪਰ ਇਸ ਵਿੱਚ ਕਾਮਯਾਬੀ ਕਿੰਨੀ ਮਿਲਦੀ ਹੈ, ਇਸ ਦਾ ਇੰਤਜ਼ਾਰ ਕਰਨਾ ਹੋਵੇਗਾ। ਇਸ ਦੇ ਨਾਲ ਹੀ ਪ੍ਰੋਫੈਸਰ ਖ਼ਾਲਿਦ 'ਵਾਰਿਸ ਪੰਜਾਬ ਦੇ' ਜਥੇਬੰਦੀ ਅੱਗੇ ਕਈ ਚੁਣੌਤੀਆਂ ਵੀ ਮੰਨਦੇ ਹਨ, ਖ਼ਾਸ ਤੌਰ 'ਤੇ ਬੁਨਿਆਦੀ ਢਾਂਚੇ ਦੀ ਘਾਟ, ਜਿਸ ਵਿੱਚ ਬੂਥ ਏਜੰਟ ਵੀ ਸ਼ਾਮਲ ਹਨ। ਪ੍ਰੋਫੈਸਰ ਖ਼ਾਲਿਦ ਜਗਤਾਰ ਸਿੰਘ ਹਵਾਰਾ ਦੀ ਪੈਰੋਲ ਨੂੰ ਪੰਥਕ ਰਾਜਨੀਤੀ ਨਾਲ ਜੋੜ ਕੇ ਦੇਖ ਰਹੇ ਹਨ। ਉਨ੍ਹਾਂ ਮੁਤਾਬਕ ਪੈਰੋਲ ਮਿਲਣ ਦੀ ਸੂਰਤ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਪੰਥਕ ਸਫ਼ਾਂ ਵਿੱਚ ਆਪਣੇ ਆਪ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਸੀਨੀਅਰ ਪੱਤਰਕਾਰ ਜਸਪਾਲ ਸਿੰਘ ਸਿੱਧੂ ਆਖਦੇ ਹਨ ਕਿ ਪੰਜਾਬ ਵਿੱਚ ਸਿਰਫ਼ ਸਿੱਖ ਵੋਟਰ ਹੀ ਨਹੀਂ, ਸਗੋਂ ਹਿੰਦੂ ਅਤੇ ਹੋਰ ਭਾਈਚਾਰਿਆਂ ਦੇ ਲੋਕ ਵੀ ਹਨ। ਇਕੱਲੇ ਸਿੱਖਾਂ ਦੀਆਂ ਵੋਟਾਂ ਨਾਲ ਕਿਸੇ ਵੀ ਪਾਰਟੀ ਦਾ ਉਮੀਦਵਾਰ ਜਿੱਤ ਨਹੀਂ ਸਕਦਾ। ਉਨ੍ਹਾਂ ਮੁਤਾਬਕ ਖਾੜਕੂਆਂ ਦੇ ਪਰਿਵਾਰਕ ਮੈਂਬਰ ਪਹਿਲਾਂ ਵੀ ਚੋਣਾਂ ਲੜ ਚੁੱਕੇ ਹਨ, ਪਰ ਬੇਅੰਤ ਸਿੰਘ ਦੇ ਪਰਿਵਾਰਕ ਮੈਂਬਰਾਂ (ਮਰਹੂਮ ਐੱਮਪੀ ਬਿਮਲ ਕੌਰ ਖਾਲਸਾ ਅਤੇ ਮੌਜੂਦਾ ਐੱਮਪੀ ਸਰਬਜੀਤ ਸਿੰਘ) ਤੋਂ ਇਲਾਵਾ ਘੱਟ ਲੋਕਾਂ ਨੂੰ ਹੀ ਰਾਜਨੀਤੀ ਵਿੱਚ ਕਾਮਯਾਬੀ ਮਿਲੀ ਹੈ। ਉਨ੍ਹਾਂ ਮੁਤਾਬਕ ਹਿੰਦੂ ਵੋਟਰ ਵੀ ਪੰਜਾਬ ਵਿੱਚ ਬਹੁਤ ਅਹਿਮੀਅਤ ਰੱਖਦੇ ਹਨ। ਇਸ ਕਦਮ ਨਾਲ ਇਨ੍ਹਾਂ ਦੀਆਂ ਵੋਟਾਂ ਗਰਮ ਖਿਆਲੀਆਂ ਵੱਲ ਜਾਣ ਦੀ ਸੰਭਾਵਨਾ ਘੱਟ ਹੋ ਸਕਦੀ ਹੈ।




# Preetnama

# ਪ੍ਰੀਤਨਾਮਾ

ਖਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 367

Website: www.preetnama.com Email preetnamausa@gmail.com

21 AUGUST TO 27 AUGUST, 2026


# ਮੜਕ ਪੰਜਾਬਣ ਦੀ ਤੀਆਂ ਦਾ ਮੇਲਾ 2026 ਸ਼ਾਨੋ-ਸ਼ੌਕਤ ਨਾਲ ਹੋਇਆ ਸੰਪੰਨ

## 500 ਤੋਂ ਵੱਧ ਮਹਿਲਾਵਾਂ ਨੇ ਮੇਲੇ ਵਿੱਚ ਗਿੱਧੇ ਦਾ ਮਚਾਇਆ ਧਮਾਲ

ਕੁਈਨਜ਼, ਨਿਊਯਾਰਕ — 16 ਅਗਸਤ 2026: SB Creations ਵੱਲੋਂ ਪੇਸ਼ ਕੀਤਾ ਗਿਆ 4ਵਾਂ " ਮੜਕ ਪੰਜਾਬਣਾ ਦੀ " ਤੀਆਂ ਦਾ ਮੇਲਾ ਐਤਵਾਰ ਨੂੰ Royal India Palace, Queens, New York ਵਿਖੇ ਬੜੀ ਧੂਮਧਾਮ ਅਤੇ ਉਤਸ਼ਾਹ ਨਾਲ ਸਫਲਤਾਪੂਰਵਕ ਕਰਵਾਇਆ ਗਿਆ। ਇਸ ਮੇਲੇ ਵਿੱਚ 500 ਤੋਂ ਵੱਧ ਮਹਿਲਾਵਾਂ ਨੇ ਸ਼ਮੂਲੀਅਤ ਕਰਕੇ ਪੰਜਾਬੀ ਸੱਭਿਆਚਾਰ, ਰਵਾਇਤਾਂ ਅਤੇ ਵਿਰਾਸਤ ਨੂੰ ਪੂਰੇ ਜੋਸ਼ ਨਾਲ ਮਨਾਇਆ। ਮੇਲੇ ਦੌਰਾਨ ਪੰਜਾਬੀ ਲੋਕ ਨਾਚ, ਗਿੱਧਾ, ਸੱਭਿਆਚਾਰਕ ਪੇਸ਼ਕਾਰੀਆਂ ਅਤੇ ਰਵਾਇਤੀ ਰੰਗਾਂ ਨੇ ਮਾਹੌਲ ਨੂੰ ਹੋਰ ਵੀ ਖੂਬਸੂਰਤ ਬਣਾ ਦਿੱਤਾ। ਮਹਿਲਾਵਾਂ ਨੇ ਰਵਾਇਤੀ ਪੰਜਾਬੀ ਪਹਿਰਾਵਿਆਂ ਵਿੱਚ ਸਜ-ਧਜ ਕੇ ਮੇਲੇ ਦੀ ਰੌਣਕ ਵਧਾਈ ਅਤੇ ਪੰਜਾਬ ਦੀਆਂ ਪੁਰਾਣੀਆਂ ਰਵਾਇਤਾਂ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣ ਦਾ ਸੁਨੇਹਾ ਦਿੱਤਾ। ਸਾਰਾ ਸਮਾਗਮ ਖੁਸ਼ੀ, ਮਿਲਵਰਤਣ ਅਤੇ ਪੰਜਾਬੀ ਸੱਭਿਆਚਾਰ ਦੀ ਮਹਿਕ ਨਾਲ ਭਰਿਆ ਰਿਹਾ। ਪ੍ਰਬੰਧਕ ਸੁਨੀਤਾ ਭੱਟੀ ਅਤੇ ਬੇਬੀ ਪਟਿਆਲਾ ਨੇ ਮੇਲੇ ਨੂੰ ਕਾਮਯਾਬ ਬਣਾਉਣ ਲਈ ਸਾਰੇ ਮਹਿਮਾਨਾਂ, ਸਪਾਂਸਰਾਂ, ਮੈਂਬਰਾਂ, ਕਲਾਕਾਰਾਂ ਅਤੇ ਖਾਸ ਤੌਰ 'ਤੇ ਵੱਡੀ ਗਿਣਤੀ ਵਿੱਚ ਪਹੁੰਚੀਆਂ ਮਹਿਲਾਵਾਂ ਦਾ ਧੰਨਵਾਦ ਕੀਤਾ। ਤੀਆਂ ਦਾ ਇਹ ਮੇਲਾ ਵਿਦੇਸ਼ੀ ਧਰਤੀ 'ਤੇ ਪੰਜਾਬੀ ਸੱਭਿਆਚਾਰ ਅਤੇ ਵਿਰਾਸਤ ਨੂੰ ਜ਼ਿੰਦਾ ਰੱਖਣ ਅਤੇ ਆਉਣ ਵਾਲੀ ਪੀੜ੍ਹੀ ਨਾਲ ਜੋੜਨ ਦਾ ਇੱਕ ਸ਼ਾਨਦਾਰ ਉਪਰਾਲਾ ਸਾਬਤ ਹੋਇਆ।

































# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 367

Website: www.preetnama.com Email preetnamausa@gmail.com

21 AUGUST TO 27 AUGUST, 2026


# ਮੜਕ ਪੰਜਾਬਣ ਦੀ ਤੀਆਂ ਦਾ ਮੇਲਾ 2026 ਸ਼ਾਨੋ-ਸ਼ੌਕਤ ਨਾਲ ਹੋਇਆ ਸੰਪੰਨ


















Preetnama
Khara Sach
ਪ੍ਰੀਤਨਾਮਾ
ਖ਼ਰਾ ਸੱਚ
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 367
Website: www.preetnama.com Email preetnamausa@gmail.com
21 AUGUST TO 27 AUGUST, 2026

# ਕੈਨੇਡਾ ਦੇ ਕਈ ਲੋਕਾਂ ਨੇ ਕਿਉਂ ਕੀਤਾ ਅਮਰੀਕਾ ਦਾ ਬਾਇਕਾਟ ਅਤੇ ਘੁੰਮਣ ਲਈ ਚੁਣੇ ਇਹ ਦੇਸ਼, ਕੀ ਟਰੰਪ ਤੋਂ ਨਾਰਾਜ਼ ਹਨ ਕੈਨੇਡੀਅਨ

ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਦੀ ਮੁੜ ਚੋਣ ਤੋਂ ਪਹਿਲਾਂ, ਓਨਟਾਰੀਓ ਦੇ ਲੰਡਨ ਸ਼ਹਿਰ ਦੇ ਰਹਿਣ ਵਾਲੇ ਕੈਂਟ ਟਰਸਕੌਟ ਅਤੇ ਉਨ੍ਹਾਂ ਦੇ ਪਰਿਵਾਰ ਨੇ ਸਰਹੱਦ ਦੇ ਦੱਖਣ ਵੱਲ ਕਈ ਵਾਰ ਯਾਤਰਾ ਕੀਤੀ ਸੀ।

ਇਨ੍ਹਾਂ ਵਿੱਚ ਕੈਲੀਫੋਰਨੀਆ ਅਤੇ ਸਭ ਤੋਂ ਹਾਲ ਹੀ ਵਿੱਚ 2023 ਵਿੱਚ ਨਿਊਯਾਰਕ ਦੀ ਯਾਤਰਾ ਵੀ ਸ਼ਾਮਲ ਸੀ।

ਉਨ੍ਹਾਂ ਨੇ ਬੀਬੀਸੀ ਨੂੰ ਦੱਸਿਆ ਕਿ 2024 ਦੇ ਅਖੀਰ ਤੋਂ, ÷ਮੇਰੇ ਪਰਿਵਾਰ ਅਤੇ ਮੈਂ ਅਮਰੀਕਾ ਦਾ ਪੂਰੀ ਤਰ੍ਹਾਂ ਬਾਈਕਾਟ ਕਰਨ ਦਾ ਫ਼ੈਸਲਾ ਕੀਤਾ ਹੈ।÷

## ਪਨਾਮਾ ਨਹਿਰ ਰਾਹੀਂ ਜਾਣ ਵਾਲਾ ਕਰੂਜ਼ ਰੱਦ ਕੀਤਾ

ਲਿੰਡਾ ਰੂਸੋ ਅਤੇ ਉਨ੍ਹਾਂ ਦੇ ਪਤੀ ਜੋਅ ਨੇ ਆਪਣੇ ਦੇਸ਼ ਕੈਨੇਡਾ ਵਿੱਚ ਸੇਵਾਮੁਕਤ ਹੋਣ ਤੋਂ ਪਹਿਲਾਂ 19 ਸਾਲ ਟੈਕਸਸ ਵਿੱਚ ਬਿਤਾਏ ਸਨ।ਉਨ੍ਹਾਂ ਦੀ ਵਾਪਸੀ ਪਿਛਲੀ ਗਰਮੀਆਂ ਵਿੱਚ ਹੋਣੀ ਸੀ, ਪਰ ਡੌਨਲਡ ਟਰੰਪ ਦੀ ਮੁੜ ਚੋਣ ਨੂੰ ਲੈ ਕੇ ਗੁੱਸੇ ਕਾਰਨ ਉਨ੍ਹਾਂ ਨੇ ਆਪਣਾ ਵਾਪਸ ਆਉਣ ਦਾ ਸਮਾਂ ਫਰਵਰੀ 2025 ਕਰ ਦਿੱਤਾ ਸੀ।ਹੁਣ ਓਟਾਵਾ ਵਿੱਚ ਰਹਿ ਰਹੀ ਰੂਸੋ ਨੇ ਕਿਹਾ, ਅਸੀਂ ਇਹ ਸੋਚ ਵੀ ਬਰਦਾਸ਼ਤ ਨਹੀਂ ਕਰ ਸਕਦੇ ਸੀ ਕਿ ਜਦੋਂ ਉਹ ਦੇਸ਼ ਚਲਾ ਰਿਹਾ ਹੋਵੇ ਤਾਂ ਅਸੀਂ ਉੱਥੇ ਰਹੀਏ।ਇਸ ਤੋਂ ਬਾਅਦ, ਜਦੋਂ ਟਰੰਪ ਨੇ ਕੈਨੇਡਾ ਨੂੰ ÷51ਵਾਂ ਸੂਬਾ÷ ਅਤੇ ਇਸ ਦੇ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ÷ਗਵਰਨਰ÷ ਕਹਿਣਾ ਸ਼ੁਰੂ ਕੀਤਾ ਤਾਂ ਉਨ੍ਹਾਂ ਨੇ ਅਤੇ ਉਨ੍ਹਾਂ ਦੇ ਪਤੀ ਨੇ ਪੂਰੀ ਤਰ੍ਹਾਂ ਅਮਰੀਕਾ ਦਾ ਬਾਈਕਾਟ ਕਰਨ ਦਾ ਫ਼ੈਸਲਾ ਕੀਤਾ।ਉਸੇ ਗਰਮੀਆਂ ਵਿੱਚ ਇਸ ਜੋੜੇ ਨੇ ਨਿਊਯਾਰਕ ਸਿਟੀ ਤੋਂ ਰਵਾਨਾ ਹੋ ਕੇ ਪਨਾਮਾ ਨਹਿਰ ਰਾਹੀਂ ਜਾਣ ਵਾਲਾ ਕਰੂਜ਼ ਰੱਦ ਕਰ ਦਿੱਤਾ। ਇਸ ਦੀ ਬਜਾਏ ਉਨ੍ਹਾਂ ਨੇ ਉਸੇ ਕੰਪਨੀ ਨਾਲ ਰੋਮ ਅਤੇ ਬਾਰਸੀਲੋਨਾ ਰਾਹੀਂ ਜਾਣ ਵਾਲਾ ਇੱਕ ਹੋਰ ਕਰੂਜ਼ ਬੁੱਕ ਕਰ ਲਿਆ।ਰੂਸੋ ਨੇ ਦੱਸਿਆ ਕਿ ਉਨ੍ਹਾਂ ਨੇ ਉੱਥੇ ਪ੍ਰਾਚੀਨ ਖੰਡਰਾਂ ਦੀ ਸੈਰ ਕਰਨ ਅਤੇ ਸੁਆਦਲੇ ਖਾਣੇ ਦਾ ਆਨੰਦ ਮਾਣਿਆ।ਰੂਸੋ ਨੇ ਕਿਹਾ, ਮੇਰਾ ਮਤਲਬ ਹੈ ਕਿ ਇਸ ਵਿੱਚ ਨਿਊਯਾਰਕ ਦਾ ਕੋਈ ਕਸੂਰ ਨਹੀਂ... ਪਰ ਟਰੰਪ ਸਭ ਕੁਝ ਚਲਾ ਰਹੇ ਹਨ ਅਤੇ ਇਸ ਲਈ ਹਰ ਚੀਜ਼ ਪ੍ਰਭਾਵਿਤ ਹੁੰਦੀ ਹੈ। ਇਹ ਜੋੜਾ ਅਮਰੀਕਾ ਅਤੇ ਕੈਨੇਡਾ ਦੋਵਾਂ ਦਾ ਨਾਗਰਿਕ ਹੈ।ਉਨ੍ਹਾਂ ਨੇ ÷ਸਨੋਬਰਡਸ÷ ਬਣਨ ਦੀ ਆਪਣੀ ਯੋਜਨਾ ਵੀ ਛੱਡ ਦਿੱਤੀ ਹੈ।ਇਹ ਸ਼ਬਦ ਉਨ੍ਹਾਂ ਕੈਨੇਡੀਅਨਾਂ ਲਈ ਵਰਤਿਆ ਜਾਂਦਾ ਹੈ ਜੋ ਸਰਦੀਆਂ ਦੇ ਠੰਢੇ ਮਹੀਨੇ ਫਲੋਰੀਡਾ ਅਤੇ ਐਰੀਜ਼ੋਨਾ ਵਰਗੇ ਗਰਮ ਅਮਰੀਕੀ ਸੂਬਿਆਂ ਵਿੱਚ ਬਿਤਾਉਂਦੇ ਹਨ।ਰੂਸੋ ਨੇ ਦੱਸਿਆ ਕਿ ਹੁਣ ਉਹ ਕਦੇ-ਕਦਾਈਂ ਸਿਰਫ਼ ਆਪਣੀ ਡਾਕ ਲੈਣ ਲਈ ਸਰਹੱਦ ਪਾਰ ਕਰਦੇ ਹਨ ਅਤੇ ਫਿਰ ਵਾਪਸ ਆ ਜਾਂਦੇ ਹਨ। ਉੱਥੇ ਰਹਿੰਦਿਆਂ ਉਹ ਕੋਈ ਪੈਸਾ ਖਰਚ ਕਰਨ ਤੋਂ ਬਚਦੇ ਹਨ।ਰੂਸੋ ਨੇ ਕਿਹਾ ਕਿ ਉਸ ਨੂੰ ਅਮਰੀਕਾ ਵਿੱਚ ਗੱਡੀ ਚਲਾ ਕੇ ਜਾਣ ਅਤੇ ਸਮਾਂ ਬਿਤਾਉਣ ਦੀ ਸਹੂਲਤ ਖ਼ਤਮ ਹੋਣ ਦਾ ਦੁੱਖ ਹੈ।



ਇਸ ਦਾ ਮਤਲਬ ਸੀ ਕਿ ਪਿਛਲੇ ਬਸੰਤ ਆਪਣੇ ਭਰਾ ਨਾਲ ਸਪੇਸਐਕਸ ਦੇ ਸਟਾਰਸ਼ਿਪ ਲਾਂਚ ਨੂੰ ਦੇਖਣ ਲਈ ਟੈਕਸਸ ਦੀ ਯਾਤਰਾ ਰੱਦ ਕੀਤੀ।

ਦੋਵਾਂ ਨੇ ਟੋਰਾਂਟੋ ਤੋਂ ਜਹਾਜ਼ ਰਾਹੀਂ ਜਾਣ, ਇੱਕ ਕਾਰ ਕਿਰਾਏ 'ਤੇ ਲੈਣ ਅਤੇ ਲਾਂਚ ਦੇਖਣ ਲਈ ਇੱਕ ਹਫ਼ਤਾ ਉੱਥੇ ਰਹਿਣ ਦੀ ਯੋਜਨਾ ਬਣਾਈ ਸੀ।ਇਸ 'ਤੇ ਸੰਭਾਵੀ ਤੌਰ 'ਤੇ ÷ਹਜ਼ਾਰਾਂ ਡਾਲਰ÷ ਖਰਚ ਹੋਣੇ ਸਨ।

ਟਰਸਕੌਟ ਅਤੇ ਉਨ੍ਹਾਂ ਦੀ ਪਤਨੀ ਨੇ ਇਸ ਦੀ ਬਜਾਏ ਉਹ ਪੈਸਾ ਕੈਨੇਡਾ ਵਿੱਚ ਹੀ ਖਰਚ ਕਰਨ ਦਾ ਫ਼ੈਸਲਾ ਲਿਆ ਖ਼ਾਸ ਤੌਰ 'ਤੇ ਐਟਲਾਂਟਿਕ ਸੂਬਿਆਂ ਨੋਵਾ ਸਕੋਸ਼ੀਆ ਅਤੇ ਪ੍ਰਿੰਸ ਐਡਵਰਡ ਆਈਲੈਂਡ ਵਿੱਚ। ਉਨ੍ਹਾਂ ਦਾ ਇਹ ਫ਼ੈਸਲਾ ਅਮਰੀਕੀ ਟੈਰਿਫ਼ਾਂ ਅਤੇ ਰਾਸ਼ਟਰਪਤੀ ਵੱਲੋਂ ਉਨ੍ਹਾਂ ਦੇ ਦੇਸ਼ ਨੂੰ ਅਮਰੀਕਾ ਵਿੱਚ ਮਿਲਾਉਣ ਸਬੰਧੀ ਕੀਤੀਆਂ ਟਿੱਪਣੀਆਂ ਦਾ ਜਵਾਬ ਹੈ।ਟਰੰਪ ਦੇ ਵ ?ਹਾਈਟ ਹਾਊਸ ਵਿੱਚ ਵਾਪਸੀ ਤੋਂ ਇੱਕ ਸਾਲ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ, ਟਰਸਕੌਟ ਵਰਗੇ ਕਈ ਕੈਨੇਡੀਅਨ ਅਜੇ ਵੀ ਅਮਰੀਕਾ ਦੀ ਯਾਤਰਾ ਦੇ ਬਾਈਕਾਟ 'ਤੇ ਕਾਇਮ ਹਨ।ਰਾਸ਼ਟਰੀ ਅੰਕੜਿਆਂ ਅਨੁਸਾਰ, ਅਪ੍ਰੈਲ ਵਿੱਚ ਅਮਰੀਕਾ ਦੇ ਸੜਕੀ ਸਫ਼ਰਾਂ ਵਿੱਚ ਥੋੜ੍ਹਾ ਜਿਹਾ ਵਾਧਾ ਹੋਣ ਦੇ ਬਾਵਜੂਦ, ਕੈਨੇਡੀਅਨਾਂ ਨੇ ਟਰੰਪ ਦੇ ਚੁਣੇ ਜਾਣ ਤੋਂ ਪਹਿਲਾਂ, 2024 ਦੇ ਇਸੇ ਸਮੇਂ ਦੇ ਮੁਕਾਬਲੇ ਉਸ ਮਹੀਨੇ 8 ਲੱਖ ਘੱਟ ਯਾਤਰਾਵਾਂ ਕੀਤੀਆਂ।

ਬਾਈਕਾਟ ਕਾਰਨ ਪਿਛਲੇ ਸਾਲ ਅਮਰੀਕਾ ਨੂੰ ਯਾਤਰਾ ਤੋਂ ਹੋਣ ਵਾਲੀ ਆਮਦਨ ਵਿੱਚ ਲਗਭਗ 3.3 ਅਰਬ ਕੈਨੇਡੀਅਨ ਡਾਲਰ (2.35 ਅਰਬ ਅਮਰੀਕੀ ਡਾਲਰ) ਦਾ ਨੁਕਸਾਨ ਹੋਇਆ।ਇਸ ਦੀ ਬਜਾਏ ਕੈਨੇਡੀਅਨਾਂ ਨੇ ਇਹ ਪੈਸਾ ਵਿਦੇਸ਼ਾਂ ਵਿੱਚ ਜਾਂ ਆਪਣੇ ਹੀ ਦੇਸ਼ ਦੀ ਸੈਰ-ਸਪਾਟੇ 'ਤੇ ਖਰਚ ਕਰਨ ਦੀ ਚੋਣ ਕੀਤੀ।

ਇਸ ਵਿੱਤੀ ਘਾਟ ਦਾ ਅਸਰ ਕਈ ਅਮਰੀਕੀ ਸ਼ਹਿਰਾਂ ਅਤੇ ਸੂਬਿਆਂ 'ਤੇ ਪਿਆ ਹੈ।ਉਨ੍ਹਾਂ ਨੇ ਕੈਨੇਡੀਅਨਾਂ ਨੂੰ ਵਾਪਸ ਸੱਦਣ ਲਈ ਨਿਸ਼ਾਨਾਬੱਧ ਇਸ਼ਤਿਹਾਰਾਂ ਅਤੇ ਵਿਸ਼ੇਸ਼ ਪੇਸ਼ਕਸ਼ਾਂ ਦਾ ਸਹਾਰਾ ਲਿਆ ਹੈ।

ਲਾਈ ਵਿੱਚ ਨਿਊਯਾਰਕ ਸਿਟੀ ਦੇ ਸੈਰ-ਸਪਾਟਾ ਬੋਰਡ ਨੇ ਕਿਹਾ ਕਿ ਉਹ ਕੈਨੇਡੀਅਨ ਸੈਲਾਨੀਆਂ ਨੂੰ ਬ੍ਰੌਡਵੇਅ ਦੀਆਂ ਟਿਕਟਾਂ ਅਤੇ ਹੋਟਲ ਦੇ ਕਮਰੇ 30 ਫ਼ੀਸਦੀ ਛੋਟ 'ਤੇ ਦੇਵੇਗਾ।

ਕੁਝ ਕੈਨੇਡੀਅਨਾਂ ਨਾਲ ਇਹ ਜਾਣਨ ਲਈ ਗੱਲ ਕੀਤੀ ਕਿ ਉਨ੍ਹਾਂ ਨੇ ਅਮਰੀਕਾ ਤੋਂ ਦੂਰ ਰਹਿਣ ਦੀ ਚੋਣ ਕਿਉਂ ਕੀਤੀ, ਇਸ ਦੀ ਬਜਾਏ ਉਹ ਕਿੱਥੇ ਗਏ ਅਤੇ ਉਨ੍ਹਾਂ ਨੂੰ ਵਾਪਸ ਅਮਰੀਕਾ ਜਾਣ ਲਈ ਕੀ ਕੁਝ ਕਰਨਾ ਪਵੇਗਾ। ਹਰ ਕੋਈ ਸਿਰਫ਼ ਟਰੰਪ ਵੱਲੋਂ ਕੈਨੇਡਾ ਨਾਲ ਕੀਤੇ ਜਾ ਰਹੇ ਵਰਤਾਅ ਕਾਰਨ ਹੀ ਅਮਰੀਕਾ ਤੋਂ ਦੂਰ ਨਹੀਂ ਹੋ ਰਿਹਾ। ਕੁਝ ਲੋਕਾਂ ਨੇ ਕਿਹਾ ਕਿ ਕੈਨੇਡੀਅਨ ਡਾਲਰ ਦੀ ਡਿੱਗਦੀ ਕੀਮਤ ਨੇ ਵੀ ਅਮਰੀਕਾ ਨੂੰ ਘੱਟ ਕਿਫ਼ਾਇਤੀ ਬਣਾ ਦਿੱਤਾ ਹੈ। ਪਰ ਕਈ ਕੈਨੇਡੀਅਨਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਉਨ੍ਹਾਂ ਦੇ ਦੇਸ਼ ਦੇ ਅਮਰੀਕਾ ਨਾਲ ਸਬੰਧ ਟੁੱਟਣ ਦੀ ਹੱਦ ਤੱਕ ਪਹੁੰਚ ਗਏ ਹਨ ਅਤੇ ਜੇਕਰ ਉਹ ਮੁੜ ਅਮਰੀਕਾ ਜਾਣ ਵੀ ਤਾਂ ਇਸ ਲਈ ਬਹੁਤ ਕੁਝ ਬਦਲਣਾ ਪਵੇਗਾ।

**ਕੈਲੀਫੋਰਨੀਆ ਦੀ ਥਾਂ ਮੋਰੱਕੋ ਦੇ ਸ਼ਹਿਰਾਂ ਦੀ ਸੈਰ**

ਨਿਕ ਸਮਿਥ ਕਦੇ ਵੀ ਟਰੰਪ ਦੇ ਪ੍ਰਸ਼ੰਸਕ ਨਹੀਂ ਰਹੇ। ਵੈਨਕੂਵਰ ਦੇ ਇਸ ਸੇਵਾਮੁਕਤ ਵਿਅਕਤੀ ਨੇ 2016 ਵਿੱਚ ਡੌਨਲਡ ਟਰੰਪ ਦੇ ਪਹਿਲੀ ਵਾਰ ਰਾਸ਼ਟਰਪਤੀ ਚੁਣੇ ਜਾਣ ਤੋਂ ਬਾਅਦ ਆਪਣੇ ਬੱਚਿਆਂ ਨਾਲ ਸਿਆਟਲ ਅਤੇ ਅਮਰੀਕਾ ਦੇ ਪ੍ਰਮੁੱਖ ਕੌਮੀ ਪਾਰਕਾਂ ਲਈ ਸੜਕ ਯਾਤਰਾਵਾਂ 'ਤੇ ਜਾਣਾ ਬੰਦ ਕਰ ਦਿੱਤਾ ਸੀ। ਉਨ੍ਹਾਂ ਦੱਸਿਆ ਕਿ ਜੋਅ ਬਾਇਡਨ ਦੇ ਸੱਤਾ ਸੰਭਾਲਣ ਤੋਂ ਬਾਅਦ ਉਨ੍ਹਾਂ ਨੇ ਮੁੜ ਸਰਹੱਦ ਦੇ ਦੱਖਣ ਵੱਲ ਯਾਤਰਾਵਾਂ ਸ਼ੁਰੂ ਕਰ ਦਿੱਤੀਆਂ ਸਨ, ਪਰ ਹੁਣ ਉਹ ਮੁੜ ਅਮਰੀਕਾ ਜਾਣ ਤੋਂ ਬਚ ਰਹੇ ਹਨ, ਖ਼ਾਸ ਕਰਕੇ ਇਸ ਲਈ ਵੀ ਕਿਉਂਕਿ ਉਨ੍ਹਾਂ ਨੇ ਆਪਣੇ ਕਈ ਸਾਥੀ ਕੈਨੇਡੀਅਨਾਂ ਨੂੰ ਵੀ ਬਾਈਕਾਟ ਕਰਦੇ ਦੇਖਿਆ ਹੈ।ਉਨ੍ਹਾਂ ਕਿਹਾ, ਹੁਣ ਅਸੀਂ ਇਸ ਬਾਰੇ ਸੋਚ ਵੀ ਨਹੀਂ ਰਹੇ। ਸਮਿਥ ਨੇ ਹੋਰ ਮੰਜ਼ਿਲਾਂ 'ਤੇ ਜਾਣ ਲਈ ਅਮਰੀਕੀ ਸ਼ਹਿਰਾਂ ਰਾਹੀਂ ਕਨੈਕਟਿੰਗ ਉਡਾਣਾਂ ਲੈਣ ਤੋਂ ਵੀ ਪਰਹੇਜ਼ ਕੀਤਾ ਹੈ। ਪਿਛਲੀ ਪਤਝੜ ਵਿੱਚ ਉਹ ਆਪਣੇ ਦੋਸਤਾਂ ਨਾਲ ਮੈਕਸੀਕੋ ਸਿਟੀ ਗਏ ਅਤੇ ਇਸ ਦੀ ਬਜਾਏ ਵੈਨਕੂਵਰ ਤੋਂ ਸਿੱਧੀ ਉਡਾਣ ਲੈਣ ਦੀ ਚੋਣ ਕੀਤੀ। ਇਸ ਸਾਲ ਦੇ ਸ਼ੁਰੂ ਵਿੱਚ, ਉਹ ਅਤੇ ਉਨ੍ਹਾਂ ਦੀ ਪਤਨੀ ਸਿਲਵੀਆ ਪਹਿਲੀ ਵਾਰ ਮੋਰੱਕੋ ਗਏ।ਉਨ੍ਹਾਂ ਨੇ ਮਾਰਾਕੇਸ਼, ਫੇਜ਼ ਅਤੇ ਐਸਾਓਈਰਾ ਵਰਗੇ ਸ਼ਹਿਰਾਂ ਦੀ ਯਾਤਰਾ ਕੀਤੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਸਭ ਤੋਂ ਪਸੰਦੀਦਾ ਪਲਾਂ ਵਿੱਚੋਂ ਇੱਕ ਰਮਜ਼ਾਨ ਦੇ ਮਹੀਨੇ ਦੌਰਾਨ ਇਸ ਮੁਸਲਿਮ ਦੇਸ਼ ਦਾ ਤਜਰਬਾ ਕਰਨਾ ਸੀ।

ਸਮਿਥ ਨੇ ਕਿਹਾ, ÷ਉੱਥੇ ਹੋਣਾ ਵਾਕਈ ਕਾਫ਼ੀ ਦਿਲਚਸਪ ਸਮਾਂ ਸੀ ਅਤੇ ਇਹ ਅਹਿਸਾਸ ਹੋਇਆ ਕਿ ਮੋਰੱਕੋ ਦੇ ਲੋਕਾਂ ਲਈ ਧਰਮ ਕਿੰਨਾ ਮਹੱਤਵਪੂਰਨ ਹੈ ਅਤੇ ਉਹ ਰੋਜ਼ਾ ਰੱਖਣ ਦੀ ਰਵਾਇਤ ਨੂੰ ਕਿੰਨੀ ਗੰਭੀਰਤਾ ਨਾਲ ਲੈਂਦੇ ਹਨ।ਕੈਨੇਡਾ ਵਿੱਚ ਸਾਡੇ ਕੋਲ ਇਸ ਤਰ੍ਹਾਂ ਦੀ ਕੋਈ ਚੀਜ਼ ਨਹੀਂ ਹੈ।ਜਦੋਂ ਸਮਿਥ ਨੂੰ ਪੁੱਛਿਆ ਗਿਆ ਕਿ ਜੇਕਰ ਟਰੰਪ ਵ ?ਹਾਈਟ ਹਾਊਸ ਛੱਡ ਦਿੰਦੇ ਹਨ ਤਾਂ ਕੀ ਉਹ ਮੁੜ ਅਮਰੀਕਾ ਜਾਣਗੇ, ਤਾਂ ਉਨ੍ਹਾਂ ਕਿਹਾ, ÷ਇਸ ਲਈ ਸਿਰਫ਼ ਇੰਨਾ ਹੀ ਕਾਫ਼ੀ ਨਹੀਂ ਹੋਵੇਗਾ।ਉਨ੍ਹਾਂ ਕਿਹਾ, ÷ਮੈਨੂੰ ਕੈਨੇਡਾ ਨਾਲ ਸੁਲ੍ਹਾ-ਸਫ਼ਾਈ ਦੀ ਕੁਝ ਝਲਕ ਦੇਖਣੀ ਪਵੇਗੀ... ਅਜਿਹੀਆਂ ਕਾਰਵਾਈਆਂ, ਜੋ ਇਹ ਦਿਖਾਉਣ ਕਿ ਦੋਵਾਂ ਦੇਸ਼ਾਂ ਦੇ ਦੋਸਤਾਨਾ ਸਬੰਧ ਮੁੜ ਬਹਾਲ ਹੋ ਰਹੇ ਹਨ।

**ਆਖ਼ਰਕਾਰ ਪੂਰੀ ਹੋਈ ਮਨਪਸੰਦ ਸੈਰ ਦੀ ਇੱਛਾ**

ਕ੍ਰਿਸਟੀ ਮਿਚੇਲ ਆਪਣੀ ਜ਼ਿੰਦਗੀ ਵਿੱਚ ਅਣਗਿਣਤ ਵਾਰ ਅਮਰੀਕਾ ਦੀ ਯਾਤਰਾ ਕਰ ਚੁੱਕੀ ਹੈ।ਉਹ ਕੌਮੀ ਪਾਰਕਾਂ ਵਿੱਚ ਪੈਦਲ ਸੈਰ ਕਰ ਚੁੱਕੇ ਹਨ, ਅਮਰੀਕੀ ਫੁੱਟਬਾਲ ਦੇ ਮੈਚ ਦੇਖ ਚੁੱਕੇ ਹਨ ਅਤੇ ਇੱਕ ਆਰਵੀ (ਮੋਟਰਹੋਮ) ਰਾਹੀਂ ਕਈ ਸੂਬਿਆਂ ਵਿੱਚੋਂ ਹੁੰਦੀ ਹੋਈ ਫਲੋਰੀਡਾ ਤੱਕ ਵੀ ਗਈ ਹੈ। ਬ੍ਰਿਟਿਸ਼ ਕੋਲੰਬੀਆ ਦੇ ਪਾਵੇਲ ਰਿਵਰ ਕਸਬੇ ਦੀ ਰਹਿਣ ਵਾਲੀ 50 ਸਾਲਾ ਦੋ ਬੱਚਿਆਂ ਦੀ ਮਾਂ ਨੂੰ ਉਹ ਸਮਾਂ ਵੀ ਯਾਦ ਹੈ, ਜਦੋਂ ਸਰਹੱਦ ਪਾਰ ਕਰਨ ਲਈ ਪਾਸਪੋਰਟ ਦੀ ਲੋੜ ਨਹੀਂ ਹੁੰਦੀ ਸੀ।ਉਨ੍ਹਾਂ ਕਿਹਾ, ÷ਮੈਂ ਉਸ ਪੀੜ੍ਹੀ ਨਾਲ ਸਬੰਧਤ ਹਾਂ, ਜਦੋਂ ਮੈਨੂੰ ਲੱਗਦਾ ਸੀ ਕਿ (ਕੈਨੇਡਾ ਅਤੇ ਅਮਰੀਕਾ) ਇੱਕ ਹੀ ਵੱਡਾ ਦੇਸ਼ ਹਨ।ਮੈਨੂੰ ਹਮੇਸ਼ਾ ਇੰਝ ਲੱਗਦਾ ਸੀ ਕਿ ਮੇਰਾ ਇੱਥੇ ਸਵਾਗਤ ਹੁੰਦਾ ਹੈ।ਪਰ ਉਨ੍ਹਾਂ ਕਿਹਾ ਕਿ ਮੌਜੂਦਾ ਪ੍ਰਸ਼ਾਸਨ ਹੇਠ ਇਹ ਭਾਵਨਾ ਘੱਟ ਗਈ ਹੈ ਅਤੇ ਉਹ ਆਪਣੀ ਖਰੀਦਦਾਰੀ ਰਾਹੀਂ ਇਸ ਪ੍ਰਸ਼ਾਸਨ ਦਾ ਸਮਰਥਨ ਨਹੀਂ ਕਰਨਾ ਚਾਹੁੰਦੀ।ਉਨ੍ਹਾਂ ਕਿਹਾ, ÷ਇਸ ਨਾਲ ਮੇਰਾ ਦਿਲ ਟੁੱਟ ਗਿਆ, ਕਿਉਂਕਿ ਮੈਂ ਅਮਰੀਕੀਆਂ ਨੂੰ ਪਿਆਰ ਕਰਦੀ ਹਾਂ ਅਤੇ ਮੈਨੂੰ ਅਮਰੀਕਾ ਨਾਲ ਪਿਆਰ ਹੈ।

## ਟੈਕਸਸ ਦੀ ਥਾਂ ਐਟਲਾਂਟਿਕ ਕੈਨੇਡਾ

ਜਦੋਂ ਕੈਂਟ ਟਰਸਕੌਟ ਅਤੇ ਉਨ੍ਹਾਂ ਦੀ ਪਤਨੀ ਨੇ ਐਟਲਾਂਟਿਕ ਕੈਨੇਡਾ ਵਿੱਚ ਛੁੱਟੀਆਂ ਮਨਾਉਣ ਦਾ ਫ਼ੈਸਲਾ ਕੀਤਾ ਤਾਂ ਉਨ੍ਹਾਂ ਨੇ ਆਪਣੇ ਹੀ ਦੇਸ਼ ਨੂੰ ਜਾਣਨ ਦੇ ਵਿਚਾਰ ਨੂੰ ਖੁੱਲ੍ਹ ਕੇ ਅਪਣਾਇਆ।ਉਨ੍ਹਾਂ ਨੇ ਇੱਕ ਵਾਹਨ ਕਿਰਾਏ 'ਤੇ ਲਿਆ, ਖ਼ੂਬਸੂਰਤ ਕੈਬਟ ਟ ?ਰੇਲ 'ਤੇ ਪੈਦਲ ਸਫ਼ਰ ਕੀਤਾ ਅਤੇ ਐਟਲਾਂਟਿਕ ਮਹਾਂਸਾਗਰ ਦੇ ਕੰਢੇ ਸਥਿਤ ਇੱਕ ਅਜਿਹੇ ਰਿਜ਼ੌਰਟ ਵਿੱਚ ਠਹਿਰੇ, ਜਿਸ ਨੂੰ ਪੂਰੀ ਤਰ੍ਹਾਂ ਔਰਤਾਂ ਚਲਾਉਂਦੀਆਂ ਹਨ।ਉਨ੍ਹਾਂ ਨੇ ਯਾਦ ਕਰਦਿਆਂ ਕਿਹਾ, ÷ਮੈਂ ਆਪਣੀ ਜ਼ਿੰਦਗੀ ਦਾ ਸਭ ਤੋਂ ਵਧੀਆ ਹਾਲੀਬੁਟ (ਖ਼ਾਸ ਕਿਸਮ ਦੀ ਸਮੁੰਦਰੀ ਮੱਛੀ) ਡਿਨਰ ਕੀਤਾ, ਜਿਸ ਨੂੰ ਉਸੇ ਸਵੇਰ ਖਾੜੀ ਵਿੱਚੋਂ ਕਿਸੇ ਨੇ ਫੜਿਆ ਸੀ।÷ ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੂੰ ਨਹੀਂ ਪਤਾ ਕਿ ਉਹ ਮੁੜ ਅਮਰੀਕਾ ਕਦੋਂ ਜਾਣਗੇ।ਟਰਸਕੌਟ ਨੇ ਕਿਹਾ, ÷ਇੱਕ ਬੁਨਿਆਦੀ ਪਾੜਾ ਪੈ ਗਿਆ ਹੈ।÷ ਉਨ੍ਹਾਂ ਨੇ ਪਰਵਾਸ ਵਿਰੋਧੀ ਛਾਪਿਆਂ ਅਤੇ ਟਰੰਪ ਦੀਆਂ ਹੋਰ ਨੀਤੀਆਂ ਦਾ ਜ਼ਿਕਰ ਕੀਤਾ, ਜਿਨ੍ਹਾਂ ਨਾਲ ਉਹ ਸਹਿਮਤ ਨਹੀਂ ਹਨ।ਇਸ ਦੇ ਨਾਲ ਹੀ ਉਨ੍ਹਾਂ ਨੇ ਕੈਨੇਡਾ ਵਿਰੁੱਧ ਰਾਸ਼ਟਰਪਤੀ ਦੀ ਬਿਆਨਬਾਜ਼ੀ ਅਤੇ ਕਾਰਵਾਈਆਂ ਦਾ ਵੀ ਹਵਾਲਾ ਦਿੱਤਾ।ਉਨ੍ਹਾਂ ਨੇ ਕਿਹਾ, ÷ਮੈਂ ਚਾਹਾ ਤਾਂ ਇਹ ਉਮੀਦ ਕਰ ਸਕਦਾ ਹਾਂ ਕਿ ਡੌਨਲਡ ਟਰੰਪ ਦੇ ਰਾਸ਼ਟਰਪਤੀ ਦੇ ਅਹੁਦੇ ਤੋਂ ਹਟਣ ਤੋਂ ਬਾਅਦ ਸਭ ਕੁਝ ਪਹਿਲਾਂ ਵਾਂਗ ਆਮ ਹੋ ਜਾਵੇਗਾ। ਪਰ ਸਮੱਸਿਆ ਇਹ ਹੈ ਕਿ ਅਮਰੀਕਾ ਵਿੱਚ 7 ਕਰੋੜ ਲੋਕਾਂ ਨੇ ਟਰੰਪ ਅਤੇ ਉਨ੍ਹਾਂ ਦੀਆਂ ਨੀਤੀਆਂ ਦੇ ਹੱਕ ਵਿੱਚ ਵੋਟ ਪਾਈ ਹੈ।÷

# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 367

Website: www.preetnama.com Email preetnamausa@gmail.com

21 AUGUST TO 27 AUGUST, 2026


# ਸੁਖਬੀਰ ਬਾਦਲ ’ਤੇ ਹਮਲਾ, ਸੱਤਾ ਤੋਂ ਲਾਂਭੇ ਹੋਣ ਦੇ ਇੰਨੇ ਸਾਲਾਂ ਬਾਅਦ ਵੀ ਉਨ੍ਹਾਂ ਪ੍ਰਤੀ ਇੰਨੀ ਨਾਰਾਜ਼ਗੀ ਕਿਉਂ ਹੈ





ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ’ਤੇ ਨਾਂਦੇੜ ਵਿੱਚ ਹਮਲਾ ਹੋਣ ਮਗਰੋਂ ਉਹ ਜ਼ਖ਼ਮੀ ਹੋ ਗਏ, ਇਸ ਤੋਂ ਪਹਿਲਾਂ ਵੀ ਦਸੰਬਰ 2024 ਨੂੰ ਸ੍ਰੀ ਦਰਬਾਰ ਸਾਹਿਬ ਦੇ ਬਾਹਰ ਉਨ੍ਹਾਂ ਉੱਤੇ ਹਮਲੇ ਦੀ ਕੋਸ਼ਿਸ਼ ਹੋਈ ਸੀ। ਪੰਜਾਬ ਦੇ ਉਪ ਮੁੱਖ ਮੰਤਰੀ ਰਹਿ ਚੁੱਕੇ ਸੁਖਬੀਰ ਸਿੰਘ ਬਾਦਲ ਦੀ ਪਾਰਟੀ 10 ਸਾਲ ਰਾਜ ਕਰਨ ਤੋਂ ਬਾਅਦ ਹੁਣ 9 ਸਾਲਾਂ ਤੋਂ ਸੱਤਾ ਤੋਂ ਬਾਹਰ ਹੈ। ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਦੇ 3 ਵਿਧਾਇਕ ਹੀ ਚੁਣੇ ਗਏ ਸਨ ਇਨ੍ਹਾਂ ਵਿੱਚੋਂ ਵੀ 2 ਹੁਣ ਉਨ੍ਹਾਂ ਨਾਲ ਨਹੀਂ ਹਨ। 2015 ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੀ ਬਰਗਾੜੀ ਵਿੱਚ ਬੇਅਦਬੀ ਅਤੇ ਬਹਿਬਲ ਕਲਾਂ ਵਿੱਚ ਹੋਈ ਗੋਲੀਬਾਰੀ ਦੇ ਨਾਲ-ਨਾਲ, ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਮੁਆਫ਼ੀ ਦਿੱਤੇ ਜਾਣ ਦੇ ਨਾਲ-ਨਾਲ ਹੋਰ ਮੁੱਦਿਆਂ ’ਤੇ ਸੁਖਬੀਰ ਸਿੰਘ ਬਾਦਲ ਨੂੰ ਵਿਰੋਧ ਦਾ ਸਾਹਮਣਾ ਕਰਨਾ ਪੈਂਦਾ ਰਿਹਾ ਹੈ। ਮੁੱਖ ਧਾਰਾ ਦੀਆਂ ਸਿਆਸੀ ਪਾਰਟੀਆਂ ਦੇ ਨਾਲ-ਨਾਲ ਵਿਰੋਧ ਕਰਨ ਵਾਲੇ ਹਲਕਿਆਂ ਵਿੱਚ ਪੰਥਕ ਅਤੇ ਗਰਮ-ਖ਼ ?ਆਲੀ ਧਿਰਾਂ ਨਾਲ ਜੁੜੇ ਲੋਕਾਂ ਦੀ ਵੱਧ ਭੂਮਿਕਾ ਰਹੀ ਹੈ ਸੁਖਬੀਰ ਬਾਦਲ ਨੇ ਹਮਲੇ ਤੋਂ ਇੱਕ ਦਿਨ ਬਾਅਦ ਕਿਹਾ, ÷ਉਨ੍ਹਾਂ(ਹਮਲਾ ਕਰਨ ਵਾਲੇ ਤੱਤਾਂ) ਦਾ ਮਿਸ਼ਨ ਪੰਜਾਬ ਵਿੱਚ ਹਾਲਾਤ ਨੂੰ ਆਪਣੇ ਹੱਥ ਵਿੱਚ ਲੈਣਾ ਅਤੇ ਪੰਜਾਬ ਦੀ ਸ਼ਾਂਤੀ ਵਿੱਚ ਵਿਘਨ ਪਾਉਣਾ ਹੈ, ਅਕਾਲੀ ਦਲ ਦੇ ਪ੍ਰਧਾਨ ਵਜੋਂ ਮੈਂ ਇਹ ਕਦੇ ਨਹੀਂ ਹੋਣ ਦੇਵਾਂਗਾ। ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀ ਭਾਈਚਾਰਕ ਸਾਂਝ ਲਈ ਵਚਨਬੱਧ ਹੈ। ਸ਼ ?ਰੋਮਣੀ ਅਕਾਲੀ ਦਲ ਹਰ ਕੁਰਬਾਨੀ ਦੇ ਸਕਦਾ ਹੈ ਪਰ ਸਾਡੇ ਵਾਸਤੇ ਪੰਜਾਬ ਦੀ ਤਰੱਕੀ ਤੇ ਦੇਸ਼ ਦੀ ਤਰੱਕੀ ਇੱਕ ਨੰਬਰ ਉੱਤੇ ਹੈ।÷ ਸੱਤਾ ਤੋਂ ਬਾਹਰ ਹੋਣ ਦੇ ਇੰਨੇ ਸਾਲਾਂ ਬਾਅਦ ਅਤੇ ਸਿਆਸੀ ਪੱਧਰ ਉੱਤੇ ਪਿੱਛੜਨ ਤੋਂ ਬਾਅਦ ਵੀ ਸੁਖਬੀਰ ਬਾਦਲ ਨੂੰ ਇੰਨੇ ਤਿੱਖੇ ਵਿਰੋਧ ਦਾ ਸਾਹਮਣਾ ਕਿਉਂ ਕਰਨਾ ਪੈਂ ਰਿਹਾ ਹੈ? ਇਸ ਨਾਲ ਜੁੜੇ ਸਵਾਲਾਂ ਬਾਰੇ ਅਸੀਂ ਮਾਹਰਾਂ ਨਾਲ ਗੱਲ ਕੀਤੀ।

**ਨਿਘਾਰ ਤੋਂ ਬਾਅਦ ਵੀ ਸੁਖਬੀਰ ਸਿਆਸਤ ਵਿੱਚ ’ਅਹਿਮ’ ਕਿਉਂ ਹਨ?**

ਵਿਧਾਨ ਸਭਾ ਵਿੱਚ ਸੀਟਾਂ ਦੇ ਪੱਖੋਂ ਵੱਡਾ ਨਿਘਾਰ ਸਹਿਣ ਤੋਂ ਬਾਅਦ ਵੀ ਬਤੌਰ ਸ਼ ?ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਸਿਆਸਤ ਵਿੱਚ ਕਿਵੇਂ ’ਰੈਲੇਵੈਂਟ’ ਬਣੇ ਹੋਏ ਹਨ? ਪ੍ਰੋਫ਼ੈਸਰ ਆਸ਼ੂਤੋਸ਼ ਇਸ ਦੇ ਜਵਾਬ ਵਿੱਚ ਕਹਿੰਦੇ ਹਨ, ÷ਸੁਖਬੀਰ ਬਾਦਲ ਦੀ ਸਿਆਸੀ ਅਹਿਮੀਅਤ ਦਾ ਸਿਹਰਾ ਉਨ੍ਹਾਂ ਦੇ ਪਿਤਾ ਨੂੰ ਜਾਂਦਾ ਹੈ। ਉਹ ਦੱਸਦੇ ਹਨ ਕਿ ਗੁਰਦੁਆਰਾ ਸੁਧਾਰ ਲਹਿਰ ਵਰਗੀਆਂ ਲਹਿਰਾਂ ਵਿੱਚੋਂ ਨਿਕਲੀ ਪਾਰਟੀ ਸਿੱਖਾਂ ਦੀ ਨੁਮਾਇੰਦਾ ਜਮਾਤ ਵਜੋਂ ਸਾਹਮਣੇ ਆਈ ਜੋ ਸ੍ਰੀ ਅਕਾਲ ਤਖ਼ਤ ਅਤੇ ਸ਼ ?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਰਲਕੇ ਇੱਕ ਅਹਿਮ ਭੂਮਿਕਾ ਨਿਭਾਉਂਦੀ ਆਈ ਹੈ। ਉਹ ਕਹਿੰਦੇ ਹਨ, ÷ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿੱਚ ਸ਼ ?ਰੋਮਣੀ ਅਕਾਲੀ ਦਲ ਇੱਕ ਪਰਿਵਾਰ ਦੀ ਪਾਰਟੀ ਬਣ ਗਿਆ, ਸ਼ ?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲ ਤਖ਼ਤ ਦੀ ਖ਼ੁਦਮੁਖ਼ਤਿਆਰੀ ਨੂੰ ਢਾਹ ਲੱਗੀ। ਕਿਉਂਕਿ ਸੁਖਬੀਰ ਬਾਦਲ ਆਪਣੇ ਪਿਤਾ ਜਿੰਨੀ ਸਿਆਸੀ ਮੁਹਾਰਤ ਨਹੀਂ ਰੱਖਦੇ ਅਤੇ ਨਾ ਹੀ ਉਨ੍ਹਾਂ ਦਾ ਲੋਕਾਂ ਵਿੱਚ ਓਨਾ ਚੰਗਾ ਅਧਾਰ ਹੈ ਇਸ ਲਈ ਸੁਖਬੀਰ ਬਾਦਲ ਦੀ ਇੱਕ ਲੀਡਰ ਵਜੋਂ ਵੀ ਓਨੀ ਪ੍ਰਵਾਨਗੀ ਨਹੀਂ ਹੈ। ਉਹ ਅੱਗੇ ਕਹਿੰਦੇ ਹਨ ਕਿ ਸਿੱਖਾਂ ਵਰਗੀ ਘਟਗਿਣਤੀ ਨੂੰ ਇੱਕ ਲੀਡਰਸ਼ਿਪ ਦੀ ਲੋੜ ਮਹਿਸੂਸ ਹੁੰਦੀ ਹੈ, ਬੇਅਦਬੀ ਅਤੇ ਡੇਰਾ ਮੁਖੀ ਨੂੰ ਮੁਆਫ਼ੀ ਦਿੱਤੇ ਜਾਣ ਦੀਆਂ ਘਟਨਾਵਾਂ ਨੇ ਉਸ ਭਰੋਸੇ ਨੂੰ ਨੁਕਸਾਨ ਪਹੁੰਚਾਇਆ ਜੋ ਸ਼ ?ਰੋਮਣੀ ਅਕਾਲੀ ਦਲ ਵਿੱਚ ਲੋਕਾਂ ਨੂੰ ਸੀ।

ਸੁਖਬੀਰ ਬਾਦਲ ਨੇ ਅਕਾਲੀ ਦਲ ਦਾ ਆਧਾਰ ਵੱਡਾ ਕਰਨ ਦੀ ਕੋਸ਼ਿਸ਼ ਕੀਤੀ ਅਤੇ ਆਪਣੇ ਆਪ ਨੂੰ ’ਬਿਜ਼ਨਸ ਓਰੀਐਂਟਿਡ’ ਤੇ ਅਗਾਂਹਵਧੂ ਲੀਡਰ ਵਜੋਂ ਪੇਸ਼ ਕੀਤਾ, ਇਹ ਅਕਾਲੀ ਲੀਡਰ ਦੀ ਇਮੇਜ ਨਹੀਂ ਰਹੀ। ਆਸ਼ੂਤੋਸ਼ ਕਹਿੰਦੇ ਹਨ ਕਿ ਪ੍ਰਕਾਸ਼ ਸਿੰਘ ਬਾਦਲ ਹਾਲਾਂਕਿ ਪੰਜਾਬ ਵਿੱਚ ਹਿੰਦੂ-ਸਿੱਖ ਏਕਤਾ ਨੂੰ ਏਜੰਡੇ ਉੱਤੇ ਲਿਆਉਣ ਵਿੱਚ ਸਫ਼ਲ ਰਹੇ ਪਰ ਉਨ੍ਹਾਂ ਦੇ ਸਮੇਂ ਦੌਰਾਨ ਸਿੱਖ ਸਿਆਸਤ ਵਿੱਚ ਹੋਈਆਂ ਤਬਦੀਲੀਆਂ ਪ੍ਰਤੀ ਨਾਰਾਜ਼ਗੀ ਦਾ ਪਾਤਰ ਵੀ ਸੁਖਬੀਰ ਬਾਦਲ ਹੀ ਬਣਦੇ ਹਨ।

**ਅਕਾਲ ਤਖ਼ਤ ਵੱਲੋਂ ਤਨਖ਼ਾਹ ਲਾਏ ਜਾਣਾ**

2 ਦਸੰਬਰ 2024 ਨੂੰ ਸੁਖਬੀਰ ਬਾਦਲ ਅਤੇ ਹੋਰ ਅਕਾਲੀ ਆਗੂਆਂ ਨੂੰ ਸਾਲ 2007 ਤੋਂ 2017 ਤੱਕ ਪਾਰਟੀ ਦੀ ਸੱਤਾ ਦੌਰਾਨ ਹੋਈਆਂ ’ਗਲਤੀਆਂ’ ਦੀ ਧਾਰਮਿਕ ਸਜ਼ਾ ਸੁਣਾਈ ਗਈ ਸੀ। ਇਨ੍ਹਾਂ ਗਲਤੀਆਂ ਵਿੱਚ ਬੇਅਦਬੀ ਅਤੇ ਗੋਲੀਬਾਰੀ ਦੀ ਘਟਨਾ ਵੀ ਸ਼ਾਮਲ ਸੀ। ਇਸਦੇ ਨਾਲ ਹੀ ਅਕਾਲ ਤਖ਼ਤ ਵੱਲੋਂ ਅਕਾਲੀ ਲੀਡਰਸ਼ਿਪ ਨੂੰ ਧੜ੍ਹੇਬਾਜ਼ੀ ਤੋਂ ਉੱਪਰ ਉੱਠ ਕੇ ਅਕਾਲੀ ਦਲ ਵਿੱਚ ਸੁਧਾਰਾਂ ਦੀ ਗੱਲ ਕਹੀ ਗਈ ਸੀ। ਸੁਖਬੀਰ ਸਿੰਘ ਬਾਦਲ ਨੇ 6 ਜਨਵਰੀ 2025 ਨੂੰ ਮੁਕਤਸਰ ਸਾਹਿਬ ਵਿੱਚ ਪਾਰਟੀ ਸਮਰਥਕਾਂ ਨੂੰ ਸੰਬੋਧਨ ਕਰਦਿਆਂ ਮੁੜ ਦਾਅਵਾ ਕੀਤਾ ਕਿ ਉਹ 2015 ਵਿੱਚ ਹੋਈ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਮੌਕੇ ਪੰਜਾਬ ਵਿੱਚ ਨਹੀਂ ਸਨ। ਸੁਖਬੀਰ ਬਾਦਲ ਨੇ ਕਿਹਾ, ÷ਇਨ੍ਹਾਂ ਨੇ ਬੇਅਦਬੀ ਦੀ ਗੱਲ ਕੀਤੀ, ਅਕਾਲੀ ਦਲ ਗੁਰੂ ਘਰ ਦੀ ਸੇਵਾ ਕਰਨ ਵਾਲੀ ਪਾਰਟੀ ਹੈ। ਲੋਕ ਸਿਆਸਤ ਖੇਡੀ ਗਏ, ਪਰ ਮੈਂ ਫ਼ੈਸਲਾ ਕਰ ਲਿਆ ਸੀ ਕਿ ਮੈਂ ਸਾਰਾ ਕੁਝ ਆਪਣੀ ਝੋਲੀ ਪਵਾ ਲੈਣਾ, ਮੈਂ ਹੈ ਹੀ ਨਹੀਂ ਸੀ।÷

## ਸੁਖਬੀਰ ਸਿੰਘ ਬਾਦਲ ਪ੍ਰਤੀ ‘ਗੁੱਸੇ’ ਦੇ ਕੀ ਕਾਰਨ?

ਸੁਖਬੀਰ ਸਿੰਘ ਬਾਦਲ ਪ੍ਰਤੀ ਕੁਝ ਸਿੱਖ ਹਲਕਿਆਂ ਵਿੱਚ ਨਾਰਾਜ਼ਗੀ ਦੇ ਕੀ ਕਾਰਨ ਹਨ ਇਸ ਬਾਰੇ ਮਾਹਰਾਂ ਦੀ ਵੱਖੋ-ਵੱਖਰੀ ਰਾਇ ਹੈ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਰਾਜਨੀਤੀ ਸ਼ਾਸਤਰ ਦੇ ਪ੍ਰੋਫ਼ੈਸਰ ਆਸ਼ੂਤੋਸ਼ ਕੁਮਾਰ ਕਹਿੰਦੇ ਹਨ ਕਿ ਬੇਸ਼ੱਕ ਸੁਖਬੀਰ ਬਾਦਲ ਪ੍ਰਤੀ ਸਿਆਸੀ ਨਾਰਾਜ਼ਗੀ ਜਾਂ ’ਗੁੱਸਾ’ ਕੁਝ ਲੋਕਾਂ ਵਿੱਚ ਹੋ ਸਕਦਾ ਹੈ ਪਰ ਇੱਕ ਜਾਂ ਦੋ ਜਣਿਆਂ ਦੀਆਂ ਕਾਰਵਾਈਆਂ ਨੂੰ ਸਾਰੇ ਭਾਈਚਾਰੇ ਨਾਲ ਜੋੜ ਕੇ ਨਹੀਂ ਵੇਖਣਾ ਚਾਹੀਦਾ। ਉੱਥੇ ਹੀ ਸੀਨੀਅਰ ਪੱਤਰਕਾਰ ਜਸਪਾਲ ਸਿੰਘ ਸਿੱਧੂ ਮੰਨਦੇ ਹਨ ਬੇਅਦਬੀ ਦੀਆਂ ਘਟਨਾਵਾਂ ਸਣੇ ਹੋਰ ਮੁੱਦਿਆਂ ਉੱਤੇ ਸੁਖਬੀਰ ਬਾਦਲ ਦੀ ਕਾਰਗੁਜ਼ਾਰੀ ਉਨ੍ਹਾਂ ਪ੍ਰਤੀ ਨਾਰਾਜ਼ਗੀ ਦਾ ਕਾਰਨ ਹੈ। ਉਹ ਕਹਿੰਦੇ ਹਨ, ÷ਬੇਅਦਬੀ ਦੀਆਂ ਘਟਨਾਵਾਂ ਤੋਂ ਬਾਅਦ ਸੁਖਬੀਰ ਬਾਦਲ ਵੱਡੇ ਪੱਧਰ ਉੱਤੇ ਕਈ ਸਿੱਖ ਹਲਕਿਆਂ ਵਿੱਚ ਰੋਸ ਅਤੇ ਗੁੱਸੇ ਦੇ ਪਾਤਰ ਬਣੇ, ਸੋਸ਼ਲ ਮੀਡੀਆ ਉੱਤੇ ਵੀ ਉਨ੍ਹਾਂ ਬਾਰੇ ਇਸ ਤਰ੍ਹਾਂ ਦਾ ਨੈਰੇਟਿਵ ਹੈ ਕਿ ਉਹ ਅਕਾਲ ਤਖ਼ਤ ਉੱਤੇ ਪੇਸ਼ ਹੋਏ ਪਰ ਉੱਥੇ ਕੀਤੀ ਗੱਲ ਨੂੰ ਪੂਰਾ ਨਹੀਂ ਕੀਤਾ। ਉਨ੍ਹਾਂ ਨੇ ਅੱਗੇ ਦੱਸਿਆ ਕਿ ਵੱਖ-ਵੱਖ ਧਿਰਾਂ ਵਿੱਚ ਸ਼ਾਮਲ ਕਈ ਸਿੱਖਾਂ ਨੂੰ ਇਹ ਲੱਗਦਾ ਹੈ ਕਿ ਸਿੱਖ ਰਾਜਨੀਤੀ ਦੀ ਮੌਜੂਦਾ ਸਥਿਤੀ ਦਾ ਕਾਰਨ ਸੁਖਬੀਰ ਸਿੰਘ ਬਾਦਲ ਹਨ ਤੇ ਪਿਛਲੇ ਸਾਲਾਂ ਵਿੱਚ ਉਨ੍ਹਾਂ ਵੱਲੋਂ ਸਿੱਖ ਭਾਵਨਾਵਾਂ ਨੂੰ ਸ਼ਾਂਤ ਕਰਨ ਦੀਆਂ ਕੋਸ਼ਿਸ਼ਾਂ ਰਾਹੀਂ ਵੀ ਉਹ ਆਪਣੀ ਇਮਾਨਦਾਰੀ ਦਾ ਸੁਨੇਹਾ ਨਹੀਂ ਦੇ ਸਕੇ ਹਨ। ਦਿੱਲੀ ਦੇ ਸ੍ਰੀ ਗੁਰੂ ਤੇਗ ਬਹਾਦੁਰ ਖਾਲਸਾ ਕਾਲਜ ਵਿੱਚ ਰਾਜਨੀਤੀ ਸ਼ਾਸਤਰ ਦੇ ਪ੍ਰੋਫ਼ੈਸਰ ਅਮਨਪ੍ਰੀਤ ਸਿੰਘ ਗਿੱਲ ਸੁਖਬੀਰ ਬਾਦਲ ਦੇ ਭਾਰੀ ਸਿਆਸੀ ਅਤੇ ਨਿੱਜੀ ਵਿਰੋਧ ਪਿੱਛੇ ਕਾਰਨ ਸਿਆਸੀ ਪਾਰਟੀਆਂ ਵੱਲੋਂ ਉਨ੍ਹਾਂ ਨੂੰ ਹੀ ਨਿਸ਼ਾਨਾ ਬਣਾਏ ਜਾਣ ਨੂੰ ਮੰਨਦੇ ਹਨ। ਉਹ ਕਹਿੰਦੇ ਹਨ, ਪਿਛਲੇ ਇੱਕ ਦਹਾਕੇ ਤੋਂ ਸੁਖਬੀਰ ਸਿੰਘ ਬਾਦਲ ਸੱਤਾ ਤੋਂ ਬਾਹਰ ਹਨ ਇਸ ਦੇ ਬਾਵਜੂਦ ਉਨ੍ਹਾਂ ਮਗਰੋਂ ਸੱਤਾ ਵਿੱਚ ਆਈਆਂ ਪਾਰਟੀਆਂ ਨੇ ਉਨ੍ਹਾਂ ਉੱਤੇ ਲੱਗਦੇ ਇਲਜ਼ਾਮਾਂ ਨੂੰ ਨਿਆਂਇਕ ਪ੍ਰਕਿਰਿਆ ਰਾਹੀਂ ਕਿਸੇ ਅੰਜਾਮ ਉੱਤੇ ਨਹੀਂ ਪਹੁੰਚਾਇਆ ਇਸਦੇ ਉਲਟ ਵਿਧਾਨ ਸਭਾ ਅਤੇ ਸੋਸ਼ਲ ਮੀਡੀਆ ਰਾਹੀਂ ਲਗਾਤਾਰ ਉਨ੍ਹਾਂ ਨੂੰ ਪੰਥਕ ਮਸਲਿਆਂ ਦਾ ਇੱਕੋ-ਇੱਕ ਗੁਨਾਹਗਾਰ ਸਾਬਤ ਕਰਨ ਦਾ ਯਤਨ ਕੀਤਾ ਹੈ। ਉਨ੍ਹਾਂ ਨੇ ਅੱਗੇ ਕਿਹਾ, ÷ਸੁਖਬੀਰ ਸਿੰਘ ਬਾਦਲ ਨੂੰ ਇਸ ਤਰੀਕੇ ਨਾਲ ਨਿਸ਼ਾਨਾ ਬਣਾਏ ਜਾਣ ਵਿੱਚੋਂ ਸਿਆਸੀ ਪਾਰਟੀਆਂ ਅਤੇ ਪੰਥਕ ਧਿਰਾਂ ਨੇ ਆਪਣੀ ਸਿਆਸੀ ਊਰਜਾ ਹਾਸਲ ਕੀਤੀ ਹੈ।

## ਅਕਾਲੀ ਦਲ ਦੇ ਆਗੂਆਂ ਨੇ ਹਮਲੇ ਬਾਰੇ ਕੀ ਕਿਹਾ?

ਸੁਖਬੀਰ ਬਾਦਲ ਉੱਤੇ ਹੋਏ ਹਮਲੇ ਉੱਤੇ ਵੱਖ-ਵੱਖ ਸਿਆਸੀ ਸ਼ਖ਼ਸੀਅਤਾਂ ਵੱਲੋਂ ਚਿੰਤਾ ਜ਼ਾਹਰ ਕੀਤੀ ਗਈ ਹੈ। ਹਰਸਿਮਰਤ ਕੌਰ ਬਾਅਦ ਨੇ ਐਕਸ ’ਤੇ ਵੱਖਰੀਆਂ ਪੋਸਟਾਂ ਪਾ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਉਨ੍ਹਾਂ ਦੀਆਂ ਫੋਨ ਕਾਲਾਂ ਅਤੇ ਘਟਨਾ ਦੀ ਜਾਂਚ ਦੇ ਤੁਰੰਤ ਨਿਰਦੇਸ਼ ਦੇਣ ਲਈ ਧੰਨਵਾਦ ਕੀਤਾ। ਉੱਥੇ ਹੀ ਸ਼੍ਰੋਮਣੀ ਅਕਾਲੀ ਦਲ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ’ਤੇ ਨਾਂਦੇੜ ਦੇ ਗੁਰਦੁਆਰਾ ਸਾਹਿਬ ਵਿੱਚ ਹੋਏ ਹਮਲੇ ਦੀ ਹਾਈ ਕੋਰਟ ਦੀ ਨਿਗਰਾਨੀ ਹੇਠ ਉੱਚ ਪੱਧਰੀ ਜਾਂਚ ਦੀ ਮੰਗ ਕੀਤੀ। 13 ਅਗਸਤ ਨੂੰ ਨਾਂਦੇੜ ਵਿੱਚ ਸੁਖਬੀਰ ਬਾਦਲ ਉੱਤੇ ਹਮਲਾ ਕਰਨ ਵਾਲੇ ਸ਼ਖ਼ਸ ਦੀ ਪਛਾਣ ਜਸਪਾਲ ਸਿੰਘ ਵਜੋਂ ਹੋਈ ਹੈ। ਉਹ ਪਿਛਲੇ ਲਗਭਗ ਦੋ ਸਾਲ ਤੋਂ ਗੁਰਦੁਆਰਾ ਸਾਹਿਬ ਵਿੱਚ ਸੇਵਾਦਾਰ ਵਜੋਂ ਕੰਮ ਕਰ ਰਹੇ ਸਨ ਅਤੇ ਮੂਲ ਰੂਪ ਵਿੱਚ ਪੁਣੇ ਦਾ ਰਹਿਣ ਵਾਲਾ ਹੈ। 4 ਦਸੰਬਰ 2024 ਨੂੰ ਸ੍ਰੀ ਦਰਬਾਰ ਸਾਹਿਬ ਦੇ ਬਾਹਰ ਸੁਖਬੀਰ ਸਿੰਘ ਬਾਦਲ ’ਤੇ ਗੋਲੀ ਚਲਾਉਣ ਦੀ ਕੋਸ਼ਿਸ਼ ਕੀਤੀ ਗਈ ਸੀ। ਉਸ ਵੇਲੇ ਸੁਖਬੀਰ ਬਾਦਲ ਅਕਾਲ ਤਖ਼ਤ ਸਾਹਿਬ ਵੱਲੋਂ ਲਾਈ ਧਾਰਮਿਕ ਸਜ਼ਾ ਤਹਿਤ ਸੇਵਾ ਨਿਭਾ ਰਹੇ ਸਨ। ਉਨ੍ਹਾਂ ’ਤੇ ਹਮਲਾ ਕਰਨ ਦੀ ਕੋਸ਼ਿਸ਼ ਕਰਨ ਵਾਲੇ ਦੀ ਪਛਾਣ ਨਰਾਇਣ ਸਿੰਘ ਚੌੜਾ ਵਜੋਂ ਹੋਈ ਸੀ।

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 367

Website: www.preetnama.com Email preetnamausa@gmail.com

21 AUGUST TO 27 AUGUST, 2026





Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 367

Website: www.preetnama.com Email preetnamausa@gmail.com

21 AUGUST TO 27 AUGUST, 2026


# ਜੈਨ-ਜ਼ੀ ਅਲਕੋਹਲ ਦੀ ਥਾਂ ਐਂਗਜ਼ਾਇਟੀ ਡਰੱਗਜ਼ ਕਿਉਂ ਵਰਤ ਰਹੀ ਹੈ ? ਇਸ ਦੇ ਕੀ ਖ਼ਤਰੇ ਹੋ ਸਕਦੇ ਹਨ ?

ਦੋਸਤਾਂ ਨਾਲ ਰਾਤ ਨੂੰ ਬਾਹਰ ਜਾਣ ਤੋਂ ਪਹਿਲਾਂ ਵੀਹ ਸਾਲਾ ਮੇਈ ਗਲੇ ਵਿਚ ਕੁਝ ਅਟਕਿਆ ਮਹਿਸੂਸ ਕਰਦੀ ਸੀ, ਹੱਥਾਂ ਨੂੰ ਪਸੀਨਾ ਆਉਣ ਲਗਦਾ ਸੀ ਅਤੇ ਉਹ ਇਸ ਗੱਲ ਤੋਂ ਬਹੁਤ ਡਰੀ ਹੁੰਦੀ ਸੀ ਕਿ ਉਹ ਕੁਝ ਗਲਤ ਨਾ ਬੋਲ ਦੇਵੇ।

ਫਿਰ ਇਸ ਚੀਨੀ ਯੁਨੀਵਰਸਿਟੀ ਵਿਦਿਆਰਥਣ ਨੂੰ ਸ਼ੋਸ਼ਲ ਮੀਡੀਆ 'ਤੇ ਡਾਕਟਰੀ ਪਰਚੀ ਵਾਲੀਆਂ ਦਵਾਈਆਂ ਬਾਰੇ ਪਤਾ ਲੱਗਾ।

ਉਸ ਨੇ ਪ੍ਰੈਗਾਬਾਲਿਨ ਲੈਣੀ ਸ਼ੁਰੂ ਕਰ ਦਿੱਤੀ ਜੋ ਕਿ ਅਕਸਰ ਮਿਰਗੀ, ਚਿੰਤਾ ਜਾਂ ਨਸਾਂ ਦੇ ਇਲਾਜ ਲਈ ਵਰਤੀ ਜਾਂਦੀ ਹੈ। ਇਸ ਦੇ ਨਾਲ ਹੀ ਉਸ ਨੇ ਦਿਲ ਦੀਆਂ ਬਿਮਾਰੀਆਂ ਲਈ ਵਰਤਿਆ ਜਾਣ ਵਾਲਾ ਇੱਕ ਬੀਟਾ ਬਲੌਕਰ ਲੈਣਾ ਸ਼ੁਰੂ ਕਰ ਦਿੱਤਾ ਅਤੇ ਇਸ ਨਾਲ ਚਿੰਤਾ ਦੇ ਸਰੀਰਕ ਲੱਛਣਾਂ ਨੂੰ ਵੀ ਘਟਾਇਆ ਜਾ ਸਕਦਾ ਹੈ।

ਉਸ ਨੇ ਇਹ ਦੋਹੇਂ ਆਨਲਾਈਨ ਵਿਕਰੇਤਾਵਾਂ ਤੋਂ ਗੈਰ ਕਾਨੂੰਨੀ ਤਰੀਕੇ ਨਾਲ ਖਰੀਦੇ।

ਉਹ ਕਹਿੰਦੀ ਹੈ, ÷ਮੈਂ ਬੇਹਦ ਖੁਸ਼ ਮਹਿਸੂਸ ਕਰਦੀ ਸੀ ਜਿਵੇਂ ਕਮਰੇ ਵਿੱਚ ਸਭ ਤੋਂ ਦਿਲਚਸਪ ਵਿਅਕਤੀ ਬਣ ਸਕਦੀ ਹੋਵਾਂ। ਇਹ ਬਿਨ੍ਹਾਂ ਬਿਮਾਰ ਮਹਿਸੂਸ ਕੀਤੇ 10 ਡਰਿੰਕਸ ਪੀਣ ਜਿਹਾ ਹੈ।÷

ਇਨ੍ਹਾਂ ਦਵਾਈਆਂ ਦੀ ਹਾਈ ਡੋਜ਼ ਦਾ ਅਹਿਸਾਸ ਸ਼ਰਾਬ ਪੀਣ ਦੇ ਅਹਿਸਾਸ ਜਿਹਾ ਹੁੰਦਾ ਹੈ।

ਪਰ ਮਾਹਿਰ ਚੇਤਾਵਨੀ ਦਿੰਦੇ ਹਨ ਕਿ ਡਾਕਟਰੀ ਨਿਗਰਾਨੀ ਤੋਂ ਬਿਨ੍ਹਾਂ ਇਨ੍ਹਾਂ ਦਾ ਸੇਵਨ ਖਤਰਨਾਕ ਹੋ ਸਕਦਾ ਹੈ ਅਤੇ ਕੁਝ ਕੇਸਾਂ ਵਿੱਚ ਜਾਨਲੇਵਾ ਵੀ। ਲੰਬਾ ਸਮਾਂ ਇਸਤੇਮਾਲ ਕਰਨ ਨਾਲ ਇਨ੍ਹਾਂ ਦਵਾਈਆਂ 'ਤੇ ਨਿਰਭਰਤਾ ਵੀ ਹੋ ਸਕਦੀ ਹੈ।

ਵਰਤੋਂ ਕਰਨ ਵਾਲਿਆਂ ਨੂੰ ਲਗਦਾ ਹੈ ਕਿ ਉਹ ਕਿਸੇ ਵੀ ਸਮਾਜਿਕ ਸਥਿਤੀ ਲਈ ਇਸ 'ਤੇ ਨਿਰਭਰ ਹੋ ਗਏ ਹਨ। ਉਹ ਵੱਧ ਚਿੰਤਾ, ਨੀਂਦ ਨਾ ਆਉਣਾ ਅਤੇ ਖੁਦਕੁਸ਼ੀ ਦੇ ਵਿਚਾਰ ਵੀ ਰਿਪੋਰਟ ਕਰਦੇ ਹਨ ਜਦੋਂ ਉਹ ਇਸ ਡਰੱਗ ਤੋਂ ਬਾਹਰ ਆਉਣ ਦੀ ਕੋਸ਼ਿਸ਼ ਕਰਦੇ ਹਨ।

ਮੇਈ (ਅਸਲ ਨਾਮ ਨਹੀਂ) ਲਈ ਜੋ ਸਿਲਸਿਲਾ ਸਿਰਫ਼ ਦੋਸਤਾਂ ਨਾਲ ਬਾਹਰ ਜਾਣ ਤੋਂ ਸ਼ੁਰੂ ਹੋਇਆ ਸੀ ਉਹ ਹੁਣ ਆਮ ਸਮਾਜਿਕ ਪ੍ਰੋਗਰਾਮਾਂ ਵਿਚ ਵੀ ਜਾਰੀ ਹੋ ਗਿਆ। ਹੁਣ ਉਹ ਇਹ ਦਵਾਈਆਂ ਰੋਜ਼ਾਨਾ ਲੈਂਦੀ ਹੈ।

ਉਹ ਕਹਿੰਦੀ ਹੈ, ÷ ਮੈਂ ਇਸ ਤੋਂ ਬਿਨ੍ਹਾਂ ਘਰ ਨਹੀਂ ਛੱਡ ਸਕਦੀ। ਮੇਈ ਇਕੱਲੀ ਨਹੀਂ ਹੈ। ਦੁਨੀਆਂ ਭਰ ਵਿੱਚ ਕਈ ਨੌਜਵਾਨ ਸ਼ਰਾਬ ਦੇ ਬਦਲ ਵਜੋਂ ਦਵਾਈਆਂ ਅਤੇ ਪ੍ਰਯੋਗਾਤਮਕ ਪਦਾਰਥਾਂ ਵੱਲ ਰੁਖ ਕਰ ਰਹੇ ਹਨ। ਜੈਨ-ਜ਼ੀ (1997 ਤੋਂ 2012 ਤੱਕ ਪੈਦਾ ਹੋਏ) ਵਿੱਚ ਚਿੰਤਾ ਪਹਿਲਾਂ ਦੀਆਂ ਪੀੜ੍ਹੀਆਂ ਦੇ ਮੁਕਾਬਲੇ ਕਿਤੇ ਜ਼ਿਆਦਾ ਹੈ।

ਇੱਕ ਅਧਿਐਨ ਵਿੱਚ ਪਾਇਆ ਗਿਆ ਹੈ ਕਿ 1990 ਤੋਂ 2021 ਤੱਕ 10-24 ਦੀ ਉਮਰ ਦੇ ਲੋਕਾਂ ਵਿਚ ਚਿੰਤਾ ਵਿਕਾਰਾਂ ਦੇ ਵਿਸ਼ਵਵਿਆਪੀ ਮਾਮਲੇ 10 ਮਿਲੀਅਨ ਤੋਂ ਵੱਧ ਕੇ 16 ਮਿਲੀਅਨ ਹੋ ਗਏ ਹਨ। 61 ਅਧਿਐਨਾਂ ਦੀ ਇੱਕ ਸਮੀਖਿਆ ਵਿਚ ਇਹ ਵੀ ਸਾਹਮਣੇ ਆਇਆ ਹੈ ਕਿ ਮਹਾਮਾਰੀ ਤੋਂ ਪਹਿਲਾਂ ਦੀ ਤੁਲਨਾ ਵਿੱਚ ਨੌਜਵਾਨਾਂ ਵਿੱਚ ਚਿੰਤਾ ਦੀ ਦਰ ਵਧੀ ਹੈ। ਇਸੇ ਵਿਚਕਾਰ ਸ਼ਰਾਬ ਦੇ ਸਿਹਤਮੰਦ ਬਦਲਾਂ ਦੀ ਖੋਜ ਨੇ ਅਜਿਹੇ ਪਦਾਰਥਾਂ ਲਈ ਨਵਾਂ



ਬਜ਼ਾਰ ਬਣਾਉਣ ਵਿੱਚ ਮਦਦ ਕੀਤੀ ਹੈ ਜਿਨ੍ਹਾਂ ਨੂੰ ਸੋਸ਼ਲ ਮੀਡੀਆ 'ਤੇ ਬਿਨ੍ਹਾਂ ਹੈਂਗਓਵਰ ਵਾਲੇ ਸਮਾਜਿਕ ਨਸ਼ਿਆਂ ਵਜੋਂ ਪ੍ਰਚਾਰਿਆ ਗਿਆ ਹੈ। ਟੀਸਾਈਡ ਯੂਨੀਵਰਸਿਟੀ ਦੇ ਇੱਕ ਨਸ਼ਾ ਮੁਕਤੀ ਖੋਜਕਰਤਾ ਲਿਆਮ ਨੋਲਸ ਕਹਿੰਦੇ ਹਨ, ਨੌਜਵਾਨ ਇਨ੍ਹਾਂ ਨਸ਼ਿਆਂ ਨੂੰ ਸਾਫ਼ ਅਤੇ ਸੁਰੱਖਿਅਤ ਵਿਕਲਪ ਵਜੋਂ ਦੇਖਦੇ ਹਨ। ਇਹ ਸੁਰੱਖਿਆ ਦੀ ਇੱਕ ਝੂਠੀ ਭਾਵਨਾ ਹੈ। ਇਹ ਸਹੀ ਜਾਣਨਾ ਅਸੰਭਵ ਹੈ ਕਿ ਕਿੰਨੇ ਨੌਜਵਾਨ ਮਿਲਣ ਜੁਲਣ ਲਈ ਇਨ੍ਹਾਂ ਦਵਾਈਆਂ ਦੀ ਵਰਤੋਂ ਕਰ ਰਹੇ ਹਨ ਕਿਉਂਕਿ ਬਹੁਤ ਸਾਰੇ ਲੋਕ ਇਨ੍ਹਾਂ ਨੂੰ ਗੈਰ ਕਾਨੂੰਨੀ ਤਰੀਕੇ ਨਾਲ ਖ਼ਰੀਦਦੇ ਹਨ। ਨੇਚਰ ਕਮਿਉਨੀਕੇਸ਼ਨਜ਼ ਵਿੱਚ ਪ੍ਰਕਾਸ਼ਿਤ ਇੱਕ ਅਧਿਐਨ ਵਿੱਚ ਅਨੁਮਾਨ ਲਗਾਇਆ ਗਿਆ ਹੈ ਕਿ ਵਰਤੀਆਂ ਜਾਣ ਵਾਲੀਆਂ ਦਵਾਈਆਂ ਵਿੱਚੋਂ ਇੱਕੋ ਪ੍ਰੇਗਾਬਾਲਿਨ ਦੀ ਕੁੱਲ ਗਲੋਬਲ ਖਪਤ 2008 ਤੋਂ 2018 ਦੇ ਵਿਚਕਾਰ ਚਾਰ ਗੁਣਾ ਵਧ ਗਈ ਹੈ। ਪ੍ਰੇਗਾਬਾਲਿਨ ਦੀ ਦੁਰਵਰਤੋਂ ਅਤੇ ਇਸ ਨਾਲ ਹੋਣ ਵਾਲੀਆਂ ਮੌਤਾਂ ਵਿੱਚ ਵੀ ਤੇਜ਼ੀ ਨਾਲ ਵਾਧਾ ਹੋਇਆ ਹੈ।

ਚੀਨ ਵਿੱਚ 2024 ਵਿੱਚ ਪਹਿਲੀ ਵਾਰ ਪ੍ਰੇਗਾਬਾਲਿਨ ਦੀ ਦੁਰਵਰਤੋਂ ਦਾ ਮਾਮਲਾ ਰਿਪੋਰਟ ਹੋਇਆ ਸੀ। ਇਸ ਸਾਲ ਸਰਕਾਰ ਨੇ ਡਰੱਗ ਨੂੰ ਨਿਯੰਤਰਿਤ ਕਰਨ ਦੀ ਯੋਜਨਾ ਦਾ ਐਲਾਨ ਕੀਤਾ। ਭਾਰਤ ਨੇ ਵੀ ਮਈ ਵਿੱਚ ਇਸ ਦੀ ਵਰਤੋਂ ਸੀਮਿਤ ਕਰ ਦਿੱਤੀ। ਜਾਰਡਨ ਅਤੇ ਯੁਕਰੇਨ ਦੇ ਖੋਜਕਰਤਾਵਾਂ ਨੇ ਵੀ ਇਸ ਦੀ ਦੁਰਵਰਤੋਂ ਵਿੱਚ ਵਾਧਾ ਦੇਖਿਆ ਹੈ। ਸੋਸ਼ਲ ? ਮੀਡੀਆ ਪਲੇਟਫ਼ਾਰਮਾਂ 'ਤੇ ਇਨ੍ਹਾਂ ਦਵਾਈਆਂ ਨਾਲ ਸਬੰਧਤ ਹੈਸ਼ਟੈਗ ਹਜ਼ਾਰਾਂ ਵੀਡੀਓਜ਼ ਸਾਹਮਣੇ ਲਿਆਉਂਦੇ ਹਨ ਜਿਨ੍ਹਾਂ ਵਿੱਚ ਇਸ ਦੀ ਵਰਤੋਂ ਕਰਨ ਵਾਲਿਆਂ ਨੂੰ ਦਵਾਈਆਂ ਦਾ ਮਿਸ਼ਰਨ ਬਣਾਉਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ ਜਿਸ ਨੂੰ ਆਨਲਾਈਨ ਸਟੈਕਿੰਗ ਵਜੋਂ ਜਾਣਿਆਂ ਜਾਂਦਾ ਹੈ। ਜਾਪਦਾ ਹੈ ਕਿ ਸੋਸ਼ਲ ਮੀਡੀਆ ਸਿਰਫ਼ ਕੁਝ ਨੌਜਵਾਨਾਂ ਨੂੰ ਇਨ੍ਹਾਂ ਪਦਾਰਥਾਂ ਬਾਰੇ ਜਾਣਕਾਰੀ ਹੀ ਨਹੀਂ ਦੇ ਰਿਹਾ ਬਲਕਿ ਉਨ੍ਹਾਂ ਨੂੰ ਪ੍ਰਾਪਤ ਕਰਨ ਵਿੱਚ ਵੀ ਮਦਦ ਕਰ ਸਕਦਾ ਹੈ। ਮੇਈ ਨੇ ਕਿਹਾ ਕਿ ਉਸ ਨੇ ਇਹ ਦਵਾਈ ਚੀਨੀ ਸੋਸ਼ਲ ਮੀਡੀਆ ਜ਼ਰੀਏ ਖਰੀਦੀ। ਉਹ ਕਹਿੰਦੀ ਹੈ, ਹਜ਼ਾਰਾਂ ਪੋਸਟਾਂ ਇਹ ਵੇਚ ਰਹੀਆਂ ਹਨ। ਉਨ੍ਹਾਂ ਨੂੰ ਲੱਭਣਾ ਅਤੇ ਆਰਡਰ ਕਰਨਾ ਬਹੁਤ ਸੌਖਾ ਹੈ। ਇਹ ਤਸਵੀਰ ਸਿਰਫ਼ ਚੀਨ ਤੱਕ ਸੀਮਿਤ ਨਹੀਂ ਹੈ। ਯਕਰੇਨ ਤੋਂ 26 ਸਾਲਾ ਗਾਹਕ ਸੇਵਾ ਵਰਕਰ ਲੋਰਾ ਨੇ ਬੀਬੀਸੀ ਨੂੰ ਦੱਸਿਆ ਕਿ ਇਨ੍ਹਾਂ ਡਰੱਗਜ਼ ਨੂੰ ਆਨਲਾਈਨ ਜਾਂ ਦੋਸਤਾਂ ਜ਼ਰੀਏ ਖ਼ਰੀਦਣਾ ਸੌਖਾ ਸੀ।

**ਸੋਬਰ ਜੈਨਰੇਸ਼ਨ**

ਇਨ੍ਹਾਂ ਪਦਾਰਥਾਂ ਵਿਚ ਵਧ ਰਹੀ ਦਿਲਚਸਪੀ ਅਜਿਹੇ ਸਮੇਂ ਆ ਰਹੀ ਹੈ ਜਦੋਂ ਨੌਜਵਾਨ ਤੇਜ਼ੀ ਨਾਲ ਸ਼ਰਾਬ ਤੋਂ ਦੂਰ ਹੋ ਰਹੇ ਹਨ ਜਿਸ ਕਾਰਨ ਜੈਨਰੇਸ਼ਨ ਜ਼ੈੱਡ ਨੂੰ ਸੋਬਰ ਜੈਨਰੇਸ਼ਨ ਦਾ ਨਾਮ ਮਿਲਿਆ ਹੈ। ਬਲੂਮਬਰਗ ਮੁਤਾਬਕ, ਵਿਸ਼ਵ ਪੱਧਰ 'ਤੇ 2025 ਵਿੱਚ ਸ਼ਰਾਬ ਦੇ ਸਟੌਕਾਂ ਵਿੱਚ 830 ਬਿਲੀਅਨ ਅਮਰੀਕੀ ਡਾਲਰ ਦੀ ਗਿਰਾਵਟ ਆਈ ਹੈ। ਖੋਜਕਰਤਾਵਾਂ ਦਾ ਕਹਿਣਾ ਹੈ ਕਿ ਇਹ ਰੁਝਾਨ ਨੌਜਵਾਨਾਂ ਦੇ ਸ਼ਰਾਬ ਪੀਣ ਦੇ ਵਿਹਾਰ ਵਿਚ ਆਏ ਬਦਲਾਅ ਕਾਰਨ ਹੈ ਜਿਸ ਵਿੱਚ ਉਨ੍ਹਾਂ ਨੇ ਖ਼ਰਚਿਆਂ ਅਤੇ ਸਿਹਤ ਸਬੰਧੀ ਚਿੰਤਾਵਾਂ ਦਾ ਹਵਾਲਾ ਦਿੱਤਾ ਹੈ। ਨਸ਼ੇ ਦੀ ਲਤ ਬਾਰੇ ਅਧਿਐਨ ਕਰ ਰਹੇ ਨੋਇਲਜ਼ ਕਹਿੰਦੇ ਹਨ ਕਿ ਬਹੁਤ ਸਾਰੇ ਨੌਜਵਾਨ ਜੋ ਮਨੋਰੰਜਨ ਲਈ ਪ੍ਰੇਗਾਬਾਲਿਨ ਦੀ ਵਰਤੋਂ ਕਰ ਰਹੇ ਹਨ ਉਹ ਅਸਲ ਵਿੱਚ ਆਪਣੀ ਸਿਹਤ ਨੂੰ ਲੈ ਕੇ ਕਾਫ਼ੀ ਸੁਚੇਤ ਹਨ।

ਉਹ ਕਹਿੰਦੇ ਹਨ, ਲੋਕਾਂ ਨੂੰ ਕੈਲੋਰੀਜ਼ ਨਹੀਂ ਚਾਹੀਦੀਆਂ, ਉਨ੍ਹਾਂ ਨੂੰ ਆਪਣੇ ਭਾਰ ਜਾਂ ਉਮਰ ਵਾਧੇ ਦੀ ਪ੍ਰਕਿਰਿਆ 'ਤੇ ਪ੍ਰਭਾਵ ਨਹੀਂ ਚਾਹੀਦੇ। ਇਹ ਤਰਕ ਯੂ.ਕੇ. ਦੇ ਰਹਿਣ ਵਾਲੇ 22 ਸਾਲਾ ਮੈਟ ਦੇ ਵਿਚਾਰਾਂ ਨਾਲ ਮੇਲ ਖਾਂਦਾ ਹੈ ਜੋ ਨਿਯਮਿਤ ਤੌਰ 'ਤੇ ਜਿਮ ਜਾਂਦਾ ਹੈ ਅਤੇ ਮੰਨਦਾ ਹੈ ਕਿ ਸ਼ਰਾਬ ਪੀਣ ਦੇ ਮੁਕਾਬਲੇ ਇਹ ਦਵਾਈਆਂ ਉਸ ਦੇ ਸਰੀਰ 'ਤੇ ਖਾਸ ਕਰਕੇ ਉਸ ਦੇ ਲੀਵਰ ਅਤੇ ਦਿਲ 'ਤੇ ਬਹੁਤ ਘੱਟ ਪ੍ਰਭਾਵ ਪਾਉਂਦੀਆਂ ਹਨ। ਉਹ ਕਹਿੰਦੇ ਹਨ, ਇਸ ਕਮਿਉਨਟੀ ਵਿੱਚ ਲੋਕ ਮੰਨਦੇ ਹਨ ਕਿ ਇਹ ਡਰੱਗ, ਅਲਕੋਹਲ ਤੋਂ ਸਿਹਤਮੰਦ ਹਨ।

**ਮੁਫ਼ਤ ਦਾ ਸੌਦਾ ਨਹੀਂ**

ਅਲਕੋਹਲ ਨੂੰ ਘੱਟੋ ਘੱਟ ਸੱਤ ਤਰ੍ਹਾਂ ਦੇ ਕੈਂਸਰਾਂ ਨਾਲ ਜੋੜਿਆ ਗਿਆ ਹੈ ਅਤੇ ਵਿਸ਼ਵ ਸਿਹਤ ਸੰਗਠਨ ਨੇ 2003 ਵਿੱਚ ਚੇਤਾਵਨੀ ਦਿੱਤੀ ਸੀ ਕਿ ਅਲਕੋਹਲ ਦੀ ਕੋਈ ਵੀ ਮਾਤਰਾ ਖਤਰਾ ਪੈਦਾ ਕਰ ਸਕਦੀ ਹੈ। ਲੰਡਨ ਦੇ ਇੰਪੀਰੀਅਲ ਕਾਲਜ ਵਿੱਚ ਨਿਓਰੋਸਾਈਕੋਫਾਰਮਾਕੋਲੋਜਿਸਟ ਪ੍ਰੋਫ਼ੈਸਰ ਡੇਵਿਡ ਨੱਟ ਨੇ ਲੰਬਾ ਸਮਾਂ ਨਸ਼ਿਆਂ ਸਬੰਧੀ ਨਰਮ ਕਾਨੂੰਨੀ ਖ਼ ?ਲਾਫ਼ ਮੁਹਿੰਮ ਚਲਾਈ ਹੈ। ਉਨ੍ਹਾਂ ਦਾ ਤਰਕ ਹੈ ਕਿ ਮੇਈ ਜੋ ਦਵਾਈਆਂ ਲੈਂਦੀ ਹੈ ਉਹ ਬਹੁਤ ਜ਼ਿਆਦਾ ਸ਼ਰਾਬ ਪੀਣ ਮੁਕਾਬਲੇ ਘੱਟ ਨੁਕਸਾਨਦੇਹ ਹੋ ਸਕਦੀਆਂ ਹਨ ਭਾਵੇਂ ਕਿ ਉਨ੍ਹਾਂ ਦੇ ਆਪਣੇ ਕੁਝ ਰਿਸਕ ਜ਼ਰੂਰ ਹਨ। ਉਹ ਕਹਿੰਦੇ ਹਨ ਕਿ ਤਸਵੀਰ ਬਦਲ ਜਾਂਦੀ ਹੈ ਜੇ ਪ੍ਰੇਗਾਬਾਲਿਨ ਜ਼ਿਆਦਾ ਮਾਤਰਾ ਵਿੱਚ ਲਈ ਜਾਵੇ ਉਹ ਕਹਿੰਦੇ ਹਨ, ਜੇ ਉਹ ਇਸ ਦੀ ਵਰਤੋਂ ਨਸ਼ੇ ਵਜੋਂ ਕਰ ਰਹੇ ਹਨ ਤਾਂ ਉਨਾਂ ਵਿੱਚ ਇਸ ਦੀ ਨਿਰਭਰਤਾ ਦਾ ਰਿਸਕ ਵਧ ਜਾਂਦਾ ਹੈ। ਉਸ ਲਿਹਾਜ਼ ਨਾਲ ਇਹ ਕੋਈ ਮੁਫਤ ਦਾ ਸੌਦਾ ਨਹੀਂ ਹੈ। ਪ੍ਰੇਗਾਬਾਲਿਨ ਦੀ ਮਨੋਰੰਜਨ ਲਈ ਵਰਤੋਂ ਕਰਨ ਵਾਲੇ ਲੋਕਾਂ ਵਿੱਚ ਇਸ ਪ੍ਰਤੀ ਸਹਿਣਸ਼ੀਲਤਾ ਵਿਕਸਿਤ ਹੋ ਸਕਦੀ ਹੈ ਜਿਸ ਦਾ ਮਤਲਬ ਹੈ ਕਿ ਉਨ੍ਹਾਂ ਨੂੰ ਅਰਾਮ ਜਾਂ ਯੂਫੋਰੀਆ ਦੀ ਉਹੀ ਪਹਿਲਾਂ ਜਿਹੀ ਭਾਵਨਾ ਪ੍ਰਾਪਤ ਕਰਨ ਲਈ ਇਸ ਦੀਆਂ ਲਗਾਤਾਰ ਵੱਡੀਆਂ ਖੁਰਾਕਾਂ ਦੀ ਲੋੜ ਪੈ ਸਕਦੀ ਹੈ। ਜ਼ਿਆਦਾ ਮਾਤਰਾ ਵਿਚ ਲਈ ਜਾਵੇ ਤਾਂ ਪ੍ਰੇਗਾਬਾਲਿਨ ਕਾਰਨ ਸਾਹ ਲੈਣ ਦੀ ਗਤੀ ਨੂੰ ਹੌਲੀ ਕਰ ਸਕਦੀ ਹੈ ਅਤੇ ਕੁਝ ਮਾਮਲਿਆਂ ਵਿੱਚ ਜਾਨਲੇਵਾ ਵੀ ਹੋ ਸਕਦੀ ਹੈ। ਬੀਟਾ ਬਲੌਕਰਜ਼ ਦੀ ਵੱਧ ਖੁਰਾਕ ਕਾਰਨ ਬੇਹੋਸ਼ੀ ਹੋ ਸਕਦੀ ਹੈ ਅਤੇ ਦਿਲ ਦੀ ਧੜਕਣ ਖਤਰਨਾਕ ਹੱਦ ਤੱਕ ਹੌਲੀ ਹੋ ਸਕਦੀ ਹੈ।

**ਨਿਰਭਰਤਾ ਦਾ ਖਤਰਾ**

ਲੰਡਨ ਦੇ ਕਿੰਗਜ਼ ਕਾਲਜ ਵਿਚ ਮਨੋਵਿਗਿਆਨੀ ਪ੍ਰੋਫੈਸਰ ਐਮਿਲੀ ਜੋਨਸ ਦਲੀਲ ਦਿੰਦੀ ਹੈ ਕਿ ਦਵਾਈਆਂ ਅਤੇ ਸ਼ਰਾਬ ਦੇ ਸਰੀਰਿਕ ਨੁਕਸਾਨਾਂ ਦੀ ਤੁਲਨਾ ਕਰਨ ਨਾਲ ਇੱਕ ਬੁਨਿਆਦੀ ਸਵਾਲ ਛੁੱਟ ਜਾਣ ਦਾ ਖਤਰਾ ਰਹਿੰਦਾ ਹੈ - ਕੀ ਹੁੰਦਾ ਹੈ ਜਦੋਂ ਲੋਕ ਇਹ ਵਿਸ਼ਵਾਸ ਕਰਨ ਲਗਦੇ ਹਨ ਕਿ ਉਹ ਸਿਰਫ਼ ਰਸਾਇਣਕ ਮਦਦ ਨਾਲ ਹੀ ਸਮਾਜਿਕ ਵਿੱਚ ਮੇਲ ਸੱਲ ਕਰ ਸਕਦੇ ਹਨ ? ਇਹ ਵਿਸ਼ਲੇਸ਼ਣ ਰਸਾਇਣਕ ਨਿਰਭਰਤਾ ਦੇ ਮਨੋਵਿਗਿਆਨਕ ਪ੍ਰਭਾਵਾਂ 'ਤੇ ਕੇਂਦਰਿਤ ਹੈ। ਉਹ ਕਹਿੰਦੇ ਹਨ, ÷ਜ਼ਿਆਦਾ ਮਾਤਰਾ ਵਿੱਚ ਅਲਕੋਹਲ ਵੀ ਖਤਰਨਾਕ ਹੈ ਪਰ ਡਾਕਟਰ ਦੀ ਨਿਗਰਾਨੀ ਤੋਂ ਬਿਨ੍ਹਾਂ ਅਕਸਰ ਇਹ ਦਵਾਈਆਂ ਲੈਣਾ ਵੀ ਖਤਰਨਾਕ ਹੈ। ਉਹ ਇਸ ਗੱਲ ਨੂੰ ਲੈ ਕੇ ਚਿੰਤਾ ਜ਼ਾਹਿਰ ਕਰਦੇ ਹਨ ਕਿ ਚਿੰਤਾ ਦੀਆਂ ਭਾਵਨਾਵਾਂ ਤੋਂ ਬਚਣ ਲਈ ਦਵਾਈਆਂ ਦੀ ਵਰਤੋਂ ਕਰਨਾ ਕਿਸੇ ਵਿਅਕਤੀ ਦੇ ਇਸ ਵਿਸ਼ਵਾਸ ਨੂੰ ਹੋਰ ਪੱਕਾ ਕਰ ਸਕਦਾ ਹੈ ਕਿ ਆਮ ਸਮਾਜਿਕ ਸਥਿਤੀਆਂ ਅਸੁਰੱਖਿਅਤ ਹਨ।

## ਬਲੈਕ ਮਾਰਕਿਟ ਡਰੱਗਜ਼

ਜ਼ਿਆਦਾ ਦੇਸ਼ਾਂ ਵੱਲੋਂ ਇਨ੍ਹਾਂ ਦਵਾਈਆਂ 'ਤੇ ਸ਼ਿਕੰਜਾ ਕਸਣ ਦੇ ਕਦਮ ਚੁੱਕਣ ਦੇ ਨਾਲ ਕੁਝ ਲੋਕਾਂ ਦਾ ਤਰਕ ਹੈ ਕਿ ਇਨ੍ਹਾਂ ਤੱਕ ਪਹੁੰਚ ਨੂੰ ਹੋਰ ਸੀਮਤ ਕਰਨ ਨਾਲ ਵੱਖਰੇ ਖਤਰੇ ਪੈਦਾ ਹੋ ਸਕਦੇ ਹਨ। ਮਹਾਂਮਾਰੀ ਵਿਗਿਆਨੀ ਅਤੇ ਯੇਕਰੇਨ ਦੀ ਨੁਕਸਾਨ ਘਟਾਉਣ ਵਾਲੀ ਸੰਸਥਾ ਮਾਈਂਡ ਗੇਮਜ਼ ਦੇ ਮੁਖੀ ਮਾਈਕੀਤਾ ਲੈਪਿਨ ਕਹਿੰਦੇ ਹਨ ਕਿ ਜ਼ਰੂਰੀ ਨਹੀਂ ਕਿ ਅਜਿਹੇ ਪਦਾਰਥਾਂ 'ਤੇ ਰੋਕ ਲਗਾਉਣਾ ਇਸ ਦੀ ਵਰਤੋਂ ਘਟਾ ਸਕਦਾ ਹੈ। ਉਹ ਕਹਿੰਦੇ ਹਨ, ਅਜਿਹੇ ਪਦਾਰਥਾਂ ਨੂੰ ਬੈਨ ਕਰਨਾ ਲੋਕਾਂ ਨੂੰ ਕਾਲੇਬਜ਼ਾਰੀ ਵੱਲ ਧੱਕਦਾ ਹੈ ਅਤੇ ਸ਼ੱਕੀ ਮਿਆਰ ਵਾਲੀਆਂ ਦਵਾਈਆਂ ਖ਼ਰੀਦਣ ਦਾ ਖਤਰਾ ਵਧਦਾ ਹੈ। ਨੋਇਲਜ਼ ਨੇ ਕਿਹਾ ਕਿ ਗੈਰ-ਕਾਨੂੰਨੀ ਪ੍ਰੇਗਾਬਾਲਿਨ ਜ਼ਿਆਦਾ ਰਿਸਕ ਪੈਦਾ ਕਰਦੀ ਹੈ ਕਿਉਂਕਿ ਵਰਤੋਂ ਕਰਨ ਵਾਲਿਆਂ ਨੂੰ ਇਹ ਪਤਾ ਨਹੀਂ ਹੁੰਦਾ ਕਿ ਉਹ ਅਸਲ ਵਿਚ ਕੀ ਲੈ ਰਹੇ ਹਨ। ਉਨ੍ਹਾਂ ਕਿਹਾ, ਜੇ ਤੁਸੀਂ ਯੂ.ਕੇ. ਵਿੱਚ ਕਿਸੇ ਦੁਕਾਨ ਤੋਂ ਅਲਕੋਹਲ ਡਰਿੰਕ ਖਰੀਦ ਰਹੇ ਹੋ ਤਾਂ ਇਸ 'ਤੇ ਨਸ਼ੇ ਦੀ ਮਾਤਰਾ ਅਤੇ ਇਸ ਦਾ ਪ੍ਰਤੀਸ਼ਤ ਲਿਖਿਆ ਹੁੰਦਾ ਹੈ। ਉਹ ਕਹਿੰਦੇ ਹਨ ਕਿ ਇਸ ਤਰ੍ਹਾਂ ਦੀ ਨਿਸ਼ਚਿਤਤਾ ਆਨਲਾਈਨ ਖਰੀਦੀ ਪ੍ਰੇਗਾਬਾਲਿਨ ਦੇ ਮਾਮਲੇ ਵਿਚ ਨਹੀਂ ਹੁੰਦੀ। ਇਹ ਇੱਕ ਵਾਧੂ ਜ਼ੋਖਮ ਹੈ ਜੋ ਸ਼ਰਾਬ ਦੀ ਬੋਤਲ ਨਾਲ ਨਹੀਂ ਆਉਂਦਾ। ਮਨੋਰੰਜਨ ਲਈ ਡਰੱਗ ਲੈਣ ਵਾਲਿਆਂ ਦੀ ਤਰ੍ਹਾਂ ਮੇਈ ਇਸ ਗੱਲ ਨੂੰ ਲੈ ਕੇ ਚਿੰਤਤ ਹੈ ਕਿ ਸ਼ਾਇਦ ਉਹ ਕਦੇ ਵੀ ਇਸ ਨਸ਼ੇ ਤੋਂ ਪੂਰੀ ਤਰ੍ਹਾਂ ਮੁਕਤ ਨਹੀਂ ਹੋ ਸਕੇਗੀ।

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 367

Website: www.preetnama.com Email preetnamausa@gmail.com

21 AUGUST TO 27 AUGUST, 2026




# Preetnama

ਪ੍ਰੀਤਨਾਮਾ
ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 367

Website: www.preetnama.com Email preetnamausa@gmail.com

21 AUGUST TO 27 AUGUST, 2026




ਹਫ਼ਤਾਵਾਰੀ ਪ੍ਰੀਤਨਾਮਾ
Weekly Preetnama www.preetnama.com
+1 (201) 312-4180



PRITPAL KAUR
Editor-In-Chief
+1 201-312-4180
+1 917-328-8436

ADVISORY BOARD
Joga Singh
******************************
Jaswinder Singh New Jersey
*********************************
Mindi Manak
NewYork
*********************************
Jagjit Singh Dasuya
******************************
Gurmeet Singh Dhalwan
Chicago
******************************
G. S Singh Punjab
******************************
Sujan Nag, USA
******************************
Dr. Jagdeep Dhimaan, India
*****************
Sarabjit Kaur Punjab
*********************
Sukhmandar Brar
(Bhagata Bhaika) Vancouver,

******************************
Sunil Kumar Gund
(Journalist) India
*********************************
Raj Rani
Video editor
*************************************
Jagmeet Kaur
97817-41631
*****************************

ਪ੍ਰੀਤਨਾਮ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਪ੍ਰੀਤਨਾਮਾ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਪ੍ਰੀਤਨਾਮਾ ਨੂੰ ਰਚਨਾਵਾਂ ਵਿਚ ਲੋੜ ਅਨੁਸਾਰ ਕਾਂਟ ਛਾਂਟ ਕਰਨ ਦਾ ਜਾਂ ਬਿਲਕੁਲ ਨਾ ਛਾਪਣ ਦਾ ਅਧਿਕਾਰ ਹੈ। ਇਸ਼ਤਿਹਾਰ ਵਿਚ ਛਪੀ ਸਮਗਰੀ ਲਈ ਇਸ਼ਤਿਹਾਰਦਾਤਾ ਖੁਦ ਜ਼ਿੰਮੇਵਾਰ ਹੋਵੇਗਾ। ਇਸ਼ਤਿਹਾਰਾਂ ਵਿਚ ਦਿੱਤੀ ਗਈ ਜਾਣਕਾਰੀ, ਕੀਮਤ, ਵਰੰਟੀ, ਕੁਆਲਿਟੀ, ਸੁਝਾਵਾਂ ਲਈ ਸਿਰਫ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੋਵੇਗੀ।

**The Preetnama is not responsible or legally lible for any news, article, advertisement or typing mistakes in the news or articles**

ਪਿਛਲੇ ਕੁਝ ਹਫਤਿਆਂ ਤੋਂ ਪਾਠਕਾਂ ਵੱਲੋਂ ਲੇਖ ਪ੍ਰਕਾਸ਼ਿਤ ਨਾ ਹੋਣ ਦੇ ਲਗਾਤਾਰ ਫੋਨ ਆ ਰਹੇ ਹਨ, ਜਿਸ ਲਈ ਲਈ ਖਿਮਾ ਦੇ ਜਾਚਕ ਹਾਂ। ਪ੍ਰੀਤਨਾਮਾ ਵੱਲੋਂ ਲੇਖਕਾਂ ਨੂੰ ਬੇਨਤੀ ਹੈ ਕਿ ਇੱਕ ਵਾਰ ਵਿਚ ਇੱਕ ਹੀ ਲੇਖ ਭੇਜਿਆ ਜਾਵੇ ਤਾਂ ਜੋ ਢੁੱਕਵੀਂ ਜਗ੍ਹਾਂ 'ਤੇ ਪ੍ਰਕਾਸ਼ਿਤ ਕੀਤਾ ਜਾ ਸਕੇ।

**Preetnamausa@gmail.com**
**www.preetnama.com**

# ਸਕੂਲਾਂ ਵਿੱਚ ਪ੍ਰਭਾਵਸ਼ਾਲੀ ਕ੍ਰਿਤ੍ਰਿਮ ਬੁੱਧੀਮਤਾ (Artificial Intelligence - 19) ਸਿੱਖਿਆ: ਅਧਿਆਪਕਾਂ ਦੇ ਨਜ਼ਰੀਏ ਅਤੇ ਭਵਿੱਖੀ ਸੰਭਾਵਨਾਵਾਂ

**ਉਮੇਸ਼ ਕੁਮਾਰ**

ਅੱਜ ਦਾ ਯੁੱਗ ਡਿਜ਼ਿਟਲ ਕ੍ਰਾਂਤੀ ਦਾ ਯੁੱਗ ਹੈ। ਵਿਗਿਆਨ ਅਤੇ ਤਕਨਾਲੋਜੀ ਨੇ ਮਨੁੱਖੀ ਜੀਵਨ ਦੇ ਹਰ ਖੇਤਰ ਵਿੱਚ ਅਦਭੁੱਤ ਤਬਦੀਲੀਆਂ ਲਿਆਂਦੀਆਂ ਹਨ। ਇਨ੍ਹਾਂ ਤਕਨਾਲੋਜੀਆਂ ਵਿੱਚ ਕ੍ਰਿਤ੍ਰਿਮ ਬੁੱਧੀਮਤਾ (Artificial Intelligence - 19) ਸਭ ਤੋਂ ਪ੍ਰਭਾਵਸ਼ਾਲੀ ਅਤੇ ਤੇਜ਼ੀ ਨਾਲ ਵਿਕਸਿਤ ਹੋਣ ਵਾਲੀ ਤਕਨਾਲੋਜੀ ਹੈ। 19 ਸਿਰਫ਼ ਕੰਪਿਊਟਰਾਂ ਨੂੰ ਸੋਚਣ ਅਤੇ ਸਿੱਖਣ ਦੀ ਸਮਰੱਥਾ ਨਹੀਂ ਦਿੰਦੀ, ਸਗੋਂ ਸਿੱਖਿਆ, ਸਿਹਤ, ਖੇਤੀਬਾੜੀ, ਉਦਯੋਗ ਅਤੇ ਪ੍ਰਸ਼ਾਸਨ ਵਰਗੇ ਖੇਤਰਾਂ ਵਿੱਚ ਵੀ ਨਵੀਆਂ ਸੰਭਾਵਨਾਵਾਂ ਪੈਦਾ ਕਰ ਰਹੀ ਹੈ। ਇਸ ਪ੍ਰਸੰਗ ਵਿੱਚ ਸਕੂਲੀ ਸਿੱਖਿਆ ਵਿੱਚ 19 ਦਾ ਸ਼ਾਮਲ ਹੋਣਾ ਸਮੇਂ ਦੀ ਲੋੜ ਬਣ ਚੁੱਕਾ ਹੈ।ਅਧਿਆਪਕਾਂ ਦੇ ਨਜ਼ਰੀਏ ਤੋਂ ਦੇਖਿਆ ਜਾਵੇ ਤਾਂ 19 ਸਿੱਖਿਆ ਵਿਦਿਆਰਥੀਆਂ ਨੂੰ ਭਵਿੱਖ ਲਈ ਤਿਆਰ ਕਰਨ ਦਾ ਇੱਕ ਮਹੱਤਵਪੂਰਨ ਸਾਧਨ ਹੈ। ਅੱਜ ਦੇ ਵਿਦਿਆਰਥੀ ਕੱਲ੍ਹ ਦੇ ਵਿਗਿਆਨੀ, ਇੰਜੀਨੀਅਰ, ਡਾਕਟਰ, ਪ੍ਰਸ਼ਾਸਕ ਅਤੇ ਉਦਯੋਗਪਤੀ ਹੋਣਗੇ। ਜੇਕਰ ਉਹਨਾਂ ਨੂੰ ਸਕੂਲ ਪੱਧਰ 'ਤੇ ਹੀ 19 ਬਾਰੇ ਜਾਣਕਾਰੀ ਅਤੇ ਅਭਿਆਸ ਪ੍ਰਦਾਨ ਕੀਤਾ ਜਾਵੇ ਤਾਂ ਉਹ ਭਵਿੱਖ ਦੀਆਂ ਚੁਣੌਤੀਆਂ ਦਾ ਵਧੀਆ ਢੰਗ ਨਾਲ ਸਾਹਮਣਾ ਕਰ ਸਕਣਗੇ।ਸਕੂਲਾਂ ਵਿੱਚ ਪ੍ਰਭਾਵਸ਼ਾਲੀ 19 ਸਿੱਖਿਆ ਦਾ ਸਭ ਤੋਂ ਵੱਡਾ ਲਾਭ ਇਹ ਹੈ ਕਿ ਇਹ ਵਿਦਿਆਰਥੀਆਂ ਵਿੱਚ ਤਰਕਸ਼ੀਲ ਸੋਚ , ਸਮੱਸਿਆ ਹੱਲ ਕਰਨ ਦੀ ਯੋਗਤਾ , ਰਚਨਾਤਮਕਤਾ ਅਤੇ ਨਵੀਨਤਾ ਨੂੰ ਉਤਸ਼ਾਹਿਤ ਕਰਦੀ ਹੈ। 19 ਆਧਾਰਿਤ ਪ੍ਰਾਜੈਕਟਾਂ ਅਤੇ ਗਤੀਵਿਧੀਆਂ ਰਾਹੀਂ ਵਿਦਿਆਰਥੀ ਅਸਲ ਜੀਵਨ ਦੀਆਂ ਸਮੱਸਿਆਵਾਂ ਦਾ ਹੱਲ ਲੱਭਣ ਦੀ ਕੋਸ਼ਿਸ਼ ਕਰਦੇ ਹਨ, ਜਿਸ ਨਾਲ ਉਹਨਾਂ ਦੀ ਸੋਚ ਦਾ ਦਾਇਰਾ ਵਿਸ਼ਾਲ ਹੁੰਦਾ ਹੈ।ਅਧਿਆਪਕ ਮੰਨਦੇ ਹਨ ਕਿ 19 ਸਿੱਖਿਆ ਨੂੰ ਸਿਰਫ਼ ਇੱਕ ਵਿਸ਼ੇ ਵਜੋਂ ਨਹੀਂ, ਸਗੋਂ ਇੱਕ ਕੌਸ਼ਲ ਵਜੋਂ ਪੜ੍ਹਾਇਆ ਜਾਣਾ ਚਾਹੀਦਾ ਹੈ। ਇਹ ਕੌਸ਼ਲ ਗਣਿਤ, ਵਿਗਿਆਨ, ਸਮਾਜਿਕ ਵਿਗਿਆਨ, ਭਾਸ਼ਾਵਾਂ ਅਤੇ ਕਲਾ ਵਰਗੇ ਵਿਸ਼ਿਆਂ ਨਾਲ ਜੋੜਿਆ ਜਾ ਸਕਦਾ ਹੈ। ਉਦਾਹਰਨ ਵਜੋਂ, ਗਣਿਤ ਵਿੱਚ ਡਾਟਾ ਵਿਸ਼ਲੇਸ਼ਣ, ਵਿਗਿਆਨ ਵਿੱਚ ਖੋਜ ਕਾਰਜ, ਭਾਸ਼ਾਵਾਂ ਵਿੱਚ ਭਾਸ਼ਾਈ ਮਾਡਲ ਅਤੇ ਸਮਾਜਿਕ ਵਿਗਿਆਨ ਵਿੱਚ ਡਾਟਾ ਆਧਾਰਿਤ ਅਧਿਐਨ 19 ਨਾਲ ਹੋਰ ਪ੍ਰਭਾਵਸ਼ਾਲੀ ਬਣ ਸਕਦੇ ਹਨ।ਸਕੂਲੀ ਸਿੱਖਿਆ ਵਿੱਚ 19 ਦੀ ਵਰਤੋਂ ਅਧਿਆਪਨ-ਅਧਿਐਨ ਪ੍ਰਕਿਰਿਆ ਨੂੰ ਵੀ ਬਿਹਤਰ ਬਣਾਉਂਦੀ ਹੈ। 19 ਆਧਾਰਿਤ ਸਾਧਨ ਵਿਦਿਆਰਥੀਆਂ ਦੀ ਸਿੱਖਣ ਦੀ ਗਤੀ ਅਤੇ ਯੋਗਤਾ ਅਨੁਸਾਰ ਵਿਅਕਤੀਗਤ ਸਿੱਖਿਆ ਪ੍ਰਦਾਨ ਕਰ ਸਕਦੇ ਹਨ। ਹਰ ਵਿਦਿਆਰਥੀ ਦੀ ਸਮਰੱਥਾ ਵੱਖਰੀ ਹੁੰਦੀ ਹੈ। ਕੁਝ ਵਿਦਿਆਰਥੀ ਤੇਜ਼ੀ ਨਾਲ ਸਿੱਖਦੇ ਹਨ, ਜਦਕਿ ਕੁਝ ਨੂੰ ਵਧੇਰੇ ਸਮੇਂ ਅਤੇ ਮਦਦ ਦੀ ਲੋੜ ਹੁੰਦੀ ਹੈ। 19 ਇਨ੍ਹਾਂ ਅੰਤਰਾਂ ਨੂੰ ਸਮਝ ਕੇ ਵਿਅਕਤੀਗਤ ਸਿੱਖਣ ਯੋਜਨਾਵਾਂ ਤਿਆਰ ਕਰਨ ਵਿੱਚ ਮਦਦ ਕਰ ਸਕਦੀ ਹੈ।ਅਧਿਆਪਕਾਂ ਦੇ ਅਨੁਸਾਰ 19 ਵਿਦਿਆਰਥੀਆਂ ਦੀ ਪ੍ਰਗਤੀ ਦਾ ਲਗਾਤਾਰ ਮੁਲਾਂਕਣ ਕਰਨ ਵਿੱਚ ਵੀ ਸਹਾਇਕ ਹੈ। 19 ਆਧਾਰਿਤ ਟੈਸਟ ਅਤੇ ਮੁਲਾਂਕਣ ਪ੍ਰਣਾਲੀਆਂ ਵਿਦਿਆਰਥੀਆਂ ਦੀਆਂ ਕਮਜ਼ੋਰੀਆਂ ਅਤੇ ਮਜ਼ਬੂਤੀਆਂ ਦੀ ਪਛਾਣ ਕਰ ਸਕਦੀਆਂ ਹਨ। ਇਸ ਨਾਲ ਅਧਿਆਪਕਾਂ ਨੂੰ ਉਚਿਤ ਮਾਰਗਦਰਸ਼ਨ ਅਤੇ ਸੁਧਾਰਾਤਮਕ ਕਦਮ ਚੁੱਕਣ ਵਿੱਚ ਸਹੂਲਤ ਮਿਲਦੀ ਹੈ। ਪਰੰਤੂ 19 ਸਿੱਖਿਆ ਦੇ ਪ੍ਰਭਾਵਸ਼ਾਲੀ ਲਾਗੂਕਰਨ ਲਈ ਕੁਝ ਚੁਣੌਤੀਆਂ ਵੀ ਮੌਜੂਦ ਹਨ। ਸਭ ਤੋਂ ਪਹਿਲੀ ਚੁਣੌਤੀ ਅਧਿਆਪਕਾਂ ਦੀ ਤਿਆਰੀ ਹੈ। ਜੇਕਰ ਅਧਿਆਪਕਾਂ ਨੂੰ 19 ਬਾਰੇ ਪ੍ਰਯਾਪਤ ਜਾਣਕਾਰੀ ਅਤੇ ਸਿਖਲਾਈ ਨਹੀਂ ਮਿਲੇਗੀ ਤਾਂ ਉਹ ਵਿਦਿਆਰਥੀਆਂ ਨੂੰ ਇਸ ਵਿਸ਼ੇ ਬਾਰੇ ਪ੍ਰਭਾਵਸ਼ਾਲੀ ਢੰਗ ਨਾਲ ਨਹੀਂ ਪੜ੍ਹਾ ਸਕਣਗੇ। ਇਸ ਲਈ ਸਰਕਾਰ ਅਤੇ ਸਿੱਖਿਆ ਸੰਸਥਾਵਾਂ ਨੂੰ ਅਧਿਆਪਕਾਂ ਲਈ ਨਿਯਮਿਤ ਤਰਬੀਅਤ ਪ੍ਰੋਗਰਾਮ ਚਲਾਉਣੇ ਚਾਹੀਦੇ ਹਨ। ਦੂਜੀ ਵੱਡੀ ਚੁਣੌਤੀ ਡਿਜ਼ਿਟਲ ਬੁਨਿਆਦੀ ਢਾਂਚੇ ਦੀ ਹੈ। ਪੇਂਡੂ ਅਤੇ ਦੂਰ-ਦਰਾਜ਼ ਖੇਤਰਾਂ ਦੇ ਕਈ ਸਕੂਲਾਂ ਵਿੱਚ ਅਜੇ ਵੀ ਉੱਚ-ਗਤੀ ਇੰਟਰਨੈੱਟ, ਕੰਪਿਊਟਰ ਲੈਬਾਂ ਅਤੇ ਡਿਜ਼ਿਟਲ ਸਾਧਨਾਂ ਦੀ ਕਮੀ ਹੈ। 19 ਸਿੱਖਿਆ ਦੀ ਸਫਲਤਾ ਲਈ ਇਨ੍ਹਾਂ ਬੁਨਿਆਦੀ ਸਹੂਲਤਾਂ ਦਾ ਉਪਲਬਧ ਹੋਣਾ ਬਹੁਤ ਜ਼ਰੂਰੀ ਹੈ।ਅਧਿਆਪਕ ਇਹ ਵੀ ਮੰਨਦੇ ਹਨ ਕਿ 19 ਦੀ ਵਰਤੋਂ ਕਰਦੇ ਸਮੇਂ ਨੈਤਿਕਤਾ ਅਤੇ ਜ਼ਿੰਮੇਵਾਰੀ ਬਾਰੇ ਜਾਣਕਾਰੀ ਦੇਣਾ ਲਾਜ਼ਮੀ ਹੈ। ਵਿਦਿਆਰਥੀਆਂ ਨੂੰ ਇਹ ਸਿਖਾਉਣਾ ਚਾਹੀਦਾ ਹੈ ਕਿ 19 ਇੱਕ ਸਹਾਇਕ ਸਾਧਨ ਹੈ, ਨਾ ਕਿ ਮਨੁੱਖੀ ਸੋਚ ਅਤੇ ਰਚਨਾਤਮਕਤਾ ਦਾ ਬਦਲ। ਉਹਨਾਂ ਨੂੰ ਡਾਟਾ ਗੋਪਨੀਯਤਾ, ਸਾਈਬਰ ਸੁਰੱਖਿਆ, ਡਿਜ਼ਿਟਲ ਨਾਗਰਿਕਤਾ ਅਤੇ 19 ਦੇ ਜ਼ਿੰਮੇਵਾਰ ਉਪਯੋਗ ਬਾਰੇ ਵੀ ਸਿੱਖਿਆ ਦਿੱਤੀ ਜਾਣੀ ਚਾਹੀਦੀ ਹੈ।ਰਾਸ਼ਟਰੀ ਸਿੱਖਿਆ ਨੀਤੀ 2020 ਨੇ ਵੀ ਭਵਿੱਖ ਦੀਆਂ ਲੋੜਾਂ ਅਨੁਸਾਰ ਤਕਨਾਲੋਜੀ-ਅਧਾਰਿਤ ਸਿੱਖਿਆ ਨੂੰ ਮਹੱਤਵ ਦਿੱਤਾ ਹੈ। 19 ਸਿੱਖਿਆ ਇਸ ਨੀਤੀ ਦੇ ਉਦੇਸ਼ਾਂ ਨੂੰ ਪੂਰਾ ਕਰਨ ਵਿੱਚ ਅਹਿਮ ਭੂਮਿਕਾ ਨਿਭਾ ਸਕਦੀ ਹੈ। ਜੇਕਰ ਸਕੂਲ ਪੱਧਰ ਤੋਂ ਹੀ ਵਿਦਿਆਰਥੀਆਂ ਨੂੰ 19 ਦੀ ਸਮਝ ਦਿੱਤੀ ਜਾਵੇ ਤਾਂ ਭਾਰਤ ਵਿਸ਼ਵ ਪੱਧਰ 'ਤੇ ਤਕਨਾਲੋਜੀ ਅਤੇ ਨਵੀਨਤਾ ਦੇ ਖੇਤਰ ਵਿੱਚ ਹੋਰ ਮਜ਼ਬੂਤ ਸਥਿਤੀ ਹਾਸਲ ਕਰ ਸਕਦਾ ਹੈ।ਭਵਿੱਖ ਵਿੱਚ 19 ਅਧਿਆਪਕਾਂ ਦਾ ਸਥਾਨ ਨਹੀਂ ਲਵੇਗੀ, ਸਗੋਂ ਉਹਨਾਂ ਦੀ ਸਮਰੱਥਾ ਨੂੰ ਹੋਰ ਮਜ਼ਬੂਤ ਬਣਾਏਗੀ। ਇੱਕ ਅਧਿਆਪਕ ਦੀ ਮਨੁੱਖੀ ਸੰਵੇਦਨਸ਼ੀਲਤਾ, ਨੈਤਿਕ ਮਾਰਗਦਰਸ਼ਨ ਅਤੇ ਪ੍ਰੇਰਣਾਦਾਇਕ ਭੂਮਿਕਾ ਨੂੰ ਕੋਈ ਵੀ ਮਸ਼ੀਨ ਪੂਰੀ ਤਰ੍ਹਾਂ ਨਹੀਂ ਨਿਭਾ ਸਕਦੀ। 19 ਅਧਿਆਪਕਾਂ ਨੂੰ ਰੁਟੀਨ ਕੰਮਾਂ ਤੋਂ ਰਾਹਤ ਦੇ ਕੇ ਉਹਨਾਂ ਨੂੰ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਉੱਤੇ ਵਧੇਰੇ ਧਿਆਨ ਦੇਣ ਦਾ ਮੌਕਾ ਪ੍ਰਦਾਨ ਕਰ ਸਕਦੀ ਹੈ।ਸਿੱਟੇ ਵਜੋਂ ਕਿਹਾ ਜਾ ਸਕਦਾ ਹੈ ਕਿ ਸਕੂਲਾਂ ਵਿੱਚ ਪ੍ਰਭਾਵਸ਼ਾਲੀ 19 ਸਿੱਖਿਆ ਅੱਜ ਦੀ ਨਹੀਂ, ਸਗੋਂ ਆਉਣ ਵਾਲੇ ਕੱਲ੍ਹ ਦੀ ਲੋੜ ਹੈ। ਅਧਿਆਪਕਾਂ ਦੇ ਦ੍ਰਿਸ਼ਟੀਕੋਣ ਤੋਂ ਇਹ ਵਿਦਿਆਰਥੀਆਂ ਨੂੰ ਗਿਆਨ, ਕੌਸ਼ਲ ਅਤੇ ਨਵੀਨਤਾ ਨਾਲ ਸਸ਼ਕਤ ਬਣਾਉਣ ਦਾ ਇੱਕ ਮਹੱਤਵਪੂਰਨ ਮਾਧਿਅਮ ਹੈ। ਜੇਕਰ ਅਧਿਆਪਕਾਂ ਦੀ ਸਿਖਲਾਈ, ਡਿਜ਼ਿਟਲ ਬੁਨਿਆਦੀ ਢਾਂਚੇ ਦੀ ਮਜ਼ਬੂਤੀ ਅਤੇ ਨੈਤਿਕ 19 ਸਿੱਖਿਆ ਉੱਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇ ਤਾਂ ਸਾਡੇ ਸਕੂਲ ਭਵਿੱਖ ਦੀ ਤਕਨਾਲੋਜੀਕਲ ਦੁਨੀਆ ਲਈ ਯੋਗ, ਜ਼ਿੰਮੇਵਾਰ ਅਤੇ ਨਵੀਨਤਾਕਾਰੀ ਨਾਗਰਿਕ ਤਿਆਰ ਕਰਨ ਵਿੱਚ ਸਫਲ ਹੋਣਗੇ। 19 ਸਿੱਖਿਆ ਦਾ ਉਦੇਸ਼ ਕੇਵਲ ਤਕਨਾਲੋਜੀ ਦੀ ਜਾਣਕਾਰੀ ਦੇਣਾ ਨਹੀਂ, ਸਗੋਂ ਵਿਦਿਆਰਥੀਆਂ ਨੂੰ ਅਜਿਹੇ ਸਸ਼ਕਤ ਵਿਅਕਤੀ ਬਣਾਉਣਾ ਹੈ ਜੋ ਗਿਆਨ, ਮੁੱਲਾਂ ਅਤੇ ਨਵੀਨਤਾ ਦੇ ਆਧਾਰ 'ਤੇ ਦੇਸ਼ ਅਤੇ ਸਮਾਜ ਦੀ ਤਰੱਕੀ ਵਿੱਚ ਆਪਣਾ ਮਹੱਤਵਪੂਰਨ ਯੋਗਦਾਨ ਪਾ ਸਕਣ।

**ਸਟੇਟ ਐਵਾਰਡੀ ਹੈੱਡਮਾਸਟਰ, ਪੀ.ਐੱਮ. ਸ਼੍ਰੀ ਸਰਕਾਰੀ ਹਾਈ ਸਕੂਲ ਛਾਂਗਾ ਰਾਏ ਉਤਾੜ, ਜ਼ਿਲ੍ਹਾ ਫਿਰੋਜ਼ਪੁਰ**



# Preetnama

# प्रीतनामा

खरा सच

Khara Sach

On our English language New Website
WWW.PREET NEWS.COM

Chief Editor
Pritpal Kaur
+1 201-312-4180

Vol 4, Issue 367 | Website: www.preetnama.com Email preetnamausa@gmail.com | 21 AUGUST TO 27 AUGUST, 2026




# विटामिन डी की कमी से हो सकती है जोड़ों की बीमारी




क्या आप जानते हैं विटामिन डी की कमी से आर्थराइटिस (जोड़ों की बिमारी) हो सकती है। आम तौर पर किसी का भी ध्यान विटामिन डी की ओर नहीं जाता और बिमारी बढ़ती रहती है। आज की आधुनिक जीवन शैली से ही भी यह बिमारी बढ़ रही है। आजकल घरों और दफ्तरों में शीशे का जमकर उपयोग हो रहा है पर ये आपकी हड्डियों के लिए खतरनाक साबित हो रहा है। ऐसे घर और दफ्तर न केवल ताजा हवा, बल्कि धूप भी नहीं आने देते जिस कारण शरीर में विटामिन-डी की कमी हो जाती है। इससे हड्डियां कमजोर होती हैं। देश के अलग-अलग शहरों में जोड़ों में दर्द एवं गठिया (अर्थराइटिस) के एक हजार मरीजों पर हुए अध्ययन में पाया गया है कि ऐसे मरीजों में से 95 प्रतिशत मरीजों में विटामिन-डी की कमी होती है और इसका एक मुख्य कारण पर्याप्त मात्रा में धूप न मिलना है, जो विटामिन-डी का मुख्य स्रोत है।

आर्थराइटिस केयर फाउंडेशन के अनुसार दरअसल विटामिन-डी का मुख्य स्रोत सूर्य की रोशनी है, जो हड्डियों के अलावा पाचन क्रिया में भी बहुत उपयोगी है। व्यस्त दिनचर्या और आधुनिक संसाधनों के कारण लोग तेज धूप नहीं ले पाते। खुले मैदान में घूमना-फिरना और खेलना भी बंद हो गया। इस कारण धूप के जरिए मिलने वाला विटामिन-डी उन तक नहीं पहुंच पाता।

जब भी किसी को घुटने या जोड़ में दर्द होता है, तो उसे लगता है कि कैल्शियम की कमी हो गई है, जबकि विटामिन-डी की ओर किसी का ध्यान नहीं जाता।

अगर कैल्शियम के साथ-साथ विटामिन-डी की भी समय पर जांच करवा ली जाए तो आर्थराइटिस को बढ़ने से रोका जा सकता है। इसके अलावा बचपन में खानपान की गलत आदतों व कैल्शियम की कमी के कारण आर्थराइटिस के अलावा ऑस्टियोपोरोसिस की भी संभावना बहुत अधिक होती है। ऑस्टियोपोरोसिस में कैल्शियम की कमी के कारण हड्डियों का घनत्व एवं अस्थि मज्जा बहुत कम हो जाता है। साथ ही हड्डियों की बनावट भी खराब हो जाती है, जिससे हड्डियां अत्यंत भुरभुरी और अति संवेदनशील हो जाती हैं। इस कारण हड्डियों पर हल्का दबाव पड़ने या हल्की चोट लगने पर भी वे टूट जाती हैं।

सबसे ज्यादा चिंता की बात है कि वर्तमान पीढ़ी कम कैल्शियम वाला आहार और विटामिन-डी की अपर्याप्त मात्रा ले रही है, जिससे उनमें हड्डियों का घनत्व कम और हड्डियां कमजोर हो रही हैं।

प्रतिदिन केवल एक पेय पदार्थ जैसे कोला पीने वाली महिलाओं की तुलना में प्रतिदिन तीन कोला पीने वाली महिलाओं के कूल्हे की हड्डियों का घनत्व 2. 3 से 5.1 प्रतिशत तक कम पाया गया है। बड़ी उम्र में होने वाले इस रोग से बचपन में ही बचाव किया जा सकता है। अगर बच्चों को खासकर किशोरावस्था में प्रतिदिन 1200 से 1300 मिलीग्राम कैल्शियम दिया जाए तो वे इस बीमारी से बच सकते हैं।

# फलों के रस की अधिकता भी हो सकती है नुकसानदेह

फलों का रस पीना सेहत के लिए बहुत फायदेमंद माना जाता है। फलों का रस से शरीर में पानी की कमी नहीं होती साथ ही उर्जा भी मिलती है पर क्या आपको पता है कि ज्यादा रस पीना भी सेहत के लिए नुकसानदायक हो सकता है। जी हां, फलों का रस सेहत के लिए जितना फायदेमंद होता है उतना ही इसका सेवन नुकसानदायक भी हो सकता है।

कैसे हो सकता है नुकसानदेह -होता है उल्टा असर- कुछ फलों को खाने की जगह उनके रस का विपरीत असर पड़ता है। जिसे लोग फायदे के लिए पीते हैं, उस जूस का सेहत पर उल्टा असर पड़ता है। जैसे सेब, अंगूर आदि फल डायबिटीज के लिए फायदेमंद होते हैं, लेकिन उनका रस नुकसानदायक होता है। ऐसा इसलिए क्योंकि रस में ज्यादा कैलोरी और शुगर होता है। इसके अलावा फाइबर की मात्रा भी कम होती है। यही कारण है कि रस पीने के बाद पेट भरा-भरा लगता है। इसलिए डॉक्टरों का मानना है कि रस का सेवन की जगह फल खाना चाहिये। रस पीने से पेट भरा हुआ लगता है और खाना कम खा पाते हैं, वहीं फल खाने के बाद व्यक्ति ज्यादा खाना खा सकता है।

नियमित न पीयें फलों का रस -कुछ लोग नियमित तौर पर फलों के रस का सेवन करते हैं लेकिन रोजाना यह रस पीना सेहत के लिए फायदेमंद नहीं रहता। इसलिए कोशिश करें कि नियमित तौर पर रस न पीयें।

ज्यादा रस पीने के नुकसान इस प्रकार हैं।

बढ़ता है मोटापा -रोग प्रतिरोधी सिस्टम होता है कमजोर

ब्लड शुगर स्तर होता है प्रभावित बढ़ता है डायबिटीज का खतरा

इससे सिरदर्द, मूड स्विंग्स की भी रहती है आशंका।

पीने लायक नहीं होता सड़क किनारे बिकने वाला रस - सड़क किनारे बिकने वाले रस और अन्य पेय का 81 प्रतिशत हिस्सा पीने के काबिल नहीं होता है। नींबू पानी, गन्ने के रस और बर्फ का गोला बेचने वाले विभिन्न स्टालों पर खराब पानी और बर्फ का इस्तेमाल होता है।

# लू से बचने के लिए पानी का अधिक सेवन करें

गर्मियों में पानी का अधिक से अधिक सेवन आपको सेहतमंद बनाये रखेगा। इस मौसम में तापमान अधिक होने कके कारण पसीना ज्यादा आता है, ऐसे में शरीर में पानी की कमी हो जाती है। इसका ध्यान रखते हुए अधिक से अधिक पानी का सेवन आपको हीट स्ट्रोक (लू) से बचाएगा। लंबे समय तक गर्मी में रहने के कारण होने वाली तीन सबसे आम समस्याएं हैं, जिनमें ऐंठन, थकावट और हीट स्ट्रोक शामिल हैं। अत्यधिक पसीना निकलने से इलेक्ट्रोलाइट्स कम होता है जिससे डिहाइड्रेशन और इलेक्ट्रोलाइट्स का तीव्र असंतुलन हो सकता है। अधिक समय तक धूप में रहने, शारीरिक गतिविधि, उपवास, तीव्र आहार, कुछ दवाओं और बीमारी व संक्रमण के चलते निर्जलीकरण कहीं भी और कभी भी हो सकता है। इसके आम लक्षणों में थकान, चक्कर आना, सिरदर्द, गहरे पीले रंग का मूत्र, शुष्क मुंह और चिड़चिड़ापन शामिल हैं। इस मौसम में खुद को हाइड्रेटेड रखने के लिए पर्याप्त मात्रा में पानी पीते रहना महत्वपूर्ण है।

चिकित्सक का कहना है कि गर्मियों में अत्यधिक पसीना आने के कारण वयस्कों में पानी की आवश्यकता 500 मिलीलीटर तक बढ़ जाती है। इस समय टाइफाइड, पीलिया और दस्त की भी आशंका रहती है। इसके कुछ कारणों में पर्याप्त मात्रा में पानी न पीना और खराब भोजन, पेयजल व हाथों की स्वच्छता न रखना शामिल है। इस मौसम में लौकी, तोरी, टिंडा, कद्दू आदि का ज्यादा सेवन करना चाहिये।

# हीट स्ट्रोक हो सकता है जानलेवा



तेज गरमी के साथ ही हीट स्ट्रोक की वजह से बीमार होकर अस्पतालों में पहुंचने वालों की संख्या लगातार बढ़ रही है। हीट स्ट्रोक होने पर मरीज को तुरंत अस्पताल ले जाना चाहिए। यह जानलेवा हो सकता है। कई लोग किसी भी तरह के डिहाइड्रेशन से जुड़े लक्षण को हीट स्ट्रोक कहते हैं। यह ठीक नहीं है। हीट स्ट्रोक के लक्षणों पर गौर किया जाए तो इससे बचा जा सकता है।

हीट स्ट्रोक से पहले आते हैं ये लक्षण

जरूरत से अधिक पसीना आना

ब्लड प्रेशर में कमी होना

मांशपेशियों में ऐंठन होना

डिहाइड्रेशन के साथ मितली, चक्कर आना, कमजोरी और सुस्ती हालांकि पीड़ित होश में रहता है।

लेकिन इस स्थिति में अगर वह बेहोश हो जाए तो समझिए उसे हीट स्ट्रोक हो सकता है।

हीट स्ट्रोक में नजर आते हैं ये संकेत

त्वचा गर्म और शुष्क हो जाती है

शरीर का तापमान 104 डिग्री (40 डिग्री सेल्सियस) या अधिक होना

दिल की धड़कन और सांसें तेज हो जाना या कम हो जाना

अचानक बेहोशी छा जाना

रक्त वाहिकाओं का कसना

यह शरीर के पहले से ही कम हो चुके ब्लड प्रेशर को बढ़ाने का प्रयास करता है।

इस समय अधिक खतरा

हीट स्ट्रोक हर व्यक्ति की प्रतिरोधक क्षमता के आधार पर आ सकता है लेकिन फिर भी कुछ लोगों को इसकी आशंका अधिक होती है।

तेज धूप में अधिक समय तक काम करने वालों को खतरा अधिक

अधिकतर हीट स्ट्रोक उस समय होता है, जब कोई शख्स बिना तरल पदार्थ लिए बहुत गर्म और आर्द्र मौसम में देर तक काम करता है।शिशुओं, छोटे बच्चों या बुजुर्गों (विशेषकर 65 वर्ष से अधिक आयु) के मामले में अधिक सावधानी बरतने की जरूरत

- मधुमेह, मानसिक बीमारी, ब्लड प्रेशर की दवा खाने वाले, बहुत अधिक शराब पीने वाले या मोटापे से ग्रस्त व्यक्ति को खतरा अधिक

यह करें -संभव हो तो पीड़ित व्यक्ति को स्नान कराएं या ऐसा नहीं है तो उसे गीली बेडशीट में लपेटें

पीड़ित को हाइड्रेटेड करना चाहिए और पानी पिलाना चाहिए

इस अवस्था में खून गाढ़ा हो जाता है। ऐसे में पानी या इलेक्ट्रोलाइट्स से भरपूर तरल चीजें दें। मरीज को तुरंत अस्पताल ले जाने की जरूरत होती है

यह कभी न करें-एनर्जी या शुगर वाले पेय पदार्थ न दें

बचाव -शुगर का कम इस्तेमाल करें

धूप में निकलने से बचें कैफीन और शराब से बचें

इस दौरान खूब पानी पीएं

हल्के रंग के ढीले-ढाले कपड़े पहनें

बाहर निकलते समय छाते, टोपी या कपड़े से खुद को ढंकें

यह भी जानें

एसी बना रहा बीमार

तपती गर्मी में जब पारा 40 के पास पहुंचता है तो हम राहत के लिए एयर कंडिशनर का सहारा लेते हैं। हम दिनभर एयर कंडिशनर वाले ऑफिस में रहते हैं और रात में भी एसी में सोते हैं। उमस भरी गर्मी में आपको राहत भले मिल जाती हो पर एसी आपकी सेहत को काफी नुकसान पहुंचा सकते हैं। नहीं मिलती ताजी हवा एसी रूम में हम सारे दरवाजे खिड़की बंद रखने होते हैं ताकि कमरा ठंडा हो सके। ऐसे में कहीं से भी ताजा हवा नहीं पहुंचती जो कि सेहत के लिए काफी नुकसानदायक है। ताजी हवा की कमी से हर वक्त थकान लगती रहती है। एसी की डक्ट अगर साफ नहीं है तो आपको सांस से जुड़ी समस्याएं और फेफड़ों का संक्रमण भी हो सकता है। बहुत ठंडा वातावरण-कई बार हम सो रहे होते हैं तो तापमान काफी ठंडा हो जाता है। जागते वक्त तो हम इसको मेनटेन कर सकते हैं लेकिन सोते वक्त कई बार यह हमारे शरीर के सहने की क्षमता से भी कम हो जाता है। ठंडक की वजह से सिरदर्द और पीठ दर्द जैसी समस्याएं हो सकती हैं। जरूरत से ज्यादा ठंड से जोड़ों में दर्द की समस्या होती है और धीरे-धीरे यह गठिया में तब्दील हो सकती है। रूखापन-एयर कंडिशनर हवा से नमी को सोख लेते हैं इतना ही नहीं ये हमारी त्वचा और बालों की नमी भी अवशोषित करते हैं जिससे त्वचा और बाल ड्राई हो जाते हैं। आपकी त्वचा में झुर्रियां जल्दी पड़ सकती हैं साथ ही त्वचा से जुड़ी और भी समस्याएं हो सकती हैं।

Preetnama
ਪ੍ਰੀਤਨਾਮਾ
ਖ਼ਰਾ ਸੱਚ
Khara Sach
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 367
Website: www.preetnama.com Email preetnamausa@gmail.com
21 AUGUST TO 27 AUGUST, 2026

ਅੱਜ ਦਾ ਸਭ ਤੋਂ ਆਸਾਨ ਫੈਸਲਾ ਜ਼ਰੂਰੀ ਨਹੀਂ ਕਿ ਕੱਲ੍ਹ ਦਾ ਸਭ ਤੋਂ ਸਿਆਣਾ ਫੈਸਲਾ ਹੋਵੇ। ਸੋਸ਼ਲ ਮੀਡੀਆ ਨੇ ਤੁਰੰਤ ਪ੍ਰਤੀਕਿਰਿਆਵਾਂ ਦੀ ਸੰਸਕ੍ਰਿਤੀ ਪੈਦਾ ਕਰ ਦਿੱਤੀ ਹੈ। ਇੱਕ ਸੁਰਖੀ ਪੜ੍ਹੀ, ਤੁਰੰਤ ਰਾਇ ਬਣਾਈ ਅਤੇ ਬਿਨਾਂ ਪੂਰਾ ਸੰਦਰਭ ਜਾਣੇ ਕਿਸੇ ਵਿਅਕਤੀ ਜਾਂ ਘਟਨਾ ਬਾਰੇ ਫੈਸਲਾ ਸੁਣਾ ਦਿੱਤਾ।

ਅਸੀਂ ਹੌਲੀ-ਹੌਲੀ ਅਜਿਹੇ ਮਾਹੌਲ ਵਿੱਚ ਰਹਿਣ ਲੱਗੇ ਹਾਂ ਜਿੱਥੇ ਤੇਜ਼ੀ ਨੂੰ ਕਈ ਵਾਰ ਬੁੱਧੀਮਾਨੀ ਸਮਝ ਲਿਆ ਜਾਂਦਾ ਹੈ।

ਪਰ ਤੁਰੰਤ ਪ੍ਰਤੀਕਿਰਿਆ ਹਮੇਸ਼ਾ ਸਿਆਣੀ ਪ੍ਰਤੀਕਿਰਿਆ ਨਹੀਂ ਹੁੰਦੀ।

ਕੋਈ ਜਾਣਕਾਰੀ ਅੱਗੇ ਭੇਜਣ ਤੋਂ ਪਹਿਲਾਂ ਸਾਨੂੰ ਪੁੱਛਣਾ ਚਾਹੀਦਾ ਹੈ—ਕੀ ਇਹ ਸੱਚ ਹੈ ?

ਕਿਸੇ ਵਿਅਕਤੀ ਦੀ ਨਿੰਦਾ ਕਰਨ ਤੋਂ ਪਹਿਲਾਂ—ਕੀ ਸਾਨੂੰ ਪੂਰੀ ਕਹਾਣੀ ਪਤਾ ਹੈ ?

ਕਿਸੇ ਨੀਤੀ ਦਾ ਸਮੱਰਥਨ ਕਰਨ ਤੋਂ ਪਹਿਲਾਂ—ਇਸਦੇ ਲੰਬੇ ਸਮੇਂ ਦੇ ਪ੍ਰਭਾਵ ਕੀ ਹੋ ਸਕਦੇ ਹਨ ?

ਕੁਝ ਪਲਾਂ ਦੀ ਸੋਚ ਕਈ ਵਾਰ ਵੱਡੇ ਨੁਕਸਾਨ ਤੋਂ ਬਚਾ ਸਕਦੀ ਹੈ। ਰੋਜ਼ਾਨਾ ਜੀਵਨ ਵਿੱਚ ਵੀ ਇਹ ਸੋਚ ਜ਼ਰੂਰੀ ਹੈ। ਦੂਜੇ ਪੱਧਰ ਦੀ ਸੋਚ ਸਿਰਫ਼ ਸਰਕਾਰਾਂ, ਪ੍ਰਸ਼ਾਸਕਾਂ ਜਾਂ ਕਾਰੋਬਾਰੀ ਨੇਤਾਵਾਂ ਲਈ ਨਹੀਂ ਹੈ। ਇਹ ਸਾਡੇ ਰੋਜ਼ਾਨਾ ਜੀਵਨ ਦਾ ਵੀ ਮਹੱਤਵਪੂਰਨ ਹਿੱਸਾ ਬਣ ਸਕਦੀ ਹੈ।

ਗੁੱਸੇ ਵਿੱਚ ਬੋਲਣ ਤੋਂ ਪਹਿਲਾਂ ਸੋਚੀਏ ਕਿ ਸਾਡੇ ਸ਼ਬਦ ਕਿਸੇ ਰਿਸ਼ਤੇ ਨੂੰ ਕਿੱਥੇ ਲੈ ਜਾ ਸਕਦੇ ਹਨ। ਕੋਈ ਬੇਲੋੜੀ ਚੀਜ਼ ਖਰੀਦਣ ਤੋਂ ਪਹਿਲਾਂ ਸੋਚੀਏ ਕਿ ਇਸ ਦਾ ਭਵਿੱਖੀ ਵਿੱਤੀ ਲੋੜਾਂ 'ਤੇ ਕੀ ਪ੍ਰਭਾਵ ਪਵੇਗਾ। ਕੈਰੀਅਰ ਦੀ ਚੋਣ ਕਰਦੇ ਸਮੇਂ ਸਿਰਫ਼ ਤਨਖਾਹ ਨਹੀਂ, ਸਿੱਖਣ ਦੇ ਮੌਕੇ, ਸਥਿਰਤਾ ਅਤੇ ਭਵਿੱਖੀ ਸੰਭਾਵਨਾਵਾਂ ਵੀ ਵੇਖੀਏ। ਬਿਨਾਂ ਪੁਸ਼ਟੀ ਕੀਤੇ ਸੁਨੇਹੇ ਨੂੰ ਅੱਗੇ ਭੇਜਣ ਤੋਂ ਪਹਿਲਾਂ ਸੋਚੀਏ ਕਿ ਜੇ ਉਹ ਝੂਠਾ ਨਿਕਲਿਆ ਤਾਂ ਇਸਦੇ ਕੀ ਨਤੀਜ਼ੇ ਹੋ ਸਕਦੇ ਹਨ।

ਅਕਸਰ ਸਿਆਣਪ ਅਤੇ ਪਛਤਾਵੇ ਵਿਚਕਾਰ ਸਿਰਫ਼ ਕੁਝ ਪਲ ਰੁਕ ਕੇ ਸੋਚਣ ਦਾ ਫਰਕ ਹੁੰਦਾ ਹੈ। ਨੀਅਤ ਨਹੀਂ, ਨਤੀਜ਼ਾ ਵੀ ਮਹੱਤਵਪੂਰਨ ਹੈ ਦੂਜੇ ਪੱਧਰ ਦੀ ਸੋਚ ਸਾਨੂੰ ਇਹ ਮਹੱਤਵਪੂਰਨ ਸਬਕ ਦਿੰਦੀ ਹੈ ਕਿ ਨੀਅਤ ਅਤੇ ਨਤੀਜ਼ਾ ਇੱਕੋ ਚੀਜ਼ ਨਹੀਂ ਹਨ।

ਕੋਈ ਵਿਅਕਤੀ ਮਦਦ ਕਰਨ ਦੀ ਨੀਅਤ ਨਾਲ ਅਜਿਹਾ ਕਦਮ ਚੁੱਕ ਸਕਦਾ ਹੈ ਜੋ ਦੂਜੇ ਵਿੱਚ ਨਿਰਭਰਤਾ ਪੈਦਾ ਕਰ ਦੇਵੇ। ਕੋਈ ਪ੍ਰਸ਼ਾਸਕ ਅਨੁਸ਼ਾਸਨ ਵੱਧਾਉਣ ਦੀ ਕੋਸ਼ਿਸ਼ ਵਿੱਚ ਡਰ ਦਾ ਮਾਹੌਲ ਪੈਦਾ ਕਰ ਸਕਦਾ ਹੈ। ਕੋਈ ਅਧਿਆਪਕ ਪ੍ਰੀਖਿਆ ਨਤੀਜ਼ੇ ਸੁਧਾਰਨ ਦੀ ਕੋਸ਼ਿਸ਼ ਵਿੱਚ ਵਿਦਿਆਰਥੀਆਂ ਦੀ ਰਚਨਾਤਮਕਤਾ ਨੂੰ ਦਬਾ ਸਕਦਾ ਹੈ। ਕੋਈ ਸਰਕਾਰ ਲੋਕ-ਹਿੱਤ ਦੀ ਨੀਤੀ ਲਿਆ ਸਕਦੀ ਹੈ, ਪਰ ਉਸਦੇ ਨਾਲ ਅਣਚਾਹੇ ਪ੍ਰਸ਼ਾਸਨਿਕ ਬੋਝ ਵੀ ਪੈਦਾ ਹੋ ਸਕਦੇ ਹਨ।

ਇਸ ਲਈ ਚੰਗੇ ਫੈਸਲਾ-ਕਰਤਾ ਆਪਣੇ ਫੈਸਲਿਆਂ ਦੇ ਨਤੀਜ਼ਿਆਂ ਦਾ ਇਮਾਨਦਾਰੀ ਨਾਲ ਮੁਲਾਂਕਣ ਕਰਦੇ ਹਨ। ਜੇ ਨਤੀਜ਼ੇ ਨੀਅਤ ਤੋਂ ਵੱਖਰੇ ਨਿਕਲਣ ਤਾਂ ਅਸਲ ਸਿਆਣਪ ਫੈਸਲੇ ਦਾ ਅੰਨ੍ਹਾ ਬਚਾਅ ਕਰਨਾ ਨਹੀਂ, ਸਗੋਂ ਸਿੱਖਣਾ, ਸੋਧਣਾ ਅਤੇ ਬਿਹਤਰ ਬਣਾਉਣਾ ਹੈ।

ਦੂਜੇ ਪੱਧਰ ਦੀ ਸੋਚ ਕਿਵੇਂ ਵਿਕਸਿਤ ਕਰੀਏ ?

ਇਸ ਲਈ ਕਿਸੇ ਅਸਾਧਾਰਣ ਬੁੱਧੀ ਦੀ ਲੋੜ ਨਹੀਂ। ਸਿਰਫ਼ ਸਵਾਲ ਪੁੱਛਣ ਦੀ ਇੱਕ ਅਨੁਸ਼ਾਸਿਤ ਆਦਤ ਬਣਾਉਣੀ ਲੋੜੀਂਦੀ ਹੈ।

ਕਿਸੇ ਮਹੱਤਵਪੂਰਨ ਫੈਸਲੇ ਤੋਂ ਪਹਿਲਾਂ ਆਪਣੇ ਆਪ ਨੂੰ ਪੁੱਛੀਏ—
- ਇਸ ਦਾ ਤੁਰੰਤ ਨਤੀਜ਼ਾ ਕੀ ਹੋਵੇਗਾ ?
- ਇਸ ਨਤੀਜ਼ੇ ਤੋਂ ਬਾਅਦ ਕੀ ਹੋ ਸਕਦਾ ਹੈ ?
- ਲੋਕ ਇਸ 'ਤੇ ਕਿਵੇਂ ਪ੍ਰਤੀਕਿਰਿਆ ਕਰਨਗੇ ?
- ਇਸਦੇ ਕਿਹੜੇ ਅਣਚਾਹੇ ਨਤੀਜ਼ੇ ਨਿਕਲ ਸਕਦੇ ਹਨ ?
- ਇਸ ਨਾਲ ਕਿਸਨੂੰ ਲਾਭ ਹੋਵੇਗਾ ਅਤੇ ਕਿਸਨੂੰ ਨੁਕਸਾਨ ?
- ਛੇ ਮਹੀਨੇ ਜਾਂ ਇੱਕ ਸਾਲ ਬਾਅਦ ਇਹ ਫੈਸਲਾ ਕਿਹੋ ਜਿਹਾ ਦਿਖਾਈ ਦੇਵੇਗਾ ?
- ਕੀ ਇਸੇ ਸਮੱਸਿਆ ਦਾ ਕੋਈ ਹੋਰ ਹੱਲ ਹੈ ਜਿਸਦੇ ਨਕਾਰਾਤਮਕ ਨਤੀਜ਼ੇ ਘੱਟ ਹੋਣ ?

ਇਹ ਸਵਾਲ ਸਾਨੂੰ ਤੁਰੰਤ ਭਾਵਨਾਤਮਕ ਪ੍ਰਤੀਕਿਰਿਆ ਤੋਂ ਕੱਢ ਕੇ ਵਿਆਪਕ ਅਤੇ ਦੂਰਦਰਸ਼ੀ ਸੋਚ ਵੱਲ ਲੈ ਜਾਂਦੇ ਹਨ ।ਸਮਾਜ ਦੀ ਤਰੱਕੀ ਸੋਚ ਦੀ ਗੁਣਵੱਤਾ 'ਤੇ ਨਿਰਭਰ ਹੈ। ਕਿਸੇ ਸਮਾਜ ਦੀ ਮਜ਼ਬੂਤੀ ਉਸਦੇ ਫੈਸਲਿਆਂ ਦੀ ਗੁਣਵੱਤਾ ਨਾਲ ਡੂੰਘੀ ਤਰ੍ਹਾਂ ਜੁੜੀ ਹੋਈ ਹੈ। ਸੰਸਥਾਵਾਂ ਉਦੋਂ ਮਜ਼ਬੂਤ ਹੁੰਦੀਆਂ ਹਨ ਜਦੋਂ ਉਨ੍ਹਾਂ ਦੇ ਨੇਤਾ ਨਿੱਜੀ ਸਹੂਲਤ, ਤੁਰੰਤ ਲੋਕਪ੍ਰਿਯਤਾ ਅਤੇ ਅਸਥਾਈ ਅੰਕੜਿਆਂ ਤੋਂ ਉੱਪਰ ਉੱਠ ਕੇ ਸੋਚਦੇ ਹਨ। ਸਾਨੂੰ ਅਜਿਹੇ ਲੋਕਾਂ ਦੀ ਘਾਟ ਨਹੀਂ ਜੋ ਸਮੱਸਿਆਵਾਂ 'ਤੇ ਤੁਰੰਤ ਪ੍ਰਤੀਕਿਰਿਆ ਕਰ ਸਕਣ। ਲੋੜ ਉਨ੍ਹਾਂ ਲੋਕਾਂ ਦੀ ਹੈ ਜੋ ਸਮੱਸਿਆ ਦੀ ਜੜ੍ਹ ਸਮਝਣ ਅਤੇ ਉਸਦੇ ਭਵਿੱਖੀ ਪ੍ਰਭਾਵਾਂ ਦਾ ਅੰਦਾਜ਼ਾ ਲਗਾ ਸਕਣ।

ਸਾਨੂੰ ਨੀਤੀਆਂ ਦੀ ਘਾਟ ਨਹੀਂ; ਸਾਨੂੰ ਅਜਿਹੀਆਂ ਨੀਤੀਆਂ ਦੀ ਲੋੜ ਹੈ ਜੋ ਮਨੁੱਖੀ ਵਿਉਹਾਰ ਨੂੰ ਸਮਝਣ।

ਸਾਨੂੰ ਹੱਲਾਂ ਦੀ ਘਾਟ ਨਹੀਂ; ਸਾਨੂੰ ਅਜਿਹੇ ਹੱਲ ਚਾਹੀਦੇ ਹਨ ਜੋ ਇੱਕ ਛੋਟੀ ਸਮੱਸਿਆ ਨੂੰ ਹੱਲ ਕਰਦੇ ਹੋਏ ਕੋਈ ਵੱਡੀ ਸਮੱਸਿਆ ਪੈਦਾ ਨਾ ਕਰਨ।

ਸਭ ਤੋਂ ਵੱਧ ਲੋੜ ਅਜਿਹੇ ਸੱਭਿਆਚਾਰ ਦੀ ਹੈ ਜਿਸ ਵਿੱਚ ਸੋਚ-ਵਿਚਾਰ ਨੂੰ ਤੇਜ਼ ਕਾਰਵਾਈ ਜਿੰਨੀ ਹੀ ਮਹੱਤਤਾ ਦਿੱਤੀ ਜਾਵੇ। ਦੂਜੇ ਪੱਧਰ ਦੀ ਸੋਚ ਦਾ ਅਰਥ ਫੈਸਲੇ ਲੈਣ ਵਿੱਚ ਹਿਚਕਚਾਹਟ ਨਹੀਂ। ਇਸਦਾ ਅਰਥ ਹੈ ਜ਼ਿੰਮੇਵਾਰੀ ਨਾਲ ਫੈਸਲਾ ਲੈਣਾ। ਇਸਦਾ ਅਰਥ ਭਵਿੱਖ ਦੀ ਸਹੀ ਭਵਿੱਖਬਾਣੀ ਕਰਨਾ ਵੀ ਨਹੀਂ। ਇਸਦਾ ਅਰਥ ਸਿਰਫ਼ ਇਹ ਸਮਝਣਾ ਹੈ ਕਿ ਅੱਜ ਦੇ ਫੈਸਲੇ ਕੱਲ੍ਹ ਦੇ ਭਵਿੱਖ ਨੂੰ ਪ੍ਰਭਾਵਿਤ ਕਰਨਗੇ।

ਅੰਤ ਵਿੱਚ, ਕਿਸੇ ਵਿਅਕਤੀ, ਨੇਤਾ ਜਾਂ ਸੰਸਥਾ ਦੀ ਪਰਿਪੱਕਤਾ ਅਕਸਰ ਉਸਦੀ ਸੋਚ ਦੀ ਡੂੰਘਾਈ ਨਾਲ ਪਤਾ ਲੱਗਦੀ ਹੈ।

ਇੱਕ ਆਮ ਫੈਸਲਾ-ਕਰਤਾ ਪੁੱਛਦਾ ਹੈ:
ਹੁਣ ਸਾਨੂੰ ਕੀ ਕਰਨਾ ਚਾਹੀਦਾ ਹੈ ?
ਇੱਕ ਵਿਚਾਰਸ਼ੀਲ ਫੈਸਲਾ-ਕਰਤਾ ਪੁੱਛਦਾ ਹੈ:
ਜੇ ਅਸੀਂ ਇਹ ਕਰਾਂਗੇ ਤਾਂ ਕੀ ਹੋਵੇਗਾ ?
ਪਰ ਇੱਕ ਸਿਆਣਾ ਅਤੇ ਦੂਰਦਰਸ਼ੀ ਫੈਸਲਾ-ਕਰਤਾ ਇਸ ਤੋਂ ਇੱਕ ਕਦਮ ਅੱਗੇ ਪੁੱਛਦਾ ਹੈ:
ਅਤੇ ਇਸ ਤੋਂ ਬਾਅਦ ਕੀ ਹੋਵੇਗਾ ?

ਇਹ ਇੱਕ ਵਾਧੂ ਸਵਾਲ ਲੁਕੇ ਹੋਏ ਖਤਰਿਆਂ ਨੂੰ ਸਾਹਮਣੇ ਲਿਆ ਸਕਦਾ ਹੈ, ਅਣਚਾਹੇ ਨਤੀਜ਼ਿਆਂ ਦੀ ਪਛਾਣ ਕਰ ਸਕਦਾ ਹੈ ਅਤੇ ਕਈ ਟਾਲੇ ਜਾ ਸਕਣ ਵਾਲੀਆਂ ਗਲਤੀਆਂ ਤੋਂ ਬਚਾ ਸਕਦਾ ਹੈ।

ਤੇਜ਼ੀ ਨਾਲ ਦੌੜਦੀ ਦੁਨੀਆ ਵਿੱਚ ਸ਼ਾਇਦ ਅੱਜ ਦੀ ਸਭ ਤੋਂ ਵੱਡੀ ਸਿਆਣਪ ਕੁਝ ਪਲ ਰੁਕ ਕੇ ਸੋਚਣ ਦੀ ਸਮਰੱਥਾ ਹੈ।

ਪਹਿਲੇ ਨਤੀਜ਼ੇ ਤੋਂ ਅੱਗੇ ਸੋਚੋ।
ਤੁਰੰਤ ਪ੍ਰਭਾਵ ਤੋਂ ਪਰੇ ਦੇਖੋ।
ਇਹ ਸਮਝੋ ਕਿ ਅੱਜ ਦਾ ਫੈਸਲਾ ਕਿਹੋ ਜਿਹਾ ਭਵਿੱਖ ਤਿਆਰ ਕਰ ਰਿਹਾ ਹੈ।

ਕਿਉਂਕਿ ਹਰ ਕਾਰਵਾਈ ਦਾ ਇੱਕ ਪ੍ਰਤੀਕਰਮ ਹੁੰਦਾ ਹੈ, ਹਰ ਹੱਲ ਦਾ ਕੋਈ ਨਾ ਕੋਈ ਨਤੀਜ਼ਾ ਹੁੰਦਾ ਹੈ ਅਤੇ ਅੱਜ ਦਾ ਹਰ ਫੈਸਲਾ ਕਿਸੇ ਨਾ ਕਿਸੇ ਰੂਪ ਵਿੱਚ ਕੱਲ੍ਹ ਦੇ ਭਵਿੱਖ ਵਿੱਚ ਕੀਤਾ ਗਿਆ ਨਿਵੇਸ਼ ਹੁੰਦਾ ਹੈ।



# ਵਿਛੋੜੇ ਦੀ ਚੀਸ

ਸ਼ਿੰਦਰ ਸਿੰਘ ਮੀਰਪੁਰੀ
5592850841

ਵਿਛੋੜਾ ਸ਼ਬਦ ਇੱਕ ਅਜਿਹਾ ਸ਼ਬਦ ਹੈ ਜਿਸ ਨੂੰ ਸੁਣ ਕੇ ਕਈ ਵਾਰ ਤਾਂ ਰੂਹ ਤੱਕ ਕੰਬ ਜਾਂਦੀ ਹੈ ਕਿਉਂਕਿ ਵਿਛੋੜੇ ਦੀ ਬਦੌਲਤ ਬਹੁਤ ਸਾਰੇ ਇਨਸਾਨਾਂ ਵਿੱਚ ਦੂਰੀਆਂ ਪੈ ਜਾਂਦੀਆਂ ਹਨ ਤੇ ਵਿਛੋੜੇ ਨੇ ਕਈ ਘਰਾਂ ਨੂੰ ਬਰਬਾਦ ਕਰ ਦਿੱਤਾ । ਬਿਨਾਂ ਸ਼ੱਕ ਵਿਛੋੜਾ ਬਹੁਤ ਕੁਝ ਬਿਆਨ ਕਰਦਾ ਹੈ । ਜੇਕਰ ਵਿਛੋੜੇ ਦੀ ਵੇਦਨਾ ਨੂੰ ਪ੍ਰਗਟ ਕਰਨਾ ਹੋਵੇ ਤਾਂ ਬਹੁਤ ਸਾਰੇ ਸਫੇ ਭਰ ਜਾਣਗੇ ਪਰ ਵਿਛੋੜਾ ਸਬਦ ਦੀ ਲਿਖਣ ਵਿੱਚ, ਸੁਣਨ ਵਿੱਚ ਵਿਆਖਿਆ ਕਰਨੀ ਨਾ ਮੁਮਕਿਨ ਹੈ । ਇਹ ਵੀ ਕਹਿ ਸਕਦੇ ਹਾਂ ਕਿ ਵਿਛੋੜਾ ਜੇਕਰ ਪਰਿਵਾਰਾਂ ਦੇ ਵਿੱਚ ਪੈਂਦਾ ਹੈ ਤਾਂ ਹਾਲਾਤ ਬਹੁਤ ਬਦਲ ਜਾਂਦੇ ਹਨ ਤੇ ਜੇਕਰ ਭਰਾਵਾਂ ਦੇ ਵਿੱਚ ਪੈਂਦਾ ਹੈ ਤਾਂ ਕਹਾਣੀ ਲਿਖਣ ਦੇ ਲਾਇਕ ਨਹੀਂ ਰਹਿੰਦੀ ਤੇ ਜੇ ਕਰ ਵਿਛੋੜਾ ਪਤੀ ਪਤਨੀ ਵਿੱਚ ਪੈ ਜਾਵੇ ਤਾਂ ਉਥੇ ਤਾਂ ਸਬਦ ਵੀ ਮੁੱਕ ਜਾਂਦੇ ਹਨ । ਕੁੱਲ ਮਿਲਾ ਕੇ ਵਿਛੋੜਾ ਸਬਦ ਦੀ ਵਿਆਖਿਆ ਕਰਨੀ ਨਾ ਮੁਮਕਿਨ ਹੈ ਅੱਜ ਦੇ ਸਮੇਂ ਅੰਦਰ ਜਾਂ ਦੁਨਿਆਵੀ ਰਿਸ਼ਤਿਆਂ ਨੇ ਸਭ ਕੁਝ ਤਾਰ ਤਾਰ ਕਰ ਦਿੱਤਾ ਹੈ ।

ਵਿਛੋੜਾ ਭਾਵੇਂ ਮਾਂ ਪੁੱਤ ਦਾ ਹੋਵੇ ਜਾਂ ਹੋਰ ਵੀ ਕਿਸੇ ਰਿਸ਼ਤੇ ਦਾ ਵਿਛੋੜਾ ਤਾਂ ਵਿਛੋੜਾ ਹੈ ਆਖਰ ਵਿਛੋੜੇ ਦੀ ਵੇਦਨਾ ਪ੍ਰਗਟ ਕਰਕੇ ਪੰਜਾਬ ਦੇ ਲਿਖਾਰੀਆਂ ਨੇ ਬਹੁਤ ਕੁਝ ਲਿਖਿਆ ਪਰ ਵਿਛੋੜੇ ਦੀ ਕਿਤੋਂ ਵੀ ਕੋਈ ਥਾਹ ਨਹੀਂ ਪਾ ਸਕਿਆ । ਜੇਕਰ ਪਤੀ ਪਤਨੀ ਤੋਂ ਬਾਅਦ ਮਾਂ ਪੁੱਤਰ ਦੀ ਗੱਲ ਕਰੀਏ ਤਾਂ ਉਥੇ ਵੀ ਬਹੁਤ ਕੁਝ ਲਿਖਿਆ ਜਾ ਸਕਦਾ ਹੈ । ਇੱਕ ਮਾਂ ਜਦ ਆਪਣੇ ਪੁੱਤ ਨੂੰ ਵਰ੍ ?ਆਂ ਬਾਅਦ ਮਿਲਦੀ ਹੈ ਤਾਂ ਉਸਦਾ ਮਿਲਣਾ ਕੀ ਹੁੰਦਾ ਹੈ ਕਹਿਣ ਦੀ ਲੋੜ ਨਹੀਂ । ਉੱਥੇ ਤਾਂ ਸ਼ਬਦ ਵੀ ਮੁੱਕ ਜਾਂਦੇ ਨੇ ਉਸ ਤੋਂ ਬਾਅਦ ਇੱਕ ਭਰਾ ਦਾ ਆਪਣੇ ਭਾਈ ਨੂੰ ਮਿਲਣਾ ਉਸ ਨੂੰ ਵੀ ਵਿਛੋੜੇ ਦੀ ਚੀਸ ਵਜੋਂ ਅਸੀਂ ਵੇਖ ਸਕਦੇ ਹਾਂ । ਪਰ ਸਭ ਤੋਂ ਜਿਆਦਾ ਪੀੜਾ ਦਿੰਦਾ ਹੈ ਕਿਸੇ ਵੀ ਇਨਸਾਨ ਦਾ ਸਾਡੇ ਕੋਲੋਂ ਸਦਾ ਲਈ ਚਲਿਆ ਜਾਣਾ ਉਹ ਭਾਵੇਂ ਸਰੀਰਕ ਰੂਪ ਵਿੱਚ ਹੋਵੇ ਜਾਂ ਜੋ ਆਮ ਤੌਰ ਤੇ ਸਾਡੇ ਵਿੱਚ ਗੁੱਸੇ ਗਿੱਲੇ ਹੁੰਦੇ ਰਹਿੰਦੇ ਹਨ ਉਸ ਦਾ ਇੱਕ ਹਿੱਸਾ ਹੋਵੇ ਪਰ ਵਿਛੋੜਾ ਤਾਂ ਵਿਛੋੜਾ ਹੈ ।

ਅੱਜ ਸਾਡੇ ਸਮਾਜ ਅੰਦਰ ਕਿਸੇ ਵੀ ਖੇਤਰ ਦੇ ਅੰਦਰ ਰਿਸ਼ਤੇ ਨਾਤਿਆਂ ਦੀ ਕਦਰ ਘੱਟਦੀ ਜਾ ਰਹੀ ਹੈ । ਬਹੁਤ ਸਾਰੇ ਇਨਸਾਨ ਅਜਿਹੇ ਹਨ ਜਿਨਾਂ ਨੇ ਆਪਣੀ ਮਾਂ ਦੀ ਕਦਰ ਨਹੀਂ ਕੀਤੀ । ਬਹੁਤ ਸਾਰੇ ਇਨਸਾਨ ਅਜਿਹੇ ਹਨ ਜਿਨਾਂ ਨੇ ਆਪਣੇ ਪਰਿਵਾਰਾਂ ਨੂੰ ਨਹੀਂ ਸਾਂਭਿਆ ਪਰ ਗੁਰਬਾਣੀ ਦੇ ਫਲਸਫੇ ਅਨੁਸਾਰ ਜੇਕਰ ਗੱਲ ਕਰੀਏ ਤਾਂ ਗੁਰੂ ਸਾਹਿਬਾਨ ਨੇ ਬਹੁਤ ਸਾਰੇ ਖਿਤਿਆਂ ਦੇ ਅੰਦਰ ਕੁਰਬਾਨੀਆਂ ਦੇ ਕੇ ਸਾਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ । ਪਰ ਅਸੀਂ ਕਿਸੇ ਵੀ ਗੱਲ ਨੂੰ ਸਮਝਣ ਨੂੰ ਤਿਆਰ ਨਹੀਂ ਹੁੰਦੇ ਅਸੀਂ ਗੁਰੂ ਸਾਹਿਬ ਦੇ ਪੱਖ ਤੋਂ ਵਾਚ ਕੇ ਵੀ ਆਪਦੀ ਜ਼ਿੰਦਗੀ ਅੰਦਰ ਬਹੁਤ ਕੁਝ ਅਜਿਹਾ ਕਰ ਸਕਦੇ ਹਾਂ ਜੋ ਚੰਗੀ ਗੱਲ ਹੈ ਪਰ ਅਸੀਂ ਇਸ ਪਾਸੇ ਵੱਲ ਤੁਰਨ ਨੂੰ ਧਿਆਨ ਨਹੀਂ ਦੇ ਰਹੇ ਕਿਉਂਕਿ ਅਸੀਂ ਆਪਦੇ ਆਪ ਵਿੱਚ ਵੱਡੇ ਹੋ ਚੁੱਕੇ ਹਾਂ ।

ਮਾਂ ਪੁੱਤ ਭੈਣ ਭਰਾ ਤੇ ਮਾਂ ਪਿਓ ਦੇ ਰਿਸ਼ਤੇ ਤੋਂ ਬਾਅਦ ਗੱਲ ਕਰੀਏ ਪਤੀ ਪਤਨੀ ਦੇ ਰਿਸ਼ਤੇ ਦੀ । ਅਸਲ ਵਿੱਚ ਸਿਆਣੇ ਕਹਿੰਦੇ ਨੇ ਕਿ ਇਹ ਰਿਸ਼ਤਾ ਧੁਰ ਦਰਗਾਹੋਂ ਲਿਖ ਕੇ ਆਇਆ ਹੁੰਦਾ ਹੈ । ਗੱਲ ਸੰਯੋਗਾਂ ਤੇ ਮੁੱਕ ਜਾਂਦੀ ਹੈ ਪਰ ਜਦੋਂ ਦੋਵਾਂ ਜੀਆਂ ਚੋਂ ਇੱਕ ਜੀ ਦੂਜੇ ਨਾਲ ਧੋਖਾ ਕਰਨ ਦੇ ਰਾਹ ਤੇ ਤੁਰ ਪਵੇ ਤਾਂ ਇਹ ਰਿਸ਼ਤਾ ਤਾਰ ਤਾਰ ਹੋ ਜਾਂਦਾ ਹੈ । ਅਸਲ ਵਿੱਚ ਪਤੀ ਪਤਨੀ ਦੇ ਰਿਸ਼ਤੇ ਦੀ ਬੁਨਿਆਦ ਹੀ ਇਮਾਨਦਾਰੀ ਤੇ ਟਿਕੀ ਹੁੰਦੀ ਹੈ । ਦੋਵਾਂ ਜੀਆਂ ਦੇ ਵਿੱਚ ਵਿਸਵਾਸ ਦਾ ਇੱਕ ਪੁਲ ਕੰਮ ਕਰਦਾ ਹੈ ਜਦੋਂ ਵਿਸਵਾਸ ਖਤਮ ਹੋਇਆ ਤਾਂ ਇਹ ਰਿਸ਼ਤਾ ਥੜੰਮ ਕਰਕੇ ਧਰਤੀ ਤੇ ਡਿੱਗ ਪੈਂਦਾ ਹੈ । ਜਿਸ ਦਿਨ ਤੋਂ ਪਤੀ ਪਤਨੀ ਵਿਆਹ ਬੰਧਨ ਦੇ ਵਿੱਚ ਵੱਜ ਜਾਂਦੇ ਹਨ। ਉਸ ਦਿਨ ਤੋਂ ਬਾਅਦ ਦੋਵਾਂ ਦੇ ਵਿਚਕਾਰ ਕੜੀ ਦਰ ਘੜੀ ਪਰਿਵਾਰਕ ਰਿਸ਼ਤਾ ਚਲਦਾ ਰਹਿੰਦਾ ਹੈ ਆਪਣੀ ਗ੍ਰਿਸਤੀ ਜੀਵਨ ਦੌਰਾਨ ਉਹ ਇੱਕ ਦੂਜੇ ਦੁੱਖ ਸੁੱਖ ਦੇ ਸਾਂਝੀ ਹੁੰਦੇ ਹਨ ।

ਜਦ ਇਹ ਰਿਸ਼ਤਾ ਦੋਵਾਂ ਧਿਰਾਂ ਦੇ ਵਿੱਚੋਂ ਇੱਕ ਧਿਰ ਨੂੰ ਚੁਭਣ ਲੱਗ ਜਾਵੇ ਤਾਂ ਇਹ ਰਿਸ਼ਤਾ ਟੁੱਟਣ ਦੇ ਕਿਨਾਰੇ ਪਹੁੰਚ ਜਾਂਦਾ ਹੈ ਜਾਂ ਇਹ ਵੀ ਆਖ ਸਕਦੇ ਹਾਂ ਕਿ ਜਦ ਦੋਵਾਂ ਧਿਰਾਂ ਦੇ ਵਿੱਚੋਂ ਇੱਕ ਧਿਰ ਕਿਸੇ ਗੈਰ ਦੇ ਆਖੇ ਲੱਗ ਕੇ ਆਪਣੇ ਜੀਵਨ ਸਾਥੀ ਦੇ ਨਾਲ ਵਿਗਾੜ ਪਾਉਂਦੀ ਹੈ ਤਾਂ ਫਿਰ ਉਸ ਰਿਸ਼ਤੇ ਦੀ ਤਬਾਹੀ ਸ਼ੁਰੂ ਹੋ ਜਾਂਦੀ ਹੈ । ਇਹ ਇਤਿਹਾਸ ਕਹਿੰਦਾ ਹੈ ਅਸੀਂ ਨਹੀਂ ਕਹਿੰਦੇ ਪਰ ਸੱਚ ਹੈ । ਜਦ ਕੋਈ ਵੀ ਜੀਵਨ ਸਾਥੀ ਦੇ ਨਾਲ ਧੋਖਾ ਕਰਦਾ ਹੈ ਤਾਂ ਉਸ ਦਾ ਸੰਤਾਪ ਉਸ ਨੂੰ ਹੰਡਾਉਣਾ ਪੈਂਦਾ ਹੈ । ਆਖਰ ਪਰਿਵਾਰ ਦੀ ਗੱਲ ਅਦਾਲਤ ਦੇ ਵਿੱਚ ਪਹੁੰਚ ਜਾਂਦੀ ਹੈ ਤੇ ਫਿਰ ਅਦਾਲਤਾਂ ਦੇ ਵਿੱਚ ਦੋਵਾਂ ਧਿਰਾਂ ਦੀ ਰੱਜ ਕੇ ਖੱਜਲ ਖ਼ੁਆਰੀ ਹੁੰਦੀ ਹੈ ਤੇ ਉਸ ਤੋਂ ਬਾਅਦ ਜੋ ਵਿਛੋੜਾ ਹੁੰਦਾ ਹੈ ਉਹ ਵੀ ਇਨਸਾਨ ਨੂੰ ਤੋੜ ਕੇ ਰੱਖ ਦਿੰਦਾ ਹੈ । ਚੰਗਾ ਹੋਵੇ ਜੇਕਰ ਆਪਣੇ ਜੀਵਨ ਸਾਥੀ ਨਾਲ ਵਫਾਦਾਰੀ ਪਾਲ ਕੇ ਅਸੀਂ ਰਿਸ਼ਤੇ ਨੂੰ ਟੁੱਟਣ ਤੋਂ ਬਚਾ ਸਕੀਏ ਕਿਉਂਕਿ ਇਹੀ ਕੁਝ ਗੁਰਬਾਣੀ ਦੇ ਵਿੱਚ ਲਿਖਿਆ ਹੈ ।

ਵਿਛੋੜੇ ਦਾ ਇੱਕ ਰੂਪ ਇਹ ਵੀ ਹੈ ਕਿ ਜਦ ਰਿਸ਼ਤੇ ਅੰਦਰ ਵਿਛੋੜਾ ਪੈਦਾ ਹੁੰਦਾ ਹੈ ਤਾਂ ਉਸ ਦਾ ਵਿੱਚ ਸਭ ਤੋਂ ਜਿਆਦਾ ਨੁਕਸਾਨ ਬੱਚਿਆਂ ਦਾ ਹੁੰਦਾ ਹੈ ਬੱਚੇ ਕਿੱਧਰ ਜਾਣਗੇ ਕਹਿਣ ਦੇ ਲੋੜ ਨਹੀਂ । ਅਦਾਲਤਾਂ ਦੇ ਚੱਕਰਾਂ ਤੋਂ ਬਾਅਦ ਬੱਚਿਆਂ ਨੂੰ ਕਿਸ ਕਿਸ ਪਾਸੇ ਵੱਲ ਜਾਣਾ ਪਵੇਗਾ । ਇਹ ਵੀ ਕੁਝ ਵੀ ਪਤਾ ਨਹੀਂ ਹੁੰਦਾ ਪਰ ਕੁਲ ਮਿਲਾ ਕੇ ਇੱਥੇ ਰਿਸ਼ਤਿਆਂ ਦਾ ਘਾਣ ਹੁੰਦਾ ਹੈ ਅਸੀਂ ਕਿਸੇ ਦੇ ਆਖੇ ਲੱਗ ਕੇ ਆਪਾਂ ਪਰਿਵਾਰ ਤਬਾਹ ਕਰ ਲੈਂਦੇ ਹਾਂ । ਅਦਾਲਤਾਂ ਦੇ ਵਿੱਚ ਚੱਕਰ ਕੱਟਦੇ ਹਾਂ ਪਰ ਨਿਕਲਦਾ ਕੀ ਹੈ ਸਿਵਾਏ ਸਾਡੇ ਸਿਰ ਪਈ ਸਵਾਹ ਤੋਂ ਕੁਝ ਵੀ ਨਹੀਂ ਸਾਡੇ ਪੱਲੇ ਰਹਿੰਦਾ । ਇਸੇ ਲਈ ਚੰਗਾ ਹੋਵੇ ਜੇਕਰ ਅਸੀਂ ਆਪਣੇ ਰਿਸ਼ਤੇ ਨਿਭਾਈਏ ਅਸੀਂ ਕਿਸੇ ਗੈਰ ਦੇ ਆਖੇ ਲੱਗ ਕੇ ਅਪਣਾ ਪਰਿਵਾਰ ਤਬਾਹ ਨਾ ਕਰੀਏ ।

ਗੁਰੂ ਸਾਹਿਬ ਨੇ ਆਪਣੇ ਬਾਣੀ ਦੇ ਵਿੱਚ ਸਾਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ ਪਰ ਅਸੀਂ ਪਤਾ ਨਹੀਂ ਕਿਉਂ ਗੁਰੂ ਸਾਹਿਬ ਦੀ ਗੱਲ ਮੰਨਣ ਤੋਂ ਇਨਕਾਰੀ ਹੋ ਕੇ ਦੁਨਿਆਵੀ ਤੌਰ ਤੇ ਗੈਰ ਮਾੜੇ ਬੰਦਿਆਂ ਦੇ ਮਗਰ ਲੱਗ ਕੇ ਆਪਣੇ ਪਰਿਵਾਰਾਂ ਨੂੰ ਤਬਾਹ ਕਰ ਰਹੇ ਹਾਂ । ਵਿਛੋੜਾ ਕੁਝ ਵੀ ਹੋਵੇ ਭਾਵੇਂ ਮਾਂ ਤੇ ਪੁੱਤ ਦਾ ਹੋਵੇ ਉਹ ਵੀ ਅਸਹਿਣਯੋਗ ਹੁੰਦਾ ਹੈ ਅਤੇ ਭਾਵੇਂ ਪਿਓ ਪੁੱਤ ਦਾ ਹੋਵੇ ਉਥੇ ਵੀ ਵਿਛੋੜੇ ਨੂੰ ਤੋਲਿਆ ਨਹੀਂ ਜਾ ਸਕਦਾ । ਸੋ ਕੁਲ ਮਿਲਾ ਕੇ ਮਾਲਕ ਅੱਗੇ ਮਿਹਰ ਕਰੀਏ ਕਿ ਕਿਸੇ ਵੀ ਪਰਿਵਾਰ ਦੇ ਜੀਅ ਦਾ ਵਿਛੋੜਾ ਨਾ ਪਵੇ । ਕਿਸੇ ਵੀ ਇਨਸਾਨ ਤੋਂ ਜੇਕਰ ਆਪਣੇ ਦੁਨਿਆਵੀ ਜੀਵਨ ਦੌਰਾਨ ਗਲਤੀ ਹੁੰਦੀ ਹੈ ਤਾਂ ਉਸ ਨੂੰ ਮੁੜ ਤੋਂ ਜ਼ਿੰਦਗੀ ਸ਼ੁਰੂ ਕਰਨ ਲਈ ਮੋੜਾ ਪਾ ਕੇ ਪਿੱਛੇ ਵੱਲ ਝਾਕਣਾ ਚਾਹੀਦਾ ਹੈ । ਕਿਉਂਕਿ ਸਾਡੇ ਪਰਿਵਾਰਾਂ ਤੇ ਸਾਡੇ ਬੱਚਿਆਂ ਦਾ ਭਲਾ ਇਸੇ ਵਿੱਚ ਹੈ ਜੇਕਰ ਅਸੀਂ ਕੋਈ ਵੀ ਗਲਤ ਸਟੈਪ ਚੱਕਦੇ ਹਾਂ ਤਾਂ ਉਸ ਦਾ ਖਮਿਆਜਾ ਸਾਨੂੰ ਸਾਰਿਆਂ ਨੂੰ ਭੁਗਤਣਾ ਪੈਂਦਾ ਹੈ ਤੇ ਦੁਨੀਆ ਵੀ ਉਸ ਨੂੰ ਸਹੀ ਨਹੀਂ ਕਹਿੰਦੀ । ਇਹੀ ਜ਼ਿੰਦਗੀ ਦਾ ਅਸੂਲ ਹੈ ।

# ਗੀਤਕਾਰੀ ਦੀ ਵਾਕਿ.ਫ ਕਲਮ :-ਗੇਜਾ ਪੰਧੇਰ



ਸਰੂਪ ਸਿੰਘ, ਚੌਧਰੀ ਮਾਜਰਾ(ਨਾਭਾ)
99886-27880

ਕਲਮ ਅਤੇ ਅਵਾਜ਼ ਦਾ ਸੁਮੇਲ ਲੰਮੇ ਅਰਸੇ ਤੋਂ ਪ੍ਰਚਾਲਿਤ ਰਿਹਾ ਹੈ। ਜਦੋਂ ਕਿਸੇ ਅਵਾਜ਼ ਨੇ ਸੰਗੀਤ ਦੇ ਖੇਤਰ ਵਿਚ ਉੱਚ ਪੱਧਰੀ ਨਾਮਣਾ ਖੱਟਿਆ ਹੈ ਤਾਂ ਕਲਮ ਨੂੰ ਵੀ ਬਰਾਬਰਤਾ ਦਾ ਸਥਾਨ ਪ੍ਰਾਪਤ ਰਿਹਾ ਹੈ। ਸਮੇਂ ਦੀ ਕਰਵਟ ਦੇ ਨਾਲ ਇਸ ਦੀ ਰੰਗਤ ਫਿੱਕੀ ਪੈਂਦੀ ਨਜ਼ਰ ਆ ਰਹੀ ਹੈ ,ਕਹਿਣ ਤੋਂ ਭਾਵ ਹੈ ਕਿ ਅਜੋਕੇ ਸੰਗੀਤ ਦੇ ਖੇਤਰ ਵਿਚ ਪਿਛਲੇ ਕੁਝ ਕੁ ਵਰ੍ ?ਆਂ ਤੋਂ ਇਹ ਕਿਰਦਾਰ/ਭੂਮਿਕਾ ਇਕ ਹੀ ਵਿਅਕਤੀ(ਗਾਇਕ) ਵਲੋਂ ਹੀ ਨਿਭਾਈ

ਜਾ ਰਹੀ ਹੈ। ਅਜੋਕਾ ਗਾਇਕ ਅੱਜ ਗੀਤਕਾਰ ਦੇ ਨਾਲ ਨਾਲ ਇੱਕ ਕੰਪੋਜ਼ਰ ਤੇ ਮਿਊਜ਼ਿਕ ਡਾਇਰੈਕਟਰ ਵਜੋਂ ਸੰਗੀਤ ਦੇ ਖੇਤਰ ਵਿਚੋਂ ਵਿਚਰ ਰਿਹਾ ਹੈ। ਪਰ ਪੁਰਾਣੇ ਸਮਿਆਂ ਤੋਂ ਲੈਕੇ ਹੁਣ ਤੱਕ ਗੀਤਕਾਰ ਅਤੇ ਗਾਇਕ ਦੇ ਸੁਮੇਲ ਦਾ ਜਾਦੂ ਸਰੋਤਿਆਂ ਦੇ ਸਿਰ ਚੜ੍ਹ ਬੋਲਦਾ ਰਿਹਾ ਤੇ ਬੋਲ ਰਿਹਾ ਹੈ। ਇਨ੍ਹਾਂ ਵਿਚੋਂ ਇੱਕ ਨਾਂ ਹੈ ਗੀਤਕਾਰ ਗੇਜਾ ਪੰਧੇਰ ਦਾ। ਗੇਜਾ ਪੰਧੇਰ ਪੰਜਾਬੀ ਗੀਤਕਾਰੀ ਦਾ ਇੱਕ ਅਜਿਹਾ ਨਾਂ ਹੈ ਜਿਸਦੇ ਲਿਖੇ ਗੀਤਾਂ ਨੇ ਸੰਗੀਤਕ ਆਸਮਾਨ ਛੋਹਿਆ। ਮਾਂ ਬੋਲੀ ਦੇ ਸਿਰ ਸੱਭਿਆਚਾਰ ਦਾ ਤਾਜ਼ ਪਹਿਨਾਉਣ ਵਾਲੀ ਇਸ ਕਲਮ ਨੇ ਅਸ਼ਲੀਲਤਾ ਨੂੰ ਦੇਖਦੇ ਹੋਏ ਭਾਵੇਂ ਗੀਤਕਾਰੀ ਦੇ ਖੇਤਰ ਤੋਂ ਕਿਨਾਰਾ ਕਰ ਲਿਆ ਹੈ ।ਪਰ 90 ਦਾ ਸੰਗੀਤਕ ਦਹਾਕਾ ਇਸ ਦਾ ਪ੍ਰਤੱਖ ਗਵਾਹ ਹੈ ਕਿ ਗੇਜਾ ਪੰਧੇਰ ਕੀ ਸ਼ੈਅ ਹੈ। ਸੱਭਿਆਚਾਰ ਸੰਗੀਤ ਦੀ ਗੱਲ ਕਰਨ ਵਾਲੇ ਸਰੋਤੇ ਅਤੇ ਕਲਾਕਾਰ ਚੰਗੀ ਤਰ੍ਹਾਂ ਇਸ ਕਲਮ ਤੋਂ ਵਾਕਿਫ਼ਤਾਂ ਰੱਖਦੇ ਹਨ।

ਪਟਿਆਲੇ ਜ਼ਿਲ੍ਹੇ ਦੀ ਤਹਿਸੀਲ ਨਾਭੇ ਦੇ ਪਿੰਡ ਸਾਲੂਵਾਲ ਦਾ ਵਸਨੀਕ ਗੇਜਾ ਪੰਧੇਰ ਪੰਜਾਬੀ ਸੰਗੀਤ ਦੀ ਦੁਨੀਆਂ ਦਾ ਇੱਕ ਜਾਣ-ਪਛਾਣਿਆ ਨਾਂ ਹੈ। 90-91 ਦੇ ਦਹਾਕਿਆਂ ਵਿਚ ਗੇਜੇ ਪੰਧੇਰ ਦਾ ਨਾਮ ਚੋਣਵੇਂ ਗੀਤਕਾਰਾਂ ਦੀ ਕਤਾਰ ਦਾ ਮੋਹਰੀ ਰਿਹਾ ਹੈ। ਭਾਵੇਂ ਪੰਧੇਰ ਨੇ ਗੀਤਕਾਰੀ ਦੇ ਖੇਤਰ ਵਿੱਚ ਆਪਣੀ ਕਲਮ ਨੂੰ ਬਹੁਤ ਘੱਟ ਚਲਾਇਆ ਹੈ ਪਰ ਫਿਰ ਜਿਨ੍ਹਾਂ ਗਾਇਕ/ਗਾਇਕਵਾਂ ਨੇ ਉਸਦੇ ਗੀਤਾਂ ਨੂੰ ਆਵਾਜ਼ ਦਿੱਤੀ ਹੈ ਉਨ੍ਹਾਂ ਨੇ ਉਸਦੇ ਨਾਂ ਨੂੰ ਸੁਨਹਿਰੀ ਅੱਖਰਾਂ ਵਿੱਚ ਸਿਰਜਿਆ ਹੈ:- ਜਿਵੇਂ ਕਿ ਪੁਰਾਣੇ ਵੱਖ-ਵੱਖ ਕਲਾਕਾਰਾਂ ਨਾਲ ਡਿਊਟ ਗੀਤ ਗਾਉਣ ਵਾਲੀ ਦੋਗਾਨਿਆਂ ਦੀ ਆਵਾਜ਼-ਏ-ਮਾਲਿਕਾਂ ਬੀਬਾ ਕੁਲਦੀਪ ਕੌਰ ਦੀ ਆਵਾਜ਼ ਵਿਚ ਗੇਜੇ ਦਾ ਲਿਖਿਆ ਗੀਤ ਪੰਜਾਬੀ ਲੋਕ ਗਾਇਕ ਜੱਸੀ ਜਸਪਾਲ ਦੀ 94-95 ਦੇ ਦੌਰ ਵਿਚ ਮਾਸ਼ੂਕ ਧੋਖੇਬਾਜ਼ ਹੋ ਗਈ ਨਾਂ ਆਈ ਐਲਬਮ ਵਿਚਲਾ ਗੀਤ ''':''ਫੱਕਰਾਂ ਦੇ ਸ਼ਿਵੇ ਵੱਲ ਸੋਹਣੀਏ ਜਾ ਫਿਰ ਇੱਕ ਹੋਰ ਨਾਭੇ ਵਾਲੀ ਜੇਲ੍ਹ ਵਰਗੇ ਵੈਰੀ ਮਾਪਿਆਂ ਨੇ ਗੇਟ ਲਾਵਾਤੇ ਵਰਗੇ ਸੁਪਰਹਿੱਟ ਗੀਤ ਗੇਜੇ ਪੰਧੇਰ ਦੀ ਕਲਮ ਦੇ ਕਾਬਲੇ-ਏ-ਤਾਰੀਫ਼ ਹਨ। ਗੇਜੇ ਪੰਧੇਰ ਦੇ ਗੀਤਾਂ ਨੂੰ ਜਸਮੇਲ ਯਮਲਾ, ਤਰਸੇਮ ਸਿੱਧੂ, ਹਰਭਜਨ ਟਾਣਕ, ਨਾਲ ਕੁਲਾਰਾਂ ਅਤੇ ਕੇਵਲ ਸੇਖੋਂ ਵਰਗੇ ਹੋਰ ਕਲਾਕਾਰਾਂ ਨੇ ਆਪਣੀ ਆਵਾਜ਼ ਦਿੱਤੀ । ਅਤੀਤ ਸਮੇਂ ਕਲਾਕਾਰਾਂ ਦਾ ਗੜ੍ਹ ਮੰਨੇ ਜਾਣ ਵਾਲੇ ਲੁਧਿਆਣੇ ਸ਼ਹਿਰ ਦੇ ਕਲਾਕਰੀ ਬਾਜ਼ਾਰ ਵਿਚ ਗੇਜੇ ਦੇ ਨਾਂ ਦੀ ਤੂਤੀ ਬੋਲਦੀ ਰਹੀ ਤੇ ਅੱਜ ਵੀ ਸਮੇਂ ਦੇ ਸਮਰੱਥ ਗਵੱਈਏ ਗੇਜੇ ਪੰਧੇਰ ਨੂੰ ਮਾਣ ਬਖਸ਼ਦੇ ਆ ਰਹੇ ਹਨ। ਪੰਧੇਰ ਨੇ ਭਾਵੇਂ ਕੁਝ ਕੁ ਵਰ੍ ?ਆਂ ਤੋਂ ਹੁਣ ਗੀਤ ਲਿਖਣੇ ਬੰਦ ਕੀਤੇ ਹੋਏ ਹਨ ਪਰ ਫੇਰ ਵੀ ਉਸਦੀ ਕਲਮ ਨੇ ਸ਼ਬਦਾਂ ਨਾਲੋਂ ਨਾਤਾ ਨਹੀਂ ਤੋੜਿਆ ।ਕਿਉਂਕਿ ਕੁਝ ਮਹੀਨੇ ਪਹਿਲਾਂ ਉੱਭਰ ਰਹੇ ਨੌਜਵਾਨ ਗਾਇਕ ਮੀਤ ਗੁਰਦੇਵ ਦੀ ਆਵਾਜ਼ ਵਿਚ ਰਿਕਾਰਡ ਹੋਇਆ ਸਾਹਿਬਾਂ ਗੀਤ ਗੇਜੇ ਪੰਧੇਰ ਦੀ ਫ਼ ?ਤਰਤ ਦੀ ਦਾਸਤਾਨ ਨੂੰ ਬਿਆਨ ਕਰਦਾ ਹੈ। ਸੰਗੀਤਕ ਫਿਜ਼ਾਵਾਂ ਵਿਚ ਸੱਭਿਆਚਾਰ ਦੀ ਮਹਿਕ ਖਿਡਾਉਣ ਵਾਲੀ ਗੇਜੇ ਪੰਧੇਰ ਦੀ ਕਲਮ ਅੱਜ ਵੀ ਗੀਤਕਾਰੀ ਦੇ ਖੇਤਰ ਵਿਚ ਆਪਣੀ ਵਾਕਿਫਤਾ ਦੀ ਪਹਿਚਾਣ ਰੱਖਦੀ ਹੈ। ਸੈਂਕੜੇ ਗੀਤਾਂ ਨੂੰ ਕਲਮਬੱਧ ਕਰਨ ਵਾਲਾ ਗੇਜਾ ਪੰਧੇਰ ਅੱਜ ਕੱਲ੍ਹ ਸਿੱਖੀ ਦੇ ਰਾਹੇ ਤੁਰਦਾ ਹੋਇਆ ਗੁਰਮਤਿ ਦਾ ਜੀਵਨ ਮਾਣ ਰਿਹਾ ਹੈ ।ਸ਼ਾਲਾ ਇਹ ਕਲਮ ਆਪਣੇ ਸੱਭਿਆਚਾਰਕ ਗੀਤਾਂ ਦੀ ਸਿਰਜਣਾ ਗੀਤਕਾਰੀ ਦੇ ਖੇਤਰ ਵਿਚ ਕਰਦੀ ਨਜ਼ਰ ਆਉਂਦੀ ਰਹੇ।

# ਪਿੰਡ ਦੀ ਰੂਹ - ਫ਼ਿਰਨੀ



ਬਰਜਿੰਦਰ ਕੌਰ ਬਿਸਰਾਓ...
9988901324

ਪੰਜਾਬ ਦੇ ਪਿੰਡਾਂ ਦੀ ਆਪਣੀ ਇੱਕ ਵੱਖਰੀ ਪਛਾਣ ਹੈ। ਖੇਤਾਂ ਦੀ ਹਰਿਆਵਲ, ਕੱਚੇ-ਪੱਕੇ ਰਸਤੇ, ਪੁਰਾਣੇ ਖੂਹ, ਪਿੰਡ ਦੇ ਟੋਭੇ, ਪੁਰਾਤਨ ਰਵਾਇਤੀ ਰੁੱਖ, ਗਲ ?ੀਆਂ ਅਤੇ ਲੋਕਾਂ ਦਾ ਆਪਸੀ ਮੋਹ ਇਹ ਸਭ ਪਿੰਡ ਦੀ ਤਸਵੀਰ ਨੂੰ ਮੁਕੰਮਲ ਕਰਦੇ ਹਨ। ਇਸੇ ਤਸਵੀਰ ਦਾ ਇੱਕ ਅਹਿਮ ਹਿੱਸਾ ਹੈ ਪਿੰਡ ਦੀ ਫ਼ ?ਰਨੀ। ਫ਼ ?ਰਨੀ ਸਿਰਫ਼ ਪਿੰਡ ਦੇ ਦੁਆਲੇ ਬਣਿਆ ਇੱਕ ਰਸਤਾ ਨਹੀਂ, ਸਗੋਂ ਇਹ ਪਿੰਡ ਨੂੰ ਸਾਰੇ ਪਾਸਿਆਂ ਤੋਂ ਜੋੜਨ ਵਾਲੀ ਉਹ ਕੜੀ ਹੈ, ਜਿਸ ਨਾਲ ਪਿੰਡ ਦੇ ਅੰਦਰ ਦੀਆਂ ਗਲ ?ੀਆਂ ਤੇ ਇਹ ਬਾਹਰਲੇ ਰਸਤੇ ਭਾਵ ਫ਼ ?ਰਨੀ ਆਪਸ ਵਿੱਚ ਜੁੜਦੇ ਹਨ। ਪੁਰਾਣੇ ਸਮਿਆਂ ਵਿੱਚ ਜਦੋਂ ਪਿੰਡਾਂ ਵਿੱਚ ਅੱਜ ਵਰਗੀਆਂ ਪੱਕੀਆਂ ਸੜਕਾਂ ਨਹੀਂ ਹੁੰਦੀਆਂ ਸਨ ਤਾਂ ਉਦੋਂ ਵੀ ਫ਼ ?ਰਨੀ ਦੀ ਮਹੱਤਤਾ ਹੋਰ ਵੀ ਵੱਧ ਹੁੰਦੀ ਸੀ। ਪਿੰਡ ਵਿੱਚ ਆਉਣ-ਜਾਣ ਵਾਲੇ ਲੋਕ, ਡੰਗਰ ਪਸ਼ੂਆਂ ਦੇ ਝੁੰਡ, ਖੇਤੀਬਾੜੀ ਦਾ ਸਮਾਨ ਅਤੇ ਰੋਜ਼ਾਨਾ ਦੀਆਂ ਲੋੜਾਂ ਲੈ ਕੇ ਆਉਣ ਵਾਲੇ ਲੋਕ ਅਕਸਰ ਫ਼ ?ਰਨੀ ਰਾਹੀਂ ਹੀ ਪਿੰਡ ਦੇ ਵੱਖ-ਵੱਖ ਹਿੱਸਿਆਂ ਤੱਕ ਪਹੁੰਚਦੇ ਹਨ। ਪਿੰਡਾਂ ਵਿੱਚ ਫ਼ ?ਰਨੀ ਹੀ ਉਹ ਰਸਤਾ ਹੁੰਦਾ ਹੈ ਜਿੱਥੋਂ ਅੱਗੇ ਪਿੰਡ ਦੀਆਂ ਗਲੀਆਂ ਆਪੋ ਆਪਣੇ ਘਰਾਂ ਵੱਲ ਜਾਂਦੀਆਂ ਹਨ। 'ਫ਼ ?ਰਨੀ' ਦਾ ਅਸਲ ਵਿੱਚ ਸਿੱਧਾ ਜਿਹਾ ਮਤਲਬ ਹੈ ਕਿ ਪਿੰਡ ਦੇ ਚਾਰੋਂ ਪਾਸੇ ਘੁੰਮਦਾ ਹੋਇਆ ਰਸਤਾ ਜੋ ਪਿੰਡ ਨੂੰ ਇੱਕ ਘੇਰੇ ਵਾਂਗ ਆਪਣੇ ਨਾਲ ਜੋੜ ਕੇ ਰੱਖਦਾ ਹੈ। ਪਿੰਡ ਦੇ ਕਿਸੇ ਵੀ ਪਾਸੇ ਤੋਂ ਆਉਣ ਵਾਲਾ ਬੰਦਾ ਫ਼ ?ਰਨੀ ਰਾਹੀਂ ਪਿੰਡ ਦੇ ਦੂਜੇ ਪਾਸੇ ਜਾ ਸਕਦਾ ਹੈ। ਇਸੇ ਕਰਕੇ ਇਸ ਨੂੰ ਪਿੰਡ ਦੀ ਬਾਹਰਲੀ ਗੇੜ ਵਾਲੀ ਸੜਕ ਵੀ ਕਿਹਾ ਜਾ ਸਕਦਾ ਹੈ। ਇਹ ਫ਼ ?ਰਨੀ ਜਿੱਥੇ ਇੱਕ ਪਿੰਡ ਨੂੰ ਚਾਰੇ ਪਾਸਿਓਂ ਜੋੜਦੀ ਹੈ ਉੱਥੇ ਹੀ ਇਹ ਇੱਕ ਪਿੰਡ ਨੂੰ ਨਾਲ ? ਲੱਗਦੇ ਦੂਜੇ ਪਿੰਡਾਂ ਨਾਲ ? ਵੀ ਜੋੜਦੀ ਹੈ। ਅਕਸਰ ਪਿੰਡ ਦੀ ਫਿਰਨੀ ਤੇ ਦੋ ਬੱਸ ਅੱਡੇ ਜ਼ਰੂਰ ਬਣੇ ਹੁੰਦੇ ਹਨ। ਜੇ ਕਿਸੇ ਮੁਸਾਫ਼ ?ਰ ਦੀ ਬੱਸ ਇੱਕ ਬੱਸ ਅੱਡੇ ਤੋਂ ਖੁੰਝ ਜਾਵੇ ਤਾਂ ਉਹ ਉਸ ਦੇ ਹੌਰਨ ਦੀ ਅਵਾਜ਼ ਸੁਣ ਕੇ ਅੰਦਾਜ਼ਾ ਲਾ ਲੈਂਦਾ ਹੈ ਤੇ ਪਿੰਡ ਦੀਆਂ ਗਲੀਆਂ ਵਿੱਚ ਦੀ ਦੂਜੇ ਬੱਸ ਅੱਡੇ ਤੇ ਪਹੁੰਚ ਕੇ ਉਹੀ ਬੱਸ ਫੜ ਲੈਂਦੇ ਹਨ। ਪਿੰਡਾਂ ਵਿੱਚ ਜਾਣ ਵਾਲ ?ੀਆਂ ਬੱਸਾਂ ਬਾਹਰਵਾਰ ਫ਼ ?ਰਨੀ ਉੱਤੋਂ ਹੀ ਲੰਘਦੀਆਂ ਹੋਈਆਂ ਕਈ ਪਿੰਡਾਂ ਦੀਆਂ ਸਵਾਰੀਆਂ ਨੂੰ ਚੁੱਕ ਕੇ ਉਨ੍ਹਾਂ ਦੀ ਮੰਜ਼ਲ ਕਿਸੇ ਦੂਜੇ ਪਿੰਡ ਜਾਂ ਸ਼ਹਿਰਾਂ ਤੱਕ ਪਹੁੰਚਾਉਂਦੀਆਂ ਹਨ।

ਪਿੰਡ ਦੀ ਬਣਤਰ ਨੂੰ ਸਮਝਣ ਲਈ ਫ਼ ?ਰਨੀ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਆਮ ਕਰਕੇ ਪਿੰਡ ਦੀ ਅਬਾਦੀ ਦੇ ਬਾਹਰ ਖੇਤ ਸ਼ੁਰੂ ਹੋ ਜਾਂਦੇ ਹਨ ਅਤੇ ਫ਼ ?ਰਨੀ ਉਨ੍ਹਾਂ ਖੇਤਾਂ ਅਤੇ ਘਰਾਂ ਵਿਚਕਾਰ ਇੱਕ ਹੱਦ ਵਾਂਗ ਕੰਮ ਕਰਦੀ ਹੈ। ਫ਼ ?ਰਨੀ ਪਿੰਡ ਦੀ ਆਵਾਜਾਈ ਦੀ ਮੁੱਖ ਕੜੀ ਹੁੰਦੀ ਹੈ। ਫ਼ ?ਰਨੀ ਪਿੰਡ ਦੀ ਆਵਾਜਾਈ ਲਈ ਬਹੁਤ ਮਹੱਤਵਪੂਰਨ ਹੁੰਦੀ ਹੈ। ਟਰੈਕਟਰ-ਟਰਾਲੀਆਂ, ਦੁੱਧ ਵਾਲੇ ਵਾਹਨ, ਸਕੂਲ ਵੈਨਾਂ, ਮੋਟਰਸਾਈਕਲਾਂ , ਟਰੱਕਾਂ, ਕਾਰਾਂ, ਬੱਸਾਂ ਅਤੇ ਹੋਰ ਸਾਧਨ ਇਸ ਰਸਤੇ ਤੋਂ ਲੰਘਦੇ ਹਨ। ਖੇਤਾਂ ਵੱਲ ਜਾਣ ਵਾਲੇ ਕਈ ਰਸਤੇ ਵੀ ਫ਼ ?ਰਨੀ ਨਾਲ ਜੁੜੇ ਹੁੰਦੇ ਹਨ। ਜੇ ਫ਼ ?ਰਨੀ ਸਾਫ਼-ਸੁਥਰੀ ਅਤੇ ਚੰਗੀ ਹਾਲਤ ਵਿੱਚ ਹੋਵੇ ਤਾਂ ਪਿੰਡ ਵਿੱਚ ਆਵਾਜਾਈ ਸੁਖਾਲ ?ੀ ਰਹਿੰਦੀ ਹੈ। ਪਰ ਜੇ ਇਸ 'ਤੇ ਕਬਜ਼ੇ ਹੋ ਜਾਣ,ਇਸ ਦਾ ਰਸਤਾ ਤੰਗ ਹੋ ਜਾਵੇ ਜਾਂ ਘਰਾਂ ਦੀਆਂ ਨਾਲੀਆਂ ਦਾ ਪਾਣੀ ਫ਼ ?ਰਨੀ ਵੱਲ ਨੂੰ ਕੱਢ ਦਿੱਤਾ ਗਿਆ ਹੋਵੇ ਤੇ ਉੱਥੇ ਹੀ ਖੜ੍ਹਾ ਰਹੇ ਤਾਂ ਪੂਰੇ ਪਿੰਡ ਦੀ ਸਾਰੀ ਆਵਾਜਾਈ ਪ੍ਰਭਾਵਿਤ ਹੁੰਦੀ ਹੈ।

ਪੁਰਾਣੇ ਸਮਿਆਂ ਦੀਆਂ ਫ਼ ?ਰਨੀਆਂ ਅੱਜ ਨਾਲੋਂ ਬਿਲਕੁਲ ਵੱਖਰੀਆਂ ਹੁੰਦੀਆਂ ਸਨ। ਕਿਤੇ ਕੱਚੀ ਮਿੱਟੀ ਦਾ ਰਸਤਾ ਹੁੰਦਾ ਸੀ ਅਤੇ ਕਿਤੇ ਇੱਟਾਂ ਜਾਂ ਰੋੜਿਆਂ ਨਾਲ ਬਣਿਆ ਰਸਤਾ ਹੁੰਦਾ ਸੀ। ਫ਼ ?ਰਨੀ ਦੇ ਨਾਲ ਅਕਸਰ ਵੱਡੇ-ਵੱਡੇ ਬੋਹੜ, ਪਿੱਪਲ, ਨਿੰਮ ਅਤੇ ਕਿੱਕਰ ਦੇ ਰੁੱਖ ਹੁੰਦੇ ਸਨ। ਗਰਮੀਆਂ ਵਿੱਚ ਇਨ੍ਹਾਂ ਰੁੱਖਾਂ ਦੀ ਛਾਂ ਹੇਠ ਲੋਕ ਕੁਝ ਸਮਾਂ ਬੈਠ ਕੇ ਸਾਹ ਲੈਂਦੇ ਸਨ। ਸਵੇਰੇ ਸਵੇਰੇ ਲੋਕ ਜੰਗਲ ? ਪਾਣੀ ਜਾਣ ਲਈ ਵੀ ਫ਼ ?ਰਨੀ ਤੋਂ ਹੀ ਖੇਤਾਂ ਵੱਲ ਜਾਂਦੇ ਸਨ ਤੇ ਰਸਤੇ ਵਿੱਚ ਕਿੱਕਰ ਜਾਂ ਨਿੰਮ ਦੀਆਂ ਟਾਹਣੀਆਂ ਦੀਆਂ ਦਾਤਣਾਂ ਬਣਾ ਕੇ ਚਬਾਉਂਦੇ ਜਾਂਦੇ ਸਨ। ਇਹ ਰੁਝਾਨ ਤਾਂ ਅੱਜ ਕੱਲ੍ਹ ਤਕਰੀਬਨ ਖ਼ਤਮ ਹੀ ਹੋ ਚੁੱਕਿਆ ਹੈ। ਪਿੰਡ ਦੇ ਬਜ਼ੁਰਗਾਂ ਲਈ ਫ਼ ?ਰਨੀ ਸਿਰਫ਼ ਇੱਕ ਰਸਤਾ ਹੀ ਨਹੀਂ ਸੀ ਸਗੋਂ ਇਹ ਪਿੰਡ ਦੀਆਂ ਖ਼ਬਰਾਂ ਸਾਂਝੀਆਂ ਕਰਨ ਦੀ ਥਾਂ ਵੀ ਹੁੰਦੀ ਸੀ। ਪਿੱਪਲਾਂ ਬੋਹੜਾਂ ਹੇਠਾਂ ਚੌਂਤੇ ਬਣਾ ਕੇ ਬੈਠੇ ਬਜ਼ੁਰਗਾਂ ਨੂੰ ਪਿੰਡ ਵਿੱਚ ਆਉਣ ਜਾਣ ਵਾਲੇ ਹਰ ਵਿਅਕਤੀ ਦੀ ਖ਼ਬਰ ਹੁੰਦੀ ਸੀ ਜਿਸ ਕਰਕੇ ਓਪਰੇ ਲੋਕਾਂ ਦੀ ਪਿੰਡ ਵਿੱਚ ਵੜਨ ਦੀ ਹਿੰਮਤ ਨਹੀਂ ਪੈਂਦੀ ਸੀ। ਪਿੰਡ ਦੀ ਫਿਰਨੀ ਤੇ ਹੀ ਲੋਕ ਇੱਕ-ਦੂਜੇ ਨੂੰ ਮਿਲਦੇ, ਖੇਤੀਬਾੜੀ ਦੀਆਂ ਗੱਲਾਂ ਕਰਦੇ ਅਤੇ ਪਿੰਡ ਦੇ ਦੁੱਖ-ਸੁੱਖ ਬਾਰੇ ਵਿਚਾਰ ਚਰਚਾ ਕਰਦੇ ਸਨ ਤੇ ਪਿੰਡਾਂ ਦੇ ਘਰ ਤੇ ਲੋਕ ਬਿਲਕੁਲ ਸੁਰੱਖਿਅਤ ਅਤੇ ਬੇਫਿਕਰੀ ਦਾ ਜੀਵਨ ਬਤੀਤ ਕਰਦੇ ਸਨ।

ਪਿੰਡ ਦੀ ਜ਼ਿੰਦਗੀ ਵਿੱਚ ਫ਼ ?ਰਨੀ ਦਾ ਸਮਾਜਿਕ ਮਹੱਤਵ ਵੀ ਹੈ। ਵਿਆਹਾਂ-ਸ਼ਾਦੀਆਂ, ਧਾਰਮਿਕ ਸਮਾਗਮਾਂ ਜਾਂ ਕਿਸੇ ਹੋਰ ਵੱਡੇ ਇਕੱਠ ਸਮੇਂ ਲੋਕਾਂ ਦੀ ਆਵਾਜਾਈ ਅਕਸਰ ਫ਼ ?ਰਨੀ ਰਾਹੀਂ ਹੀ ਹੁੰਦੀ ਹੈ। ਕਿਸੇ ਘਰ ਵਿੱਚ ਖੁਸ਼ੀ ਹੋਵੇ ਜਾਂ ਦੁੱਖ, ਪਿੰਡ ਦੇ ਲੋਕ ਇੱਕ-ਦੂਜੇ ਦੇ ਘਰ ਪਹੁੰਚਣ ਲਈ ਇਨ੍ਹਾਂ ਰਸਤਿਆਂ ਦੀ ਵਰਤੋਂ ਕਰਦੇ ਹਨ। ਇਸ ਲਈ ਕਿਹਾ ਜਾ ਸਕਦਾ ਹੈ ਕਿ ਫ਼ ?ਰਨੀ ਪਿੰਡ ਦੇ ਘਰਾਂ ਨੂੰ ਹੀ ਨਹੀਂ, ਸਗੋਂ ਪਿੰਡ ਦੇ ਲੋਕਾਂ ਦੇ ਦਿਲਾਂ ਨੂੰ ਵੀ ਜੋੜਦੀ ਹੈ। ਇੱਕ ਪਿੰਡ ਦੀ ਫਿਰਨੀ ਦੂਜੇ ਪਿੰਡ ਦੀ ਫਿਰਨੀ ਨਾਲ ? ਵੀ ਜੋੜਦੀ ਹੈ। ਵਿਆਹ ਸ਼ਾਦੀ ਵਾਲ ? ਘਰਾਂ ਵਿੱਚ ਆਉਣ ਵਾਲ ?ਾ ਨਾਨਕਾ ਮੇਲ ਪਿੰਡ ਦੀ ਫਿਰਨੀ ਤੇ ਬੈਠ ਕੇ ਵਿਆਹ ਵਾਲ ? ਘਰ ਸੁਨੇਹਾ ਭੇਜ ਦਿੰਦੇ ਸਨ ਤਾਂ ਦਾਦਕਾ ਮੇਲ ? ਉਹਨਾਂ ਨੂੰ ਪੂਰੇ ਆਦਰ ਸਤਿਕਾਰ ਨਾਲ ? , ਰੀਤੀ ਰਿਵਾਜਾਂ ਅਤੇ ਸ਼ਗਨਾਂ ਨਾਲ ? ਗੀਤ ਗਾਉਂਦੇ ਹੋਏ ਉਨ੍ਹਾਂ ਨੂੰ ਆਪਣੇ ਨਾਲ ਵਿਆਹ ਵਾਲ ? ਘਰ ਤੱਕ ਲੈ ਕੇ ਜਾਂਦੇ ਸਨ। ਇਸੇ ਤਰ੍ਹਾਂ ਜੇ ਕਿਸੇ ਘਰ ਮਰਗ ਹੋ ਜਾਂਦੀ ਸੀ ਤਾਂ ਸਸਕਾਰ ਕਰਨ ਲਈ ਪਿੰਡ ਦੀ ਫਿਰਨੀ ਤੋਂ ਹੀ ਬਾਹਰਵਾਰ ਸਿਵਿਆਂ ਵਿੱਚ ਲਿਜਾਇਆ ਜਾਂਦਾ ਸੀ। ਅੱਜ ਪਿੰਡਾਂ ਦੀ ਸ਼ਕਲ ਤੇਜ਼ੀ ਨਾਲ ਬਦਲ ਰਹੀ ਹੈ। ਕੱਚੇ ਘਰਾਂ ਦੀ ਥਾਂ ਪੱਕੇ ਮਕਾਨ ਬਣ ਰਹੇ ਹਨ। ਪੁਰਾਣੀਆਂ ਗਲ ?ੀਆਂ ਦੀ ਥਾਂ ਪੱਕੀਆਂ ਸੜਕਾਂ ਆ ਰਹੀਆਂ ਹਨ। ਵਾਹਨਾਂ ਦੀ ਗਿਣਤੀ ਵਧ ਰਹੀ ਹੈ। ਇਸ ਬਦਲਾਅ ਦਾ ਅਸਰ ਫ਼ ?ਰਨੀਆਂ 'ਤੇ ਵੀ ਪਿਆ ਹੈ।

ਕਈ ਪਿੰਡਾਂ ਦੀਆਂ ਫ਼ ?ਰਨੀਆਂ ਹੁਣ ਪੱਕੀਆਂ ਸੜਕਾਂ ਬਣ ਚੁੱਕੀਆਂ ਹਨ। ਜਿੱਥੇ ਪਹਿਲਾਂ ਮਿੱਟੀ ਉੱਡਦੀ ਸੀ, ਉੱਥੇ ਹੁਣ ਇੰਟਰਲਾਕ ਟਾਈਲਾਂ ਜਾਂ ਲੁੱਕ ਵਾਲ ?ੀਆਂ ਪੱਕੀਆਂ ਸੜਕਾਂ ਹਨ। ਪਰ ਇਸ ਦੇ ਨਾਲ ਇੱਕ ਹੋਰ ਸਮੱਸਿਆ ਵੀ ਪੈਦਾ ਹੋਈ ਹੈ ਕਿ ਲੋਕ ਫ਼ ?ਰਨੀ 'ਤੇ ਨਾਜਾਇਜ਼ ਕਬਜ਼ੇ ਕਰਨ ਲੱਗ ਪਏ ਹਨ। ਕਈ ਥਾਵਾਂ 'ਤੇ ਲੋਕ ਰਸਤੇ ਦੇ ਹਿੱਸੇ ਵਿੱਚ ਆਪਣਾ ਸਮਾਨ ਰੱਖ ਦਿੰਦੇ ਹਨ ਜਾਂ ਕੰਧਾਂ ਅੱਗੇ ਵਧਾ ਲੈਂਦੇ ਹਨ ਜਾਂ ਪਸ਼ੂ ਬੰਨ੍ਹ ਦਿੰਦੇ ਹਨ। ਇਸ ਨਾਲ ਰਸਤਾ ਹੌਲੀ-ਹੌਲੀ ਤੰਗ ਹੁੰਦਾ ਜਾਂਦਾ ਹੈ ਜਦ ਕਿ ਇਹ ਕਿਸਾਨਾਂ ਦੀ ਵੱਡੀ ਮਸ਼ੀਨਰੀ ਜਿਵੇਂ ਟ ?ਰੈਕਟਰ ਟਰਾਲੀਆਂ,ਟਰੱਕ ਆਦਿ ਲੰਘਣ ਦਾ ਰਸਤਾ ਹੁੰਦਾ ਹੈ। ਅੱਜ ਕੱਲ੍ਹ ਫ਼ ?ਰਨੀ ਨਾਲ ? ਲੱਗਦੇ ਖੇਤਾਂ ਵਾਲ ? ਲੋਕਾਂ ਵਿੱਚ ਆਪਣੇ ਪਿੰਡ ਅੰਦਰਲੇ ਪੁਰਾਣੇ ਘਰ ਛੱਡ ਕੇ ਇਸ ਬਾਹਰਲੀ ਸੜਕ ਨਾਲ ? ਲੱਗਦੇ ਖੇਤਾਂ ਵਿੱਚ ਵੱਡੇ ਵੱਡੇ ਘਰ ਜਾਂ ਕੋਠੀਆਂ ਬਣਾਉਣ ਦਾ ਰੁਝਾਨ ਪੈਦਾ ਹੋ ਗਿਆ ਹੈ ਜਿਸ ਨਾਲ ? ਫਿਰਨੀਆਂ ਪਿੰਡਾਂ ਵਿੱਚ ਮਿਲ ?ਦੀਆਂ ਜਾ ਰਹੀਆਂ ਹਨ । ਕਈ ਪਿੰਡਾਂ ਦੀਆਂ ਫਿਰਨੀਆਂ ਦੇ ਕਿਨਾਰਿਆਂ 'ਤੇ ਪਰਵਾਸੀ ਮਜ਼ਦੂਰਾਂ ਨੇ ਝੁੱਗੀਆਂ ਪਾ ਕੇ ਰਹਿਣਾ ਸ਼ੁਰੂ ਕਰ ਦਿੱਤਾ ਹੈ ਜਿਸ ਕਾਰਨ ਸੁਰੱਖਿਅਤ ਰਹਿਣ ਵਾਲੇ ਪਿੰਡਾਂ ਵਿੱਚ ਵੀ ਵੱਡੀਆਂ ਵਾਰਦਾਤਾਂ ਜਾਂ ਲੁੱਟਾਂ ਖੋਹਾਂ ਹੋਣ ਲੱਗ ਪਈਆਂ ਹਨ। ਪਿੰਡਾਂ ਦੀਆਂ ਪੰਚਾਇਤਾਂ ਦਾ ਫਰਜ਼ ਬਣਦਾ ਹੈ ਕਿ ਅਣਜਾਣ ਲੋਕਾਂ ਨੂੰ ਫਿਰਨੀਆਂ ਤੇ ਝੁੱਗੀਆਂ ਝੌਂਪੜੀਆਂ ਬਣਾਉਣ ਤੋਂ ਸਮਾਂ ਰਹਿੰਦੇ ਹੀ ਰੋਕਿਆ ਜਾਵੇ ਤਾਂ ਜੋ ਪਿੰਡਾਂ ਦੀ ਨੁਹਾਰ ਅਤੇ ਸੁਰੱਖਿਆ ਨੂੰ ਬਰਕਰਾਰ ਰੱਖਿਆ ਜਾਵੇ।

ਜਿਸ ਤਰ੍ਹਾਂ ਘਰ ਦੀ ਸਫ਼ਾਈ ਕਰਨੀ ਜ਼ਰੂਰੀ ਹੈ, ਉਸੇ ਤਰ੍ਹਾਂ ਪਿੰਡ ਦੇ ਸਾਂਝੇ ਰਸਤਿਆਂ ਦੀ ਸੰਭਾਲ ਕਰਨੀ ਵੀ ਹਰ ਪਿੰਡ ਦੀ ਪੰਚਾਇਤ ਅਤੇ ਉੱਥੋਂ ਦੇ ਵਸਨੀਕਾਂ ਦੀ ਜ਼ਿੰਮੇਵਾਰੀ ਹੈ। ਫ਼ ?ਰਨੀ 'ਤੇ ਕੂੜਾ ਸੁੱਟ ਸੁੱਟ ਕੇ ਰੂੜੀਆਂ ਨਹੀਂ ਬਣਾਉਣੀਆਂ ਚਾਹੀਦੀਆਂ । ਘਰਾਂ ਦੀਆਂ ਨਾਲੀਆਂ ਦੀ ਸਫ਼ਾਈ ਹੋਣੀ ਚਾਹੀਦੀ ਹੈ ਤਾਂ ਜੋ ਬਰਸਾਤ ਦਾ ਪਾਣੀ ਜਾ ਕੇ ਫ਼ ?ਰਨੀ ਤੇ ਨਾ ਖੜ੍ਹੇ। ਜਿੱਥੇ ਲੋੜ ਹੋਵੇ, ਉੱਥੇ ਸੜਕ ਦੀ ਮੁਰੰਮਤ ਸਮੇਂ ਸਿਰ ਕਰਵਾਉਣੀ ਚਾਹੀਦੀ ਹੈ। ਫ਼ ?ਰਨੀ ਦੇ ਆਲੇ-ਦੁਆਲੇ ਛਾਂ ਦੇਣ ਵਾਲੇ ਰੁੱਖ ਲਗਾਏ ਜਾਣ ਤਾਂ ਜੋ ਪਿੰਡ ਅਤੇ ਫ਼ ?ਰਨੀ ਦੀ ਸੁੰਦਰਤਾ ਵੀ ਵਧੇਗੀ ਅਤੇ ਗਰਮੀਆਂ ਵਿੱਚ ਰਾਹਗੀਰਾਂ ਨੂੰ ਰਾਹਤ ਵੀ ਮਿਲੇਗੀ। ਪਰ ਰੁੱਖ ਲਗਾਉਂਦੇ ਸਮੇਂ ਇਹ ਵੀ ਧਿਆਨ ਰੱਖਣਾ ਚਾਹੀਦਾ ਹੈ ਕਿ ਰਸਤਾ ਤੰਗ ਨਾ ਹੋਵੇ। ਪਿੰਡ ਦੀ ਫਿਰਨੀ ਤੇ ਖੇਤਾਂ ਵਿੱਚ ਬਣਨ ਵਾਲੀਆਂ ਕੋਠੀਆਂ ਵੱਲੋਂ ਗੇਟਾਂ ਅੱਗੇ ਵੱਡੀਆਂ ਥੜ੍ਹੀਆਂ ਨਾ ਬਣਾਈਆਂ ਜਾਣ।

ਅੱਜ ਭਾਵੇਂ ਆਧੁਨਿਕ ਸੜਕਾਂ ਅਤੇ ਵੱਡੇ ਵਾਹਨ ਪਿੰਡਾਂ ਤੱਕ ਪਹੁੰਚ ਗਏ ਹਨ, ਪਰ ਫ਼ ?ਰਨੀ ਦੀ ਆਪਣੀ ਥਾਂ ਅਜੇ ਵੀ ਕਾਇਮ ਹੈ। ਇਹ ਪਿੰਡ ਦੇ ਪੁਰਾਣੇ ਸਰੂਪ ਦੀ ਯਾਦ ਦਿਵਾਉਂਦੀ ਹੈ। ਜਦੋਂ ਕੋਈ ਬੰਦਾ ਪਿੰਡ ਵਿੱਚ ਦਾਖ਼ਲ ਹੁੰਦਾ ਹੈ ਅਤੇ ਫ਼ ?ਰਨੀ 'ਤੇ ਤੁਰਦਾ ਹੈ ਤਾਂ ਉਸ ਨੂੰ ਪਿੰਡ ਦੀ ਅਸਲ ਰੂਹ ਦਾ ਅਹਿਸਾਸ ਹੁੰਦਾ ਹੈ।

ਫ਼ ?ਰਨੀ ਸਾਨੂੰ ਸਾਡੇ ਪੁਰਾਣੇ ਪਿੰਡ ਨਾਲ ਜੋੜਦੀ ਹੈ। ਇਸ ਰਾਹ 'ਤੇ ਕਦੇ ਬਜ਼ੁਰਗ ਪੈਦਲ ਤੁਰੇ ਹੋਣਗੇ, ਕਦੇ ਬਲਦਾਂ ਦੀਆਂ ਜੋੜੀਆਂ ਲੰਘੀਆਂ ਹੋਣਗੀਆਂ ਅਤੇ ਕਦੇ ਬੱਚਿਆਂ ਨੇ ਖੇਡਦੇ-ਖੇਡਦੇ ਇਸੇ ਰਸਤੇ ਨੂੰ ਆਪਣੀ ਦੁਨੀਆਂ ਬਣਾਇਆ ਹੋਵੇਗਾ। ਚਾਹੇ ਸਮਾਂ ਬਦਲ ਗਿਆ ਹੈ ਪਰ ਫ਼ ?ਰਨੀ ਅੱਜ ਵੀ ਪਿੰਡ ਦੀ ਕਹਾਣੀ ਆਪਣੇ ਸੀਨੇ ਵਿੱਚ ਸਮੋਈ ਬੈਠੀ ਹੈ। ਫ਼ ?ਰਨੀ ਪਿੰਡ ਦੇ ਚਾਰੋਂ ਪਾਸੇ ਬਣਿਆ ਸਿਰਫ਼ ਇੱਕ ਰਸਤਾ ਹੀ ਨਹੀਂ ਸਗੋਂ ਇਹ ਪਿੰਡ ਦੀ ਆਵਾਜਾਈ ਦੀ ਧੁਰਾ, ਖੇਤਾਂ ਨਾਲ ਜੋੜਨ ਵਾਲੀ ਕੜੀ, ਲੋਕਾਂ ਦੇ ਮਿਲਾਪ ਦੀ ਥਾਂ ਅਤੇ ਪਿੰਡ ਦੀ ਪੁਰਾਣੀ ਪਛਾਣ ਦਾ ਹਿੱਸਾ ਹੈ। ਇਸ ਨੂੰ ਸਾਫ਼ ਰੱਖਣਾ, ਕਬਜ਼ਿਆਂ ਤੋਂ ਬਚਾਉਣਾ ਅਤੇ ਚੰਗੀ ਹਾਲਤ ਵਿੱਚ ਰੱਖਣਾ ਸਾਡੀ ਸਾਂਝੀ ਜ਼ਿੰਮੇਵਾਰੀ ਹੈ। ਜਿਸ ਪਿੰਡ ਦੀ ਫ਼ ?ਰਨੀ ਸਾਫ਼-ਸੁਥਰੀ, ਖੁੱਲ੍ਹੀ ਅਤੇ ਸੁੰਦਰ ਹੋਵੇਗੀ ਉਸ ਪਿੰਡ ਦੀ ਬਾਹਰਲੀ ਦਿੱਖ ਵੀ ਸੋਹਣੀ ਲੱਗਦੀ ਹੈ। ਇਸ ਲਈ ਸਾਨੂੰ ਆਪਣੇ ਪਿੰਡਾਂ ਦੀ ਇਸ ਸਾਂਝੀ ਵਿਰਾਸਤ ਨੂੰ ਸੰਭਾਲਣਾ ਚਾਹੀਦਾ ਹੈ, ਕਿਉਂਕਿ ਫ਼ ?ਰਨੀ ਸਿਰਫ਼ ਪਿੰਡ ਦੇ ਚਾਰੋਂ ਪਾਸੇ ਨਹੀਂ ਘੁੰਮਦੀ, ਇਹ ਪਿੰਡਾਂ ਦੀ ਜ਼ਿੰਦਗੀ ਨੂੰ ਆਪਣੇ ਨਾਲ ਜੋੜ ਕੇ ਰੱਖਦੀ ਹੈ।

# ਸੁਪਨਿਆਂ ਦੇ ਖ਼ਤ ..



2014 ਵਿੱਚ ਮਾਂ ਦੀ ਅਚਾਨਕ ਹੋਈ ਮੌਤ ਨੇ ਜ਼ਿੰਦਗੀ ਨੂੰ ਇੱਕੋ ਦਮ ਝੰਜੋੜ ਦਿੱਤਾ। ਮਾਂ ਨੂੰ ਆਪਣਾ ਦੋਸਤ ਤੇ ਸਭ ਕੁਝ ਸਮਝਣ ਵਾਲਾ ਮੁੰਡਾ ਅੱਜ ਬਿਲਕੁਲ ਇਕੱਲਾ ਰਹਿ ਗਿਆ ਸੀ। ਭਾਵੇਂ ਹਰੇਕ ਰਿਸ਼ਤੇਦਾਰ ਕਹਿ ਰਿਹਾ ਸੀ ਕਿ ਹੌਲੀ-ਹੌਲੀ ਸਭ ਠੀਕ ਹੋ ਜਾਏਗਾ ਪਰ ਉਸ ਨੂੰ ਪਤਾ ਸੀ ਕਿ ਕੁਝ ਵੀ ਹੋ ਜਾਵੇ ਪਰ ਉਸ ਦੀ ਮਾਂ ਹੁਣ ਕਦੀ ਵੀ ਉਸ ਦੇ ਕੋਲ ਵਾਪਸ ਨਹੀਂ ਆਏਗੀ। ਹੌਲੀ-ਹੌਲੀ ਸਭ ਰਿਸ਼ਤੇਦਾਰ ਇੱਕ- ਇੱਕ ਕਰਕੇ ਘਰੋਂ ਜਾਂਦੇ ਗਏ। ਵੱਡੀ ਭੈਣ ਦੂਰ ਵਿਆਹੀ ਹੋਈ ਸੀ ਆਖਿਰ ਉਹ ਵੀ ਕਿੰਨੀ ਕੁ ਦੇਰ ਆਪਣਾ ਘਰ ਛੱਡ ਕੇ ਪੇਕੇ ਘਰ ਬੈਠੀ ਰਹਿੰਦੀ।ਇੱਕ ਮਹੀਨੇ ਬਾਅਦ ਉਹ ਵੀ ਰੋਂਦੀ ਕੁਰਲਾਂਦੀ ਆਪਣੇ ਭਰਾਵਾਂ ਦੇ ਸਿਰ ਤੇ ਹੱਥ ਰੱਖਦੀ, ਪਿਤਾ ਦੇ ਹੰਝੂ ਪੂੰਝਦੀ ਹੋਈ ਫਿਰ ਦੁਆਰਾ ਜਲਦੀ ਆਉਣ ਦਾ ਕਹਿ ਕੇ ਆਪਣੇ ਘਰ ਚਲੀ ਹੀ ਗਈ। ਵੱਡਾ ਭਰਾ ਵੀ ਉਨ੍ਹਾਂ ਦਿਨਾਂ ਵਿੱਚ ਬਹੁਤ ਚੁੱਪ - ਚੁੱਪ ਰਹਿੰਦਾ ਸੀ ਕਿਉਂਕਿ ਉਸ ਨੇ ਆਪਣੇ ਹੱਥਾਂ ਵਿੱਚ ਆਪਣੀ ਮਾਂ ਨੂੰ ਜਾਂਦੀ ਹੋਈ ਦੇਖਿਆ ਸੀ।ਪਿਤਾ ਕੋਲ ਆਪਣੇ ਦੁੱਖ ਭੁਲਾਉਣ ਦੀ ਬੱਸ ਇੱਕੋ ਹੀ ਦਵਾਈ ਸੀ .... ਸ਼ਰਾਬ !!

ਪਿਤਾ ਦੀ ਰੋਜ਼ ਸ਼ਰਾਬ ਪੀਣ ਦੀ ਆਦਤ ਸ਼ਾਇਦ ਉਸ ਨੂੰ ਆਪਣੇ ਪਿਤਾ ਨਾਲ ਕੁਝ ਗੱਲ ਕਰਨ ਦੀ ਇਜਾਜ਼ਤ ਨਹੀਂ ਦਿੰਦੀ ਸੀ। ਉਹ ਹਰ ਰੋਜ਼ ਹੀ ਅਲੱਗ ਕਮਰੇ ਵਿੱਚ ਆਪਣੀ ਮਾਂ ਦੀ ਤਸਵੀਰ ਘੰਟਿਆਂ ਤੱਕ ਹੱਥ ਵਿੱਚ ਫੜੀ, ਸੀਨੇ ਨਾਲ ਲਾਈ ਬੈਠਾ ਰਹਿੰਦਾ ਤੇ ਹੌਲੀ - ਹੌਲੀ ਗੱਲਾਂ ਕਰਦਾ ਰਹਿੰਦਾ। ਦਿਲ ਦੀਆਂ ਗੱਲਾਂ ਭੈਣ ਨਾਲ ਤਾਂ ਨਹੀਂ ਸੀ ਕਰਦਾ। ਦੂਰ ਬੈਠੀ ਹੈ ਮੇਰਾ ਦੁੱਖ ਸੁਣ ਕੇ ਹੋਰ ਵੀ ਦੁਖੀ ਹੋਵੇਗੀ।ਨਾਲੇ ਭੈਣ ਦਾ ਦੁੱਖ ਕਿਹੜਾ ਘੱਟ ਸੀ ਧੀਆਂ ਕੋਲ ਵੀ ਤਾਂ ਮਾਂਵਾਂ ਹੀ ਹੁੰਦੀਆਂ ਨੇ ਜਿਨ੍ਹਾਂ ਨਾਲ ਉਹ ਦਿਲ ਦੀ ਹਰ ਗੱਲ ਕਰਦੀਆਂ ਨੇ।

ਕਮਰੇ ਵਿੱਚ ਘੰਟਿਆਂ ਇਕੱਲੇ ਬੈਠੇ ਰਹਿਣਾ ਅਤੇ ਆਪਣੀ ਮਾਂ ਦੀ ਤਸਵੀਰ ਨਾਲ ਗੱਲਾਂ ਕਰੀ ਜਾਣਾ ਉਸ ਦੀ ਰੋਜ਼ ਦੀ ਆਦਤ ਬਣ ਗਈ ਸੀ। ਇੱਕ ਦਿਨ ਆਪਣੀ ਮਾਂ ਨੂੰ ਕਹਿਣ ਲੱਗਾ ਕਿ ਮੈਂ ਤਾਂ ਸੁਣਿਆ ਸੀ ਮਾਵਾਂ ਮਰਨ ਤੋਂ ਬਾਅਦ ਵੀ ਪੁੱਤਾਂ ਨੂੰ ਨਹੀਂ ਛੱਡਦੀਆਂ ਕਿ ਤੂੰ ਮੈਨੂੰ ਸੱਚੀ ਛੱਡ ਕੇ ਚਲੀ ਗਈ। ਇਸੇ ਗੁੱਸੇ ਗਿਲੇ ਦੇ ਵਿੱਚ ਰੋਂਦਾ-ਰੋਂਦਾ ਮਾਂ ਦੀ ਤਸਵੀਰ ਨੂੰ ਗਲ ਨਾਲ ਲਾਇਆ। ਕਦੋਂ ਨੀਂਦ ਆ ਗਈ ਉਸ ਨੂੰ ਪਤਾ ਹੀ ਨਹੀਂ ਲੱਗਾ। ਸੁਪਨੇ ਦੇ ਵਿੱਚ ਮਾਂ ਤਾਂ ਦੇਖੀ ਪਰ ਬਹੁਤ ਹੀ ਦੂਰ, ਨਾ ਬੋਲੀ, ਨਾ ਕੋਈ ਗੱਲ ਕੀਤੀ। ਬੱਸ ਦੂਰ ਤੋਂ ਉਸ ਨੂੰ ਵੇਖਦੀ - ਵੇਖਦੀ ਅੱਖਾਂ ਤੋਂ ਓਹਲੇ ਹੋ ਗਈ। ਪਰ ਹੈਰਾਨੀ ਦੀ ਗੱਲ ਇਹ ਸੀ ਕਿ ਮਾਂ ਦੇ ਹੱਥ ਵਿੱਚ ਇੱਕ ਡਾਇਰੀ ਸੀ, ਜੋ ਹੂ-ਬ-ਹੂ ਉਸੇ ਡਾਇਰੀ ਨਾਲ ਮਿਲਦੀ ਸੀ ਜੋ ਉਸ ਦੇ ਹੀ ਘਰ ਦੇ ਕਿਤਾਬਾਂ ਵਾਲੇ ਖਾਨੇ ਵਿੱਚ ਪਈ ਸੀ। ਅੱਧੀ ਰਾਤ ਨੂੰ ਉੱਠ ਕੇ ਉਹ ਆਪਣੇ ਕਿਤਾਬਾਂ ਵਾਲੇ ਖਾਨੇ ਵਿੱਚ ਉਹੀ ਡਾਇਰੀ ਲੱਭਣ ਲੱਗ ਪਿਆ। ਡਾਇਰੀ ਤਾਂ ਮਿਲੀ ਪਰ ਬਿਲਕੁਲ ਖਾਲੀ। ਉਸ ਨੂੰ ਲੱਗਾ ਸ਼ਾਇਦ ਇਹ ਉਸ ਦੀ ਮਾਂ ਦਾ ਕੋਈ ਸੁਨੇਹਾ ਹੈ, ਜੋ ਉਸ ਨੂੰ ਕਿਸੇ ਤਰੀਕੇ ਮਿਲਿਆ ਹੈ। ਲਿਖਣ ਦਾ ਸ਼ੌਕ ਤਾਂ ਉਸ ਨੂੰ ਬਚਪਨ ਤੋਂ ਹੀ ਸੀ ਪਰ ਕਦੀ ਮਾਂ ਲਈ ਵੀ ਲਿਖਣਾ ਪਏਗਾ।ਇਹ ਸ਼ਾਇਦ ਇਸ ਤੋਂ ਪਹਿਲਾਂ ਉਸ ਨੇ ਕਦੇ ਨਹੀਂ ਸੋਚਿਆ ਸੀ। ਉਸ ਨੇ ਕਲਮ ਚੁੱਕੀ ਤੇ ਜੋ ਵੀ ਉਸ ਦੇ ਦਿਲ ਵਿੱਚ ਸੀ ਸਭ ਕੁਝ ਲਿਖਣਾ ਸ਼ੁਰੂ ਕਰ ਦਿੱਤਾ।ਇਹ ਸੋਚ ਕੇ ਕਿ ਇਹ ਸਭ ਉਸ ਦੀ ਮਾਂ ਪੜ੍ਹੇਗੀ। ਫਿਰ ਇਹ ਸਿਲਸਿਲਾ ਚੱਲਦਾ ਹੀ ਰਿਹਾ ਹਰ ਥੋੜ੍ਹੇ ਦਿਨਾਂ ਬਾਅਦ ਉਹ ਉਸੇ ਡਾਇਰੀ ਵਿੱਚ ਆਪਣੀ ਮਾਂ ਨੂੰ ਇੱਕ ਖ਼ਤ ਲਿਖਣ ਲੱਗ ਪਿਆ। ਇੱਕ ਦਿਨ ਲਿਖਦਾ ਲਿਖਦਾ ਬਹੁਤ ਰੋਇਆ ਜਿਵੇਂ ਕਹਿ ਰਿਹਾ ਹੋਵੇ ਮਾਂ ਮੰਨ ਲਿਆ ਕਿ ਤੂੰ ਆਪਣੇ ਨਾਲ ਗੱਲਾਂ ਕਰਨ ਦਾ ਇੱਕ ਤਰੀਕਾ ਦੇ ਦਿੱਤਾ ਪਰ ਮੈਂ ਸਿਰਫ਼ ਗੱਲਾਂ ਨਹੀਂ ਕਰਨੀਆਂ ਇੱਕ ਵਾਰ ਤੇਰੇ ਗਲ ਲਗ ਕੇ ਰੋਣਾ ਹੈ।ਇੱਕ ਵਾਰ ਮੈਨੂੰ ਰੋ ਲੈਣ ਦੇ ਮਾਂ ..... ਇਸ ਤੋਂ ਬਾਅਦ ਕਦੇ ਕੁੱਝ ਨਹੀਂ ਮੰਗਾਂਗਾ। ਉਸ ਨੇ ਆਪਣੇ ਬੜੇ ਖ਼ਤਾਂ ਦੇ ਵਿੱਚ ਆਪਣੀ ਇਹੀ ਮੰਗ ਬਹੁਤ ਵਾਰ ਦੁਹਰਾਈ ਪਰ ਸ਼ਾਇਦ ਮਾਂ ਹਾਲੇ ਮਜਬੂਰ ਸੀ। ਇਨ੍ਹਾਂ ਸੋਚਾਂ ਅਤੇ ਇਕੱਲੇਪਨ ਦਾ ਨਤੀਜਾ ਉਹੀ ਨਿਕਲਿਆ ਜਿਸ ਦਾ ਡਰ ਸੀ। ਇੱਕ ਦਿਨ ਅਚਾਨਕ ਉਸਦੇ ਢਿੱਡ ਵਿੱਚ ਪੀੜ ਉੱਠੀ ਤੇ ਗੱਲ ਹਸਪਤਾਲ ਦਾਖ਼ਲ ਹੋਣ ਤੱਕ ਆ ਗਈ। ਮਾਂ ਕਾਫੀ ਵਾਰ ਸੁਪਨੇ ਵਿਚ ਆਉਂਦੀ ਪਰ ਦੂਰੋਂ ਹੀ ਗੱਲਾਂ ਕਰਕੇ ਮੁੜ ਜਾਦੀ। ਪਰ ਉਹ ਜਿਵੇਂ ਆਪਣੀ ਜਿੱਦ ਤੇ ਅੜਿਆ ਹੋਇਆ ਸੀ, ਜਿਸ ਤਰ੍ਹਾਂ ਬਚਪਨ ਵਿੱਚ ਆਪਣੀ ਕੋਈ ਗੱਲ ਮਾਂ ਤੋਂ ਮਨਾਉਣ ਲਈ ਜ਼ਿੱਦ ਤੇ ਅੜ੍ਹਦਾ ਹੁੰਦਾ ਸੀ। ਉਧਰ ਡਾਕਟਰ ਇਹ ਸੋਚ ਕੇ ਪ੍ਰੇਸ਼ਾਨ ਸੀ ਕਿ ਇਸ ਤੇ ਕੋਈ ਦਵਾਈ ਅਸਰ ਕਿਉਂ ਨਹੀਂ ਕਰ ਰਹੀ। ਸਾਰਾ ਪਰਿਵਾਰ - ਰਿਸ਼ਤੇਦਾਰ ਉਸ ਦੇ ਕੋਲ ਸੀ, ਉਸ ਨੂੰ ਸਮਝਾ ਰਹੇ ਸੀ, ਉਸ ਨੂੰ ਪਿਆਰ ਕਰ ਰਹੇ ਸੀ। ਪਰ ਉਸ ਦੇ ਅੰਦਰ ਕੀ ਚੱਲ ਰਿਹਾ ਸੀ ਇਹ ਕੋਈ ਵੀ ਨਹੀਂ ਜਾਣਦਾ ਸੀ, ਸਿਵਾਏ ਉਸ ਦੀ ਮਾਂ ਦੇ ਜਾਂ ਉਨ੍ਹਾਂ ਖ਼ਤਾਂ ਦੇ ਜੋ ਉਸ ਨੇ ਆਪਣੀ ਮਾਂ ਨੂੰ ਲਿਖੇ ਸੀ। ਆਖਿਰਕਾਰ ਰੱਬ ਨੂੰ ਵੀ ਮਾਂ ਤੇ ਪੁੱਤ ਦੇ ਪਿਆਰ ਵਿੱਚ ਝੁਕਣਾ ਪਿਆ। ਉਸ ਨੂੰ ਹਸਪਤਾਲ ਵਿੱਚ ਹੀ ਇੱਕ ਰਾਤ ਨੂੰ ਸੁਪਨਾ ਆਇਆ ਜਿਸ ਵਿੱਚ ਉਸਦੀ ਮਾਂ ਉਸ ਨੂੰ ਮਿਲਣ ਆਈ। ਉਸ ਨੇ ਆਪਣੀ ਮਾਂ ਨਾਲ ਖੂਬ ਗੱਲਾਂ ਕੀਤੀਆਂ ਮਾਂ ਉਸ ਦਾ ਹਾਲ ਪੁੱਛ ਕੇ ਜਾਣ ਹੀ ਲੱਗੀ ਸੀ ਕਿ ਉਸ ਨੇ ਆਪਣੀ ਮਾਂ ਦਾ ਹੱਥ ਫੜ ਲਿਆ ਅਤੇ ਗਲ ਨਾਲ ਲਾ ਲਿਆ, ਫਿਰ ਉਹ ਕੁਝ ਨਾ ਬੋਲਿਆ ਤੇ ਨਾ ਹੀ ਮਾਂ ਨੂੰ ਬੋਲਣ ਦਿੱਤਾ ਬੱਸ ਰੋਈ ਗਿਆ। ਜਦ ਉੱਠਿਆ ਤਾਂ ਸਰਾਣਾ ਭਾਵੇਂ ਗਿੱਲਾ ਸੀ ਪਰ ਜਿਵੇਂ ਉਸ ਦਾ ਦਿਲ ਬਹੁਤ ਹਲਕਾ ਹੋ ਗਿਆ ਸੀ। ਕੁਝ ਦਿਨਾਂ ਵਿੱਚ ਹੀ ਉਸ ਦੀ ਸਿਹਤ ਵਿੱਚ ਵੀ ਫ਼ਰਕ ਪੈਣਾ ਸ਼ੁਰੂ ਹੋ ਗਿਆ ਅਤੇ ਹੌਲੀ ਹੌਲੀ ਉਹ ਬਿਲਕੁਲ ਠੀਕ ਹੋ ਗਿਆ। ਫਿਰ ਉਸ ਨੇ ਆਪਣੀ ਮਾਂ ਨੂੰ ਖ਼ਤ ਤਾਂ ਲਿਖੇ ਪਰ ਕਦੀ ਉਸਨੂੰ ਮਿਲਣ ਦੀ ਜਾਂ ਕਿਸੇ ਹੋਰ ਗੱਲ ਦੀ ਜ਼ਿੱਦ ਨਹੀਂ ਕੀਤੀ, ਪਰ ਮਾਂ ਵੀ ਥੋੜ੍ਹੇ ਕੁ ਦਿਨਾਂ ਬਾਅਦ ਹੀ ਕਿਸੇ ਨਾ ਕਿਸੇ ਬਹਾਨੇ ਉਸ ਦੇ ਸੁਪਨੇ ਵਿੱਚ ਆ ਹੀ ਜਾਂਦੀ ਸੀ। ਭਾਵੇਂ ਨਵਾਂ ਸਾਲ ਚੜ੍ਹਦਾ ਗਿਆ ਹੈ ਪਰ ਇਹਨਾ ਖ਼ਤਾਂ ਦਾ ਅਤੇ ਸੁਪਨਿਆਂ ਦਾ ਸਿਲਸਿਲਾ ਅੱਜ ਵੀ ਜਾਰੀ ਹੈ। ਕੋਈ ਨਹੀਂ ਜਾਣਦਾ ਪਰ ਉਸ ਦੀ ਮਾਂ ਅੱਜ ਵੀ ਉਸ ਦੇ ਹਰ ਖ਼ਤ ਦਾ ਜਵਾਬ ਦਿੰਦੀ ਹੈ ਅਤੇ ਉਸ ਨੂੰ ਵੀ ਹਰ ਸੁਪਨੇ ਵਿੱਚ ਆਪਣੀ ਮਾਂ ਦਾ ਇੰਤਜ਼ਾਰ ਰਹਿੰਦਾ ਹੈ।



ਦੀਪ ਚੌਹਾਨ ,ਫ਼ਿਰੋਜ਼ਪੁਰ
ਮੋ:9464212566

## ਜਜ਼ਬਾਤੀਂ ਭਰੇ ਬੋਲ

ਉਹ ਕਹਿੰਦੇ ਰਹੇ ਕਿ ਛੋਟੀ ਉਮਰ ਆ ਕੋਈ ਨਾ, ਜੇਕਰ ਓਹੀਓ ਰੰਗ ਮੈਂ ਦਿਖਾਏ ਤਾਂ ਜਵਾਬ ਬਦਲ ਗਿਆ।

ਯਾਦ ਆਉਂਦੇ ਨੇ ਬਚਪਨ ਦੇ ਉਹ ਦਿਨ, ਜਦੋਂ ਉਸ ਘਰ ਦੇ ਸਾਹਮਣੇ ਨਦੀ ਦਾ ਕਿਨਾਰਾ ਸੀ।ਘਰਾਂ ਦੀਆਂ ਛੱਤਾਂ ਤੇ ਖੇਡਣਾ,ਅਤੇ ਸਹੇਲੀਆਂ ਦਾ ਸਾਥ ਬਹੁਤ ਪਿਆਰਾ ਸੀ। ਮੀਂਹ ਵਿੱਚ ਨੰਗੇ ਹੋ ਕੇ ਨਹਾਉਣਾ,ਓਦੋਂ ਦਿਲ ਵੀ ਕਿੰਨਾ ਅਵਾਰਾ ਸੀ। ਉਸੇ ਪਿੰਡ ਜਦੋਂ ਮੁੜ ਕੇ ਦੁਬਾਰਾ ਗਈ, ਦੂਰੋਂ ਖੜ੍ਹ ਥਾਵਾਂ ਦੇਖੀਆਂ, ਜਿੱਥੇ ਬਚਪਨ ਮੈਂ ਗੁਜਾਰਿਆ ਸੀ। ਮਾਂ ਬਾਪ ਤਾਂ ਛੱਡ ਗਏ ਕਈ ਵਰ੍ਹੇ ਪਹਿਲਾਂ, ਪਰ ਫੇਰ ਵੀ ਲੱਗਿਆ ਕਿ ਕਮਲ਼ੀ 'ਸਾਬੀ' ਨੂੰ ਮਾਂ ਨੇ ਪੁਕਾਰਿਆ ਸੀ।



ਅੱਜ ਫੇਰ ਓਹੀਓ ਵਖਤ ਆ ਗਿਆ, ਓਹੀ ਹਨੇਰਾ ਤੇ ਸੁਨਾਟਾ ਛਾ ਗਿਆ।ਤੇਰਾ ਬਿਨ ਬੋਲੇ ਜਾਣਾ,ਅੱਜ ਫੇਰ ਰੁਲਾ ਗਿਆ।ਮੈਂ ਪੂਰੀ ਦੁਨੀਆਂ ਵਿੱਚ ਇਕੱਲੀ ਰਹਿ ਗਈ ਫੇਰ ਯਾਦ ਆ ਗਿਆ। ਓਹੀ ਦਰਦ ਓਹੀ ਵਿਛੋੜਾ ਮਾਂ,ਹੌਲੀ ਹੌਲੀ 'ਸਾਬੀ' ਨੂੰ ਖਾ ਗਿਆ।

ਰੱਖਣ ਖਾਰਾਂ ਦਿਲ ਅੰਦਰ, ਬਸ ਬਚਕੇ ਲੰਘ ਜਾਵਾਂ।ਸਿੱਖਿਆ ਔਖੇ ਵਕਤਾਂ ਦਾ ਨਾ ਮੰਗ ਖਾਵਾਂ,ਕਦੇ ਤਾਂ ਰਿਸ਼ਤੇ ਹੁੰਦਿਆਂ ਖਿੜਿਆਂ ਚੇਹਰਾ ਰਹਿੰਦਾ ਸੀ,ਕੱਲੀ ਦੁਨੀਆਂ ਵਿੱਚ ਦੱਸਦੀ ਮੈਂ ਸੰਗ ਜਾਵਾਂ। ਇੱਕੋ ਦੁੱਖ ਜੋ ਵੱਢ ਵੱਢ ਖਾਂਦਾ 'ਸਾਬੀ' ਚੰਦਰੀ ਨੂੰ, ਬੇਰਹਿਮ ਨੂੰ ਛੱਡ ਦੇਵਾਂ ਜਾਂ ਡੰਗ ਜਾਵਾਂ।

ਮੇਰੀਆਂ ਇਹਨਾਂ ਅੱਖਾਂ ਵਿੱਚ ਕੁਝ ਲੰਘੇ ਪਲ ਦਿਖਣਗੇ,ਓਹੀਓ ਟੁੱਟੇ ਰਿਸ਼ਤਿਆਂ ਦੀ ਦਾਸਤਾਨ ਲਿਖਣਗੇ। ਹਰ ਇੱਕ ਨੇ ਰੱਦੀ ਚ ਵੇਚ ਦਿੱਤਾ ਸਾਬੀ ਨੂੰ,ਹੁਣ ਮੇਰੇ ਦੁੱਖ ਵੀ ਲੱਖਾਂ ਚ ਵਿਕਣਗੇ। ਨਹੀਂ ਪਤਾ ਕਿੰਨੇ ਸਾਲਾਂ ਤੋਂ ਬੇਘਰ ਘੁੰਮ ਰਹੀ ਸੀ, ਹੁਣ ਲਗਦਾ ਪੈਰ ਮੇਰੇ ਖੁਦ ਦੇ ਮਹਿਲ ਚ ਟਿਕਣਗੇ।

ਸਾਬੀ ਕੌਰ, ਯੂ.ਕੇ

## ਪੈਰ ਨਾ ਛੱਡੀਏ

ਬਾਬਾ ਬੰਤਾ ਇੱਕ ਦਿਨ ਇੱਕ ਗੱਲ ਸੁਣਾਉਣ ਲੱਗ ਗਿਆ।ਕਹਿੰਦਾ ਸ਼ੇਰਾ ਇੱਕ ਪਿੰਡ ਚ ਪਾੜਾ ਕੁਬਾੜੀਆ ਹੁੰਦਾ ਸੀ।ਉਹ ਪਿੰਡ ਪਿੰਡ ਜਾ ਕੇ ਗਲੀ ਗਲੀ ਚ ਹੋਕਰਾ ਦੇ ਕੇ ਕੁਬਾੜ ਖ੍ਰੀਦ ਦਾ ਹੁੰਦਾ ਸੀ।ਘਰ ਦੀ ਹਾਲਤ ਕੋਈ ਵਧੀਆ ਨਹੀਂ ਸੀ।ਮੰਗ ਕੇ ਖਾਣ ਵਾਲਾ ਹੀ ਕੰਮ ਸੀ।ਲੈਣ ਦੇਣ ਵਾਲੇ ਘਰ ਅੱਗੇ ਆਏ ਹੀ ਰਹਿੰਦੇ ਸੀ।ਉਸ ਕੁਬਾੜੀਏ ਦਾ ਬਾਕੀ ਕੁਬਾੜੀਆਂ ਨਾਲੋਂ ਵਕਤ ਪਾ ਕੇ ਕੰਮ ਵਧੀਆ ਚੱਲ ਪਿਆ।ਉਸਦਾ ਵੱਡਾ ਮੁੰਡਾ ਬਲੈਕ ਕਰਦਾ ਸੀ।ਉਹ ਦਾ ਮੁੰਡਾ ਆਪ ਵੀ ਨਸ਼ਾ ਕਰਦਾ ਸੀ।ਘਰ ਦੋ ਨੰਬਰ ਦੀ ਕਮਾਈ ਆਉਂਣ ਲੱਗੀ।ਉਸ ਨੇ ਝੁੱਗੀ ਝੋਪੜੀ ਦੀ ਥਾਂ ਸ਼ਹਿਰ ਵਿੱਚ ਬਹੁਤ ਵਧੀਆ ਘਰ ਬਣਾ ਲਿਆ।ਘਰ ਦੀ ਹਾਲਤ ਸੁਧਰ ਗਈ।ਜਦੋਂ ਪਿੰਡ ਵਾਲੇ ਸਾਕ ਸਬੰਧੀ ਜਾਂਦੇ ਤਾਂ ਮੱਥੇ ਵਟ ਪਾ ਲੈਂਦਾ ਸੀ।ਉਹ ਆਪਣੇ ਦੂਜੇ ਸਾਥੀ ਜਾਂ ਭਰਾ ਕੁਬਾੜੀਆਂ ਤੋਂ ਨਫ਼ਰਤ ਕਰਨ ਲੱਗ ਗਿਆ।ਉਹਨਾਂ ਨੂੰ ਬੁਲਾਉਂ ਣਾ ਛੱਡ ਦਿੱਤਾ।ਇੱਕ ਹੰਕਾਰੀ ਕਿਸਮ ਦਾ ਬੰਦਾ ਹੋ ਗਿਆ।ਹੋਣਾ ਹੀ ਸੀ ਕਿਉਂ ਕਿ ਚਾਰ ਛਿੱਲੜ ਜੋ ਇਕੱਠੇ ਹੋ ਗਏ।ਦੂਜੇ ਕੁਬਾੜੀਏ ਵਕਤ ਗੁਜਾਰਾ ਮੁਸਕਿਲ ਨਾਲ ਕਰਦੇ ਸੀ।ਪਾੜਾ ਕੁਬਾੜੀਆ ਉਹਨਾਂ ਨੂੰ ਡੂੰਘੇ ਟਿੱਚਰ ਮਖੌਲ ਕਰਿਆ ਕਰੇ।ਮਤਲਬ ਉਹਨੂੰ ਸਭ ਕੁੱਝ ਭੁੱਲ ਗਿਆ।ਪਛਾਣਦਾ ਵੀ ਨਹੀਂ ਸੀ।ਬੁਲਾਉਂ ਣਾ ਤਾਂ ਗੱਲ ਦੂਰ ਦੀ ਰਹੀ।ਉਸ ਦੀ ਬੋਲੀ ਇਸ ਤਰ੍ਹਾਂ ਸੀ।ਜਿਵੇਂ ਜਖ਼ਮਾਂ ਤੇ ਨਮਕ ਛਿੜਕਿਆ ਜਾਵੇ।



ਵਕਤ ਬਤੀਤ ਹੋਇਆ।ਉਸ ਦਾ ਵੱਡਾ ਮੁੰਡਾ ਚਿੱਟੇ ਦਾ ਆਦਿ ਸੀ।ਘਰ ਬਾਰ ਉਸਨੇ ਚਿੱਟੇ ਚ ਹੀ ਉਡਾ ਦਿੱਤਾ।ਛੋਟਾ ਮੁੰਡਾ ਕਿਸੇ ਸੜਕ ਹਾਦਸੇ ਚ ਕੁਚਲਿਆ ਗਿਆ।ਮਾੜੇ ਵਕਤ ਦੀ ਪਈ ਮਾਰ ਨਾਲ ਅਸਮਾਨ ਤੋਂ ਧਰਤੀ ਤੇ ਆ ਗਿਆ।ਦਰ ਦਰ ਦਾ ਕਰਜ਼ਾਈ ਹੋ ਗਿਆ।ਘਰ ਵਾਲੀ ਨੂੰ ਬਲੱਡ ਕੈਂਸਰ ਹੋ ਗਿਆ। ਦੂਜੇ ਕੁਬਾੜੀਏ ਆਪਣਾ ਮਿਹਨਤ ਕਰ ਕਰ ਕਾਮਯਾਬ ਹੋਏ।ਹੁਣ ਉਹ ਪਾੜਾ ਕੁਬਾੜੀਆ ਮੰਗਤਿਆਂ ਵਾਂਗ ਹੋ ਗਿਆ।ਦੂਜੇ ਕੁਬਾੜੀਏ ਕੁਬਾੜ ਖ੍ਰੀਦਣ ਲਈ ਆਟੋ ਤੇ ਜਾਂਦੇ।ਪਾੜਾ ਕੁਬਾੜੀਆ ਟੁੱਟੇ ਜਿਹੇ ਸਾਇਕਲ ਤੇ ਕੁਬਾੜ ਖ੍ਰੀਦ ਦਾ ਫਿਰਦਾ ਹੈ।ਉਸਨੂੰ ਕੋਈ ਪਿੰਡ ਦਾ ਬੰਦਾ ਵੀ ਮੂੰਹ ਨਹੀਂ ਲਾਉਂ ਦਾ।ਸ਼ੇਰਾ ਵਕਤ ਦੀ ਮਾਰ ਆ ਕਦੋਂ ਵੀ ਕਿਸੇ ਵੀ ਵਕਤ ਪੈ ਸਕਦੀ ਆ।ਔਕਾਤ ਚ ਹੀ ਰਹਿਣਾ ਭਲੀ ਆ।ਖੌਰੇ ਕਦੋਂ ਰਾਜੇ ਤੋਂ ਭਿਖਾਰੀ ਬਣਾ ਦੇਵੇ।ਚੱਲ ਸ਼ੇਰਾ ਮੈਂ ਪਸੂ ਬੰਨ ਦੇਵਾਂ ਛਾਵੇਂ।ਗੱਲ ਯਾਦ ਰੱਖੀਂ ਕਦੇ ਤੂੰ ਇਨਸਾਨ ਤੋਂ ਬਿਨਾਂ ਕੁੱਝ ਹੋਰ ਬਣਨ ਦੀ ਦੌੜ ਚ ਨਾ ਲੱਗੀ।ਕਦੇ ਵੀ ਚਾਰ ਛਿੱਲੜ ਆ ਜਾਣ ਪੈਰ ਨਾ ਛੱਡੀ।ਜਦੋਂ ਅਸੀਂ ਪੈਰ ਛੱਡ ਦਿੰਦੇ ਹਾਂ।ਇਹ ਲੋਕ ਸਾਥ ਛੱਡ ਦਿੰਦੇ ਨੇ।ਇਹ ਕਹਿ ਕਿ ਬਾਬਾ ਪਸੂਆਂ ਦੇ ਬਾਗਲ ਨੂੰ ਤੁਰ ਪਿਆ।।

ਮੱਖਣ ਸ਼ੇਰੋਂ ਵਾਲਾ
ਸੰਪਰਕ 98787-98726

## ਮੋਬਾਈਲ ਫੋਨਾਂ ਚ ਕੈਦ ਹੋ ਰਿਹਾ ਬਚਪਨ

ਮੋਬਾਈਲ ਫੋਨ ਬੱਚਿਆਂ ਦੀ ਕਾਲਪਨਿਕ ਸ਼ਕਤੀ ਤੇ ਵੀ ਬਹੁਤ ਪ੍ਰਭਾਵ ਪਾਉਂਦਾ ਹੈ, ਬੱਚਿਆਂ ਅੰਦਰ ਸੋਚਣ ਸਮਝਣ ਦੀ ਸ਼ਕਤੀ ਘੱਟ ਜਾਂਦੀ ਹੈ ਉਹ ਜੋ ਵੇਖਦਾ, ਸੁਣਦਾ ਉਸ ਨੂੰ ਹੀ ਸੱਚ ਮੰਨ ਲੈਂਦਾ ਹੈ ਤੇ ਕੁੱਝ ਵੀ ਆਪਣੇ ਵੱਲੋਂ ਨਵਾਂ ਸਿਰਜਣ ਦੀ ਕੋਸ਼ਿਸ਼ ਨਹੀਂ ਕਰਦਾ ਉਸਦਾ ਦਿਮਾਗ ਇਕ ਸੀਮਿਤ ਦਾਇਰੇ ਤੱਕ ਕੈਦ ਹੋ ਕੇ ਰਹਿ ਜਾਂਦਾ ਹੈ, ਕੁਦਰਤੀ ਤੌਰ ਤੇ ਅੰਦਰੋਂ ਫੁਟਣ ਵਾਲੇ ਨਵੇਂ ਅਨੁਭਵਾਂ ਤੋਂ ਵੀ ਵਾਂਝਾ ਹੋ ਜਾਂਦਾ ਜਿੱਥੇ ਫੋਨ ਬੱਚਿਆਂ ਦੀ ਸਿੱਖਿਆ ਦਾ ਬਹੁਤ ਵੱਡਾ ਅਧਾਰ ਬਣ ਰਿਹਾ ਉੱਥੇ ਇਸ ਦੇ ਕੁੱਝ ਮਾੜੇ ਪ੍ਰਭਾਵ ਵੀ ਨੇ ਜਿੰਨਾ ਤੋਂ ਮਾਪਿਆਂ ਵੱਲੋਂ ਬੱਚਿਆਂ ਨੂੰ ਸੁਚੇਤ ਕਰਨਾ ਵੀ ਜਰੂਰੀ ਹੈ



ਬੱਚਿਆਂ ਦੀ ਜਰੂਰਤ ਮੁਤਾਬਕ ਉਨ੍ਹਾਂ ਨੂੰ ਫੋਨ ਵਰਤਣ ਦਿਉ ਤੇ ਸਮੇਂ ਦਾ ਖਾਸ ਰੱਖੋ ਕਿ ਬੱਚਾ ਕਿੰਨਾ ਸਮਾਂ ਫੋਨ ਵਿੱਚ ਜੁਟਿਆ ਹੈ ਇਹ ਨਾ ਹੋਵੇ ਕਿ ਛੋਟੇ ਬੱਚਿਆਂ ਨੂੰ ਫੋਨ ਫੜਾ ਅਸੀਂ ਘਰ ਦੇ ਹੋਰ ਕੰਮਾਂ ਵਿੱਚ ਰੁੱਝ ਜਾਇਏ ਤੇ ਬੱਚਾ ਘੰਟਿਆਂ ਬੱਧੀ ਉਸ ਵਿੱਚ ਮਗਨ ਰਹੇ, ਅੱਜ ਕੱਲ੍ਹ ਕੋਈ ਵੀ ਬੱਚਾ ਸ਼ਾਇਦ ਅਜਿਹਾ ਹੋਵੇ ਜੋ ਫੋਨ ਵਰਤਣ ਦੌਰਾਨ ਸਮੇਂ ਦਾ ਵੀ ਧਿਆਨ ਰੱਖਦਾ ਹੋਵੇ, ਮਾਪਿਆਂ ਨੂੰ ਇਹ ਗੱਲ ਆਪਣੇ ਬੱਚਿਆਂ ਨੂੰ ਸਮਝਾਉਣੀ ਜਰੂਰੀ ਹੈ ਕਿ ਜੇਕਰ ਤੁਸੀਂ ਆਪਣੇ ਸਕੂਲ ਦੇ ਕੰਮ ਲਈ ਫੋਨ ਵਰਤਣਾ ਤਾਂ ਇਸ ਦਾ ਕੁਝ ਸਮਾਂ ਨਿਸਚਿਤ ਹੋਵੇ, ਕਿਤੇ ਇਹ ਨਾ ਹੋਵੇ ਕਿ ਸਕੂਲ ਦੇ ਕੰਮ ਬਹਾਨੇ ਬੱਚਾ ਘੰਟਿਆਂ ਬੱਧੀ ਇਸ ਸਕਰੀਨ ਦੀ ਦੁਨੀਆਂ ਤੋਂ ਬਾਹਰ ਹੀ ਨਾ ਆਵੇ

ਸੋ ਅੰਤ ਵਿਚ ਇਹੀ ਕਹਾਂਗੀ ਕਿ ਕਿਸੇ ਵੀ ਚੀਜ਼ ਦੀ ਹੱਦ ਤੋਂ ਵੱਧ ਵਰਤੋਂ ਫਾਇਦੇ ਦੀ ਜਗ੍ਹਾ ਨੁਕਸਾਨ ਹੀ ਕਰਦੀ ਹੈ, ਹਰ ਚੀਜ਼ ਨੂੰ ਵਰਤਣ ਸਮੇਂ ਉਸ ਵਿੱਚ ਸੰਤੁਲਨ ਬਣਾਉਣਾ ਬਹੁਤ ਜਰੂਰੀ ਏ ਇਹ ਸਾਨੂੰ ਆਪਣੇ ਬੱਚਿਆਂ ਨੂੰ ਪਿਆਰ ਨਾਲ ਸਮਝਾਉਣਾ ਪਵੇਗਾ।

ਗੁਰਮੀਤ ਕੌਰ ਕਾਹਲੋਂ
ਗੱਗੜ ਪੁਰ (ਸੰਗਰੂਰ)

# ਨ.ਫਰਤ ਦੇ ਬਾਜ਼ਾਰ 'ਚ ਗੋਲੇ-ਬਾਰੂਦ ਤਾਂ ਚੱਲ ਰਹੇ ਨੇ...! ਪਰ ਅਨਾਜ਼ 'ਤੇ ਪਾਬੰਦੀ

ਗੁਰਪ੍ਰੀਤ ਲਾਹੌਰੀ
-9569820314

ਭਾਰਤ ਸਮੇਤ ਦੁਨੀਆ ਭਰ ਵਿੱਚ ਅੱਜ ਅਜਿਹਾ ਮਾਹੌਲ ਸਿਰਜ ਚੁੱਕਿਆ ਹੈ, ਜਿਸ ਦੀ ਸ਼ਾਇਦ ਕੁਝ ਸਾਲ ਪਹਿਲਾਂ ਤੱਕ ਅਸੀਂ ਕਲਪਨਾ ਵੀ ਨਹੀਂ ਕੀਤੀ ਹੋਵੇਗੀ। ਪਿਛਲੇ ਲਗਭਗ ਡੇਢ ਦਹਾਕੇ ਦੌਰਾਨ ਦੇਸ਼-ਦੁਨੀਆ ਵਿੱਚ ਜਿੰਨੀ ਉਥਲ-ਪੁਥਲ ਹੋਈ ਹੈ, ਉਸ ਨੂੰ ਵੇਖਦਿਆਂ ਇਹ ਅੰਦਾਜ਼ਾ ਲਗਾਉਣਾ ਮੁਸ਼ਕਲ ਨਹੀਂ ਕਿ ਜੇਕਰ ਹਾਲਾਤ ਇਸੇ ਤਰ੍ਹਾਂ ਚੱਲਦੇ ਰਹੇ ਤਾਂ ਆਉਣ ਵਾਲਾ ਸਮਾਂ ਹੋਰ ਵੀ ਚੁਣੌਤੀਪੂਰਨ ਹੋ ਸਕਦਾ ਹੈ।

ਅਸੀਂ ਆਪਣੇ ਸਮਿਆਂ ਦੌਰਾਨ ਕਈ ਮੁਲਕਾਂ ਵਿੱਚ ਜੰਗਾਂ ਲੱਗਦੀਆਂ ਵੇਖੀਆਂ ਹਨ। ਕਈ ਦੇਸ਼ਾਂ ਵਿੱਚ ਸਰਕਾਰਾਂ ਬਦਲਦੀਆਂ, ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਸੱਤਾ ਤੋਂ ਲਾਂਭੇ ਹੁੰਦੇ ਅਤੇ ਲੋਕਾਂ ਦੇ ਹੱਥੋਂ ਰੋਟੀ, ਰੁਜ਼ਗਾਰ ਅਤੇ ਸਿੱਖਿਆ ਦੇ ਮੌਕੇ ਖੋਹੇ ਜਾਂਦੇ ਵੀ ਵੇਖੇ ਹਨ। ਪਰ ਸਵਾਲ ਇਹ ਹੈ ਕਿ ਇਸ ਸਾਰੀ ਉਥਲ-ਪੁਥਲ ਦਾ ਅਸਲ ਖਮਿਆਜ਼ਾ ਕੌਣ ਭੁਗਤਦਾ ਹੈ? ਜਵਾਬ ਸਾਫ਼ ਹੈ- ਆਮ ਲੋਕ।

ਪਿਛਲੇ ਦੋ-ਤਿੰਨ ਸਾਲਾਂ ਤੋਂ ਫਲਸਤੀਨ ਅਤੇ ਇਜ਼ਰਾਈਲ ਵਿਚਾਲੇ ਚੱਲ ਰਹੇ ਸੰਘਰਸ਼ ਨੇ ਪੂਰੀ ਦੁਨੀਆ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਉੱਥੇ ਵੱਡੀ ਗਿਣਤੀ ਵਿੱਚ ਬੇਗੁਨਾਹ ਲੋਕ, ਜਿਨ੍ਹਾਂ ਵਿੱਚ ਬੱਚੇ ਅਤੇ ਔਰਤਾਂ ਵੀ ਸ਼ਾਮਲ ਹਨ, ਜੰਗ ਦੀ ਭੇਟ ਚੜ੍ਹ ਰਹੇ ਹਨ। ਹਰ ਪਾਸੇ ਗੋਲੇ-ਬਾਰੂਦ, ਬੰਬਾਂ ਦੇ ਧਮਾਕੇ, ਢਹਿ ਚੁੱਕੀਆਂ ਇਮਾਰਤਾਂ, ਸਕੂਲ ਅਤੇ ਹਸਪਤਾਲ ਨਜ਼ਰ ਆਉਂਦੇ ਹਨ। ਪਰ ਇਸ ਤਬਾਹੀ ਦੇ ਵਿਚਕਾਰ ਸਭ ਤੋਂ ਵੱਡੀ ਕਮੀ ਰੋਟੀ ਦੀ ਹੈ।

ਜਿੱਥੇ ਬੋਰੀਆਂ, ਬਸਤਿਆਂ ਅਤੇ ਵੱਡੇ-ਵੱਡੇ ਟਰੱਕਾਂ ਵਿੱਚ ਖਾਣ-ਪੀਣ ਦੀਆਂ ਵਸਤਾਂ ਪਹੁੰਚਣੀਆਂ ਚਾਹੀਦੀਆਂ ਹਨ, ਉੱਥੇ ਹਥਿਆਰ ਅਤੇ ਗੋਲਾ-ਬਾਰੂਦ ਪਹੁੰਚ ਰਿਹਾ ਹੈ। ਸਵਾਲ ਇਹ ਹੈ ਕਿ ਕੀ ਇਨਸਾਨ ਗੋਲੇ-ਬਾਰੂਦ ਖਾ ਕੇ ਜਿਉਂਦਾ ਰਹਿ ਸਕਦਾ ਹੈ? ਜਿਸ ਮਨੁੱਖ ਨੂੰ ਆਲੂ, ਗੰਢੇ, ਦਾਲਾਂ, ਅਨਾਜ, ਸਬਜ਼ੀਆਂ ਅਤੇ ਰੋਟੀ ਦੀ ਲੋੜ ਹੈ, ਜੇਕਰ ਉਸ ਦੇ ਪੱਲੇ ਹਥਿਆਰ ਪਾ ਦਿੱਤੇ ਜਾਣ ਤਾਂ ਉਸ ਦੀ ਜ਼ਿੰਦਗੀ ਕਿਵੇਂ ਬਦਲੇਗੀ?

ਅਸਲ ਵਿੱਚ ਅੱਜ ਸਾਡੇ ਸਮਾਜ ਅਤੇ ਦੁਨੀਆ ਵਿੱਚ ਕੁਝ ਅਜਿਹਾ ਹੀ ਹੋ ਰਿਹਾ ਹੈ। ਦੁਨੀਆ ਦੇ ਬਹੁਤ ਘੱਟ ਮੁਲਕ ਹੋਣਗੇ ਜਿੱਥੇ ਕਿਸੇ ਨਾ ਕਿਸੇ ਰੂਪ ਵਿੱਚ ਨਫ਼ਰਤ, ਵੰਡ ਜਾਂ ਹਿੰਸਾ ਦੀ ਅੱਗ ਨਾ ਫੈਲੀ ਹੋਵੇ। ਵਿਸ਼ਵ ਦੀਆਂ ਵੱਡੀਆਂ ਤਾਕਤਾਂ ਅਮਨ-ਸ਼ਾਂਤੀ ਦੀਆਂ ਗੱਲਾਂ ਤਾਂ ਕਰਦੀਆਂ ਹਨ, ਪਰ ਉਨ੍ਹਾਂ ਦੀਆਂ ਨੀਤੀਆਂ ਅਤੇ ਕਾਰਵਾਈਆਂ ਅਕਸਰ ਇਸ ਦੇ ਉਲਟ ਤਸਵੀਰ ਪੇਸ਼ ਕਰਦੀਆਂ ਹਨ।

ਇਹ ਸਵਾਲ ਵੀ ਵਾਰ-ਵਾਰ ਉੱਠਦਾ ਹੈ ਕਿ ਜੰਗਾਂ ਦੇ ਪਿੱਛੇ ਅਸਲ ਕਾਰਨ ਕੀ ਹੁੰਦੇ ਹਨ? ਕੀ ਸੱਚਮੁੱਚ ਸਿਰਫ਼ ਸਰਹੱਦਾਂ, ਵਿਚਾਰਧਾਰਾਵਾਂ ਜਾਂ ਸੁਰੱਖਿਆ ਹੀ ਇਸ ਦਾ ਕਾਰਨ ਹੁੰਦੀ ਹੈ? ਜਾਂ ਫਿਰ ਇਸ ਦੇ ਪਿੱਛੇ ਤੇਲ, ਖਣਿਜ ਪਦਾਰਥ, ਕੁਦਰਤੀ ਸਰੋਤ, ਵਪਾਰਕ ਹਿੱਤ ਅਤੇ ਹਥਿਆਰਾਂ ਦਾ ਬਾਜ਼ਾਰ ਵੀ ਵੱਡੀ ਭੂਮਿਕਾ ਨਿਭਾਉਂਦਾ ਹੈ?

ਦੁਨੀਆ ਦੇ ਕਈ ਹਿੱਸਿਆਂ ਵਿੱਚ ਇਹ ਦੋਸ਼ ਲੱਗਦੇ ਰਹੇ ਹਨ ਕਿ ਕੁਦਰਤੀ ਸਰੋਤਾਂ ਨਾਲ ਭਰਪੂਰ ਖੇਤਰਾਂ ਵਿੱਚ ਚੱਲ ਰਹੇ ਸੰਘਰਸ਼ਾਂ ਦੇ ਪਿੱਛੇ ਵੱਡੇ ਆਰਥਿਕ ਹਿੱਤ ਵੀ ਕੰਮ ਕਰਦੇ ਹਨ। ਜਦੋਂ ਕਿਸੇ ਮੁਲਕ ਵਿੱਚ ਜੰਗ ਲੱਗਦੀ ਹੈ ਤਾਂ ਆਮ ਲੋਕ ਮਰਦੇ ਹਨ, ਘਰ ਤਬਾਹ ਹੁੰਦੇ ਹਨ, ਬੱਚਿਆਂ ਦੀ ਪੜ੍ਹਾਈ ਰੁਕਦੀ ਹੈ, ਹਸਪਤਾਲ ਬੰਦ ਹੁੰਦੇ ਹਨ ਅਤੇ ਰੁਜ਼ਗਾਰ ਦੇ ਮੌਕੇ ਖ਼ਤਮ ਹੋ ਜਾਂਦੇ ਹਨ। ਪਰ ਹਥਿਆਰ ਬਣਾਉਣ ਅਤੇ ਵੇਚਣ ਵਾਲੀਆਂ ਕੰਪਨੀਆਂ ਲਈ ਇਹੀ ਜੰਗ ਇੱਕ ਵੱਡਾ ਬਾਜ਼ਾਰ ਬਣ ਜਾਂਦੀ ਹੈ। ਨੌਜਵਾਨਾਂ ਦੇ ਹੱਥਾਂ ਵਿੱਚ ਕਿਤਾਬ, ਕਲਮ ਅਤੇ ਰੁਜ਼ਗਾਰ ਦੀ ਥਾਂ ਜਦੋਂ ਬੰਦੂਕ ਫੜਾ ਦਿੱਤੀ ਜਾਂਦੀ ਹੈ ਤਾਂ ਕਿਸੇ ਵੀ ਮੁਲਕ ਦਾ ਭਵਿੱਖ ਹਨੇਰੇ ਵੱਲ ਚਲਾ ਜਾਂਦਾ ਹੈ। ਨੌਜਵਾਨਾਂ ਦੇ ਮਨਾਂ ਵਿੱਚ ਨਫ਼ਰਤ ਭਰ ਕੇ ਉਨ੍ਹਾਂ ਨੂੰ ਆਪਣੇ ਹੀ ਲੋਕਾਂ ਵਿਰੁੱਧ ਖੜ੍ਹਾ ਕਰ ਦੇਣਾ ਮਨੁੱਖਤਾ ਦੀ ਸਭ ਤੋਂ ਵੱਡੀ ਤ੍ਰਾਸਦੀ ਹੈ। ਬੰਦੂਕ ਕਿਸੇ ਸਮੱਸਿਆ ਦਾ ਸਥਾਈ ਹੱਲ ਨਹੀਂ ਦੇ ਸਕਦੀ। ਉਹ ਸਿਰਫ਼ ਇੱਕ ਹੋਰ ਮੌਤ, ਇੱਕ ਹੋਰ ਜ਼ਖ਼ਮ ਅਤੇ ਇੱਕ ਹੋਰ ਪਰਿਵਾਰ ਦੀ ਤਬਾਹੀ ਲਿਆ ਸਕਦੀ ਹੈ। ਪਹਿਲੀ ਅਤੇ ਦੂਜੀ ਵਿਸ਼ਵ ਜੰਗ ਤੋਂ ਬਾਅਦ ਦੁਨੀਆ ਨੇ ਬਹੁਤ ਕੁਝ ਸਿੱਖਿਆ, ਪਰ ਅਫ਼ਸੋਸ ਕਿ ਜੰਗਾਂ ਤੋਂ ਪੂਰੀ ਤਰ੍ਹਾਂ ਸਬਕ ਨਹੀਂ ਲਿਆ ਗਿਆ। ਅਸੀਂ ਜਾਣਦੇ ਹਾਂ ਕਿ ਜੰਗ ਕਿਸੇ ਵੀ ਮਸਲੇ ਦਾ ਸਥਾਈ ਹੱਲ ਨਹੀਂ। ਇਸ ਦੇ ਬਾਵਜੂਦ ਛੋਟੀਆਂ-ਵੱਡੀਆਂ ਜੰਗਾਂ ਅਤੇ ਹਿੰਸਕ ਟਕਰਾਅ ਲਗਾਤਾਰ ਜਾਰੀ ਹਨ। ਭਾਰਤ ਅਤੇ ਪਾਕਿਸਤਾਨ ਵਿਚਾਲੇ ਪਿਛਲੇ ਸਾਲ ਹੋਏ ਸੈਨਿਕ ਟਕਰਾਅ ਨੇ ਵੀ ਦੋਵਾਂ ਦੇਸ਼ਾਂ ਦੇ ਆਮ ਲੋਕਾਂ ਵਿੱਚ ਤਣਾਅ ਵਧਾਇਆ। ਭਾਵੇਂ ਇਹ ਟਕਰਾਅ ਬਹੁਤ ਲੰਮਾ ਨਹੀਂ ਚੱਲਿਆ, ਪਰ ਇਸ ਨੇ ਲੋਕਾਂ ਦੇ ਮਨਾਂ ਵਿੱਚ ਨਫ਼ਰਤ ਅਤੇ ਬੇਭਰੋਸਗੀ ਦੀਆਂ ਕੰਧਾਂ ਹੋਰ ਉੱਚੀਆਂ ਕਰ ਦਿੱਤੀਆਂ। ਜੰਗ ਖ਼ਤਮ ਹੋ ਜਾਣ ਤੋਂ ਬਾਅਦ ਵੀ ਉਸ ਦਾ ਅਸਰ ਲੋਕਾਂ ਦੇ ਮਨਾਂ ਵਿੱਚ ਲੰਮੇ ਸਮੇਂ ਤੱਕ ਰਹਿੰਦਾ ਹੈ।

ਲੋਕਾਂ ਨੂੰ ਅਕਸਰ ਇਹ ਪਤਾ ਵੀ ਨਹੀਂ ਹੁੰਦਾ ਕਿ ਜੰਗਾਂ ਦੀ ਅਸਲ ਜੜ੍ਹ ਕੀ ਹੈ। ਉਨ੍ਹਾਂ ਨੂੰ ਸਿਰਫ਼ ਇਹ ਦੱਸਿਆ ਜਾਂਦਾ ਹੈ ਕਿ ਦੁਸ਼ਮਣ ਕੌਣ ਹੈ ਅਤੇ ਉਸ ਨਾਲ ਲੜਨਾ ਕਿਉਂ ਜ਼ਰੂਰੀ ਹੈ। ਪਰ ਜੇਕਰ ਅਸੀਂ ਜੰਗਾਂ ਦੇ ਪਿਛੋਕੜ ਵੱਲ ਝਾਤ ਮਾਰੀਏ ਤਾਂ ਕਈ ਵਾਰ ਸਿਆਸੀ ਸੱਤਾ, ਆਰਥਿਕ ਹਿੱਤ, ਸਰੋਤਾਂ 'ਤੇ ਕਬਜ਼ਾ ਅਤੇ ਵੋਟਾਂ ਦੀ ਰਾਜਨੀਤੀ ਵਰਗੇ ਕਾਰਕ ਵੀ ਸਾਹਮਣੇ ਆਉਂਦੇ ਹਨ।

ਹਾਕਮਾਂ ਨੂੰ ਅਕਸਰ ਸੱਤਾ ਦੀ ਭੁੱਖ ਹੁੰਦੀ ਹੈ ਅਤੇ ਸੱਤਾ ਹਾਸਲ ਕਰਨ ਲਈ ਉਹ ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡਦੇ ਹਨ। ਚੋਣਾਂ ਦੇ ਸਮੇਂ ਨਫ਼ਰਤ ਅਤੇ ਡਰ ਨੂੰ ਹਵਾ ਦੇਣਾ ਸਭ ਤੋਂ ਆਸਾਨ ਰਾਜਨੀਤਿਕ ਹਥਿਆਰ ਬਣ ਜਾਂਦਾ ਹੈ। ਜੇਕਰ ਇਸ ਦੇ ਨਤੀਜੇ ਵਜੋਂ ਸੈਂਕੜੇ ਜਾਂ ਹਜ਼ਾਰਾਂ ਲੋਕ ਮਰ ਵੀ ਜਾਣ ਤਾਂ ਸੱਤਾ ਦੇ ਖਿਡਾਰੀਆਂ ਲਈ ਕਈ ਵਾਰ ਇਹ ਸਿਰਫ਼ ਇੱਕ ਅੰਕੜਾ ਬਣ ਕੇ ਰਹਿ ਜਾਂਦਾ ਹੈ।

ਇਸ ਦੇ ਉਲਟ, ਅੱਜ ਦੀ ਨਵੀਂ ਪੀੜ੍ਹੀ, ਖ਼ਾਸ ਕਰਕੇ ਜੈੱਨ-ਜ਼ੀ, ਕਈ ਦੇਸ਼ਾਂ ਵਿੱਚ ਰਵਾਇਤੀ ਰਾਜਨੀਤੀ ਅਤੇ ਭ੍ਰਿਸ਼ਟਾਚਾਰ ਵਿਰੁੱਧ ਆਵਾਜ਼ ਉਠਾਉਂਦੀ ਨਜ਼ਰ ਆ ਰਹੀ ਹੈ। ਨੇਪਾਲ, ਬੰਗਲਾਦੇਸ਼, ਸ੍ਰੀਲੰਕਾ ਅਤੇ ਹੋਰ ਦੇਸ਼ਾਂ ਵਿੱਚ ਨੌਜਵਾਨਾਂ ਦੀਆਂ ਲਹਿਰਾਂ ਨੇ ਇਹ ਸਵਾਲ ਖੜ੍ਹਾ ਕੀਤਾ ਹੈ ਕਿ ਕੀ ਸਿਰਫ਼ ਸੱਤਾ ਬਦਲਣਾ ਹੀ ਕਾਫ਼ੀ ਹੈ ਜਾਂ ਸਿਸਟਮ ਨੂੰ ਵੀ ਬਦਲਣ ਦੀ ਲੋੜ ਹੈ?

ਅੱਜ ਦਾ ਪੜ੍ਹਿਆ-ਲਿਖਿਆ ਨੌਜਵਾਨ ਇਹ ਸਮਝਣਾ ਚਾਹੁੰਦਾ ਹੈ ਕਿ ਲੋਕਤੰਤਰ ਕਿਵੇਂ ਕੰਮ ਕਰਦਾ ਹੈ, ਸੰਸਥਾਵਾਂ ਨੂੰ ਕਿਵੇਂ ਮਜ਼ਬੂਤ ਕੀਤਾ ਜਾ ਸਕਦਾ ਹੈ, ਭ੍ਰਿਸ਼ਟਾਚਾਰ ਨੂੰ ਕਿਵੇਂ ਖ਼ਤਮ ਕੀਤਾ ਜਾ ਸਕਦਾ ਹੈ ਅਤੇ ਸਿੱਖਿਆ, ਸਿਹਤ ਅਤੇ ਰੁਜ਼ਗਾਰ ਦੇ ਖੇਤਰ ਵਿੱਚ ਕਿਵੇਂ ਸੁਧਾਰ ਕੀਤਾ ਜਾ ਸਕਦਾ ਹੈ। ਇਹ ਨੌਜਵਾਨ ਜਾਣਦਾ ਹੈ ਕਿ ਕਿਸੇ ਵੀ ਮੁਲਕ ਦੀ ਅਸਲ ਤਾਕਤ ਉਸ ਦੇ ਹਥਿਆਰਾਂ ਵਿੱਚ ਨਹੀਂ, ਸਗੋਂ ਉਸ ਦੀ ਸਿੱਖਿਆ, ਸਿਹਤ, ਅਰਥਵਿਵਸਥਾ ਅਤੇ ਮਨੁੱਖੀ ਸਰੋਤ ਵਿੱਚ ਹੁੰਦੀ ਹੈ।

ਹੁਣ ਮੁੱਦੇ 'ਤੇ ਵਾਪਸ ਆਉਂਦੇ ਹਾਂ। ਭਾਰਤ ਅਤੇ ਪਾਕਿਸਤਾਨ ਵਿਚਾਲੇ ਬਣੀ ਤਲਖੀ ਕਾਰਨ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਨੂੰ ਲੈ ਕੇ ਵੀ ਸਵਾਲ ਖੜ੍ਹੇ ਹੁੰਦੇ ਰਹੇ ਹਨ। ਸੁਰੱਖਿਆ ਕਿਸੇ ਵੀ ਦੇਸ਼ ਲਈ ਸਭ ਤੋਂ ਅਹਿਮ ਮਾਮਲਾ ਹੈ ਅਤੇ ਸੁਰੱਖਿਆ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾ ਸਕਦਾ। ਪਰ ਸਵਾਲ ਇਹ ਹੈ ਕਿ ਜੇਕਰ ਸਰਹੱਦਾਂ ਪਾਰ ਗੋਲੇ-ਬਾਰੂਦ ਅਤੇ ਬੰਬਾਂ ਦੀ ਆਵਾਜਾਈ ਹੋ ਸਕਦੀ ਹੈ ਤਾਂ ਆਮ ਲੋਕਾਂ ਵਿਚਕਾਰ ਆਲੂ, ਗੰਢੇ, ਦਾਲਾਂ, ਅਨਾਜ ਅਤੇ ਪਿਆਰ ਦੀ ਆਵਾਜਾਈ ਕਿਉਂ ਨਹੀਂ ਹੋ ਸਕਦੀ?

ਜੇਕਰ ਦੋਵਾਂ ਦੇਸ਼ਾਂ ਦੇ ਆਮ ਲੋਕ ਇੱਕ-ਦੂਜੇ ਨਾਲ ਵਪਾਰ ਕਰ ਸਕਣ, ਇੱਕ-ਦੂਜੇ ਦੇ ਸੁੱਖ-ਦੁੱਖ ਵਿੱਚ ਸ਼ਾਮਲ ਹੋ ਸਕਣ ਅਤੇ ਧਾਰਮਿਕ ਤੇ ਸੱਭਿਆਚਾਰਕ ਸਾਂਝ ਵਧਾ ਸਕਣ ਤਾਂ ਕੀ ਇਸ ਨਾਲ ਨਫ਼ਰਤ ਘੱਟ ਨਹੀਂ ਹੋਵੇਗੀ?

ਅਸਲ ਵਿੱਚ ਦੁਨੀਆ ਨੂੰ ਅੱਜ ਗੋਲੇ-ਬਾਰੂਦ ਨਾਲੋਂ ਵੱਧ ਰੋਟੀ ਦੀ ਲੋੜ ਹੈ। ਲੋਕਾਂ ਨੂੰ ਬੰਦੂਕਾਂ ਨਾਲੋਂ ਵੱਧ ਸਕੂਲਾਂ ਦੀ ਲੋੜ ਹੈ। ਹਥਿਆਰਾਂ ਦੀਆਂ ਫੈਕਟਰੀਆਂ ਨਾਲੋਂ ਵੱਧ ਹਸਪਤਾਲਾਂ ਦੀ ਲੋੜ ਹੈ। ਜੰਗੀ ਜਹਾਜ਼ਾਂ ਨਾਲੋਂ ਵੱਧ ਰੁਜ਼ਗਾਰ ਦੇ ਮੌਕਿਆਂ ਦੀ ਲੋੜ ਹੈ। ਜੇਕਰ ਮਹਿੰਗਾਈ ਵਧਦੀ ਰਹੀ, ਮੁਲਕਾਂ 'ਤੇ ਕਰਜ਼ਾ ਚੜ੍ਹਦਾ ਰਿਹਾ ਅਤੇ ਹਥਿਆਰਾਂ 'ਤੇ ਖਰਬਾਂ ਰੁਪਏ ਖਰਚ ਹੁੰਦੇ ਰਹੇ ਤਾਂ ਆਮ ਆਦਮੀ ਦਾ ਲੱਕ ਹੋਰ ਟੁੱਟੇਗਾ। ਸਰਕਾਰੀ ਖ਼ਰਚੇ ਵਧਣਗੇ, ਲੋਕਾਂ 'ਤੇ ਟੈਕਸਾਂ ਦਾ ਬੋਝ ਵਧੇਗਾ ਅਤੇ ਵਿਕਾਸ ਦੇ ਨਾਮ 'ਤੇ ਕੀਤੇ ਜਾਣ ਵਾਲੇ ਦਾਅਵਿਆਂ ਅਤੇ ਜ਼ਮੀਨੀ ਹਕੀਕਤ ਵਿਚਕਾਰ ਫ਼ਰਕ ਹੋਰ ਵੱਡਾ ਹੋ ਸਕਦਾ ਹੈ।

ਅਖ਼ਬਾਰਾਂ ਵਿੱਚ ਅਸੀਂ ਅਕਸਰ ਪੜ੍ਹਦੇ ਹਾਂ ਕਿ ਫਲਾਣੇ ਮੁਲਕ ਨੇ ਇੰਨੀ ਵੱਡੀ ਇਮਾਰਤ ਬਣਾ ਲਈ, ਇੰਨੇ ਟਾਵਰ ਖੜ੍ਹੇ ਕਰ ਦਿੱਤੇ ਜਾਂ ਇੰਨੇ ਕਰੋੜ ਰੁਪਏ ਦਾ ਨਿਵੇਸ਼ ਆ ਗਿਆ। ਪਰ ਜ਼ਮੀਨ 'ਤੇ ਕਿਸਾਨ, ਨੌਜਵਾਨ, ਬੇਰੁਜ਼ਗਾਰ, ਛੋਟਾ ਵਪਾਰੀ ਅਤੇ ਆਮ ਮੁਲਾਜ਼ਮ ਜੇਕਰ ਆਪਣੀ ਰੋਟੀ, ਸਿੱਖਿਆ, ਸਿਹਤ ਅਤੇ ਰੁਜ਼ਗਾਰ ਲਈ ਸੰਘਰਸ਼ ਕਰ ਰਿਹਾ ਹੈ ਤਾਂ ਫਿਰ ਵਿਕਾਸ ਦੀ ਪਰਿਭਾਸ਼ਾ 'ਤੇ ਸਵਾਲ ਕਰਨਾ ਵੀ ਜ਼ਰੂਰੀ ਹੈ।

ਇਸ ਲਈ ਅੱਜ ਸਵਾਲ ਸਿਰਫ਼ ਭਾਰਤ ਜਾਂ ਪਾਕਿਸਤਾਨ ਦਾ ਨਹੀਂ, ਸਗੋਂ ਪੂਰੀ ਮਨੁੱਖਤਾ ਦਾ ਹੈ। ਜੇਕਰ ਨਫ਼ਰਤ ਦੀ ਅੱਗ ਵਿੱਚ ਗੋਲੇ-ਬਾਰੂਦ ਵੰਡੇ ਜਾ ਸਕਦੇ ਹਨ ਤਾਂ ਭੁੱਖੇ ਢਿੱਡ ਭਰਨ ਲਈ ਅਨਾਜ ਕਿਉਂ ਨਹੀਂ ਵੰਡਿਆ ਜਾ ਸਕਦਾ? ਜੇਕਰ ਜੰਗ ਲਈ ਸਰਹੱਦਾਂ ਖੋਲ੍ਹੀਆਂ ਜਾ ਸਕਦੀਆਂ ਹਨ ਤਾਂ ਅਮਨ ਲਈ ਦਿਲਾਂ ਦੇ ਦਰਵਾਜ਼ੇ ਕਿਉਂ ਨਹੀਂ ਖੋਲ੍ਹੇ ਜਾ ਸਕਦੇ?

ਅਸੀਂ ਕਿਸ ਦੇ ਦੁਸ਼ਮਣ ਹਾਂ- ਇੱਕ-ਦੂਜੇ ਦੇ ਜਾਂ ਆਪਣੇ ਹੀ ਭਵਿੱਖ ਦੇ? ਜਵਾਬ ਸ਼ਾਇਦ ਸਾਡੇ ਸਾਰਿਆਂ ਕੋਲ ਹੈ। ਨਫ਼ਰਤ ਦੀ ਅੱਗ ਕਿਸੇ ਇੱਕ ਘਰ ਨੂੰ ਨਹੀਂ ਸਾੜਦੀ; ਇਹ ਪੂਰੇ ਸਮਾਜ ਨੂੰ ਰਾਖ ਕਰ ਦਿੰਦੀ ਹੈ। ਇਸ ਲਈ ਅੱਜ ਲੋੜ ਹੈ ਕਿ ਗੋਲੇ-ਬਾਰੂਦ ਦੀ ਥਾਂ ਕਿਤਾਬਾਂ, ਬੰਦੂਕਾਂ ਦੀ ਥਾਂ ਰੁਜ਼ਗਾਰ, ਜੰਗ ਦੀ ਥਾਂ ਗੱਲਬਾਤ ਅਤੇ ਨਫ਼ਰਤ ਦੀ ਥਾਂ ਮਨੁੱਖਤਾ ਨੂੰ ਤਰਜੀਹ ਦਿੱਤੀ ਜਾਵੇ।

# ਜੇ ਤੁਸੀਂ ਆਪਣੇ ਆਪ ਦੇ ਸ਼ੁਭਚਿੰਤਕ ਹੋ, ਤਾਂ ਇਹ ਪੜ੍ਹੋ!

ਲਿਖਤ: ਜ਼ਫ਼ਰ ਇਕਬਾਲ ਜ਼ਫ਼ਰ
ਲਾਹੌਰ (ਪਾਕਿਸਤਾਨ)

ਜੇਕਰ ਸਾਡੀਆਂ ਇੱਛਾਵਾਂ ਅਤੇ ਇੱਛਾਵਾਂ ਪੂਰੀਆਂ ਨਹੀਂ ਹੋ ਸਕਦੀਆਂ, ਤਾਂ ਸਾਨੂੰ ਆਪਣੀ ਜ਼ਿੰਦਗੀ ਨੂੰ ਕੌੜਾ ਨਹੀਂ ਬਣਾਉਣਾ ਚਾਹੀਦਾ ਅਤੇ ਚਿੰਤਾ ਅਤੇ ਉਦਾਸੀ ਨਾਲ ਆਪਣੇ ਰੂਪ ਨੂੰ ਵਿਗਾੜਨਾ ਨਹੀਂ ਚਾਹੀਦਾ। ਸਾਨੂੰ ਆਪਣੇ ਆਪ ਨਾਲ ਦਿਆਲੂ ਹੋਣਾ ਚਾਹੀਦਾ ਹੈ। ਸਾਨੂੰ ਇਸ ਬਾਰੇ ਇੱਕ ਦਾਰਸ਼ਨਿਕ ਦ੍ਰਿਸ਼ਟੀਕੋਣ ਅਪਣਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਜੇ ਤੁਹਾਡੇ ਕੋਲ ਜੋ ਹੈ ਉਹ ਤੁਹਾਡੀਆਂ ਨਜ਼ਰਾਂ ਵਿੱਚ ਕਾਫ਼ੀ ਨਹੀਂ ਹੈ, ਤਾਂ ਤੁਸੀਂ ਪੂਰੀ ਦੁਨੀਆ ਦੇ ਮਾਲਕ ਕਿਉਂ ਹੋ? ਤੁਹਾਨੂੰ ਹਮੇਸ਼ਾ ਤਰਸ ਅਤੇ ਚਿੰਤਾ ਕਰਨੀ ਚਾਹੀਦੀ ਹੈ। ਸਾਨੂੰ ਇਹ ਮੰਨਣਾ ਚਾਹੀਦਾ ਹੈ ਕਿ ਭਾਵੇਂ ਅਸੀਂ ਪੂਰੇ ਦੇਸ਼ ਦੇ ਦੁਆਲੇ ਇੱਕ ਵਾੜ ਬਣਾਈਏ ਅਤੇ ਇਸਦੇ ਮਾਲਕ ਬਣ ਜਾਈਏ, ਅਸੀਂ ਅਜੇ ਵੀ ਦਿਨ ਵਿੱਚ ਸਿਰਫ਼ ਤਿੰਨ ਵਾਰ ਖਾਣਾ ਖਾ ਸਕਦੇ ਹਾਂ ਅਤੇ ਇੱਕੋ ਕੁਰਸੀ 'ਤੇ ਬੈਠ ਸਕਦੇ ਹਾਂ ਅਤੇ ਇੱਕੋ ਸਮੇਂ ਇੱਕੋ ਬਿਸਤਰੇ 'ਤੇ ਸੌਂ ਸਕਦੇ ਹਾਂ। ਆਪਣੇ ਬੱਚਿਆਂ ਨੂੰ ਪੈਸੇ ਨਾਲ ਜ਼ਿੰਮੇਵਾਰ ਬਣਨਾ ਸਿਖਾਓ। ਆਪਣੇ ਜੀਵਨ ਬੀਮੇ ਦੇ ਪੈਸੇ ਆਪਣੀ ਵਿਧਵਾ ਨੂੰ ਨਾ ਦਿਓ। ਜ਼ਿੰਦਗੀ ਲਈ ਆਪਣੇ ਆਪ ਨੂੰ ਖੁਸ਼ ਰੱਖਣਾ ਹੀ ਅਸਲ ਸਫਲਤਾ ਹੈ। ਦੋ ਸਾਲ ਬਾਅਦ, ਜਦੋਂ ਮੈਂ ਆਪਣੀ ਫਾਈਲ ਪੜ੍ਹ ਰਿਹਾ ਸੀ, ਤਾਂ ਮੈਨੂੰ ਕੁਝ ਸਮੱਸਿਆਵਾਂ ਦੀ ਇੱਕ ਸੂਚੀ ਮਿਲੀ ਜੋ ਉਸ ਸਮੇਂ ਮੇਰੀ ਸਿਹਤ ਨੂੰ ਦੀਵਾਲੀਆ ਕਰਨ ਦਾ ਖ਼ਤਰਾ ਸਨ। ਮੈਂ ਉਨ੍ਹਾਂ ਨੂੰ ਬਹੁਤ ਦਿਲਚਸਪੀ ਅਤੇ ਦਿਲਚਸਪੀ ਨਾਲ ਪੜ੍ਹਿਆ। ਹੁਣ ਮੈਨੂੰ ਪਤਾ ਹੈ ਕਿ ਉਨ੍ਹਾਂ ਵਿੱਚੋਂ ਕੋਈ ਵੀ ਨਹੀਂ ਹੋਇਆ ਸੀ। ਜਦੋਂ ਵੀ ਮੈਂ ਚਿੰਤਤ, ਨਿਰਾਸ਼ ਜਾਂ ਉਦਾਸ ਹੁੰਦਾ ਹਾਂ, ਮੈਂ ਆਪਣੀ ਸਾਰੀ ਨਿਰਾਸ਼ਾ ਅਤੇ ਉਦਾਸੀ ਤੋਂ ਜਲਦੀ ਛੁਟਕਾਰਾ ਪਾ ਸਕਦਾ ਹਾਂ। ਮੈਂ ਆਪਣੀ ਲਾਇਬ੍ਰੇਰੀ ਜਾਂਦਾ ਹਾਂ, ਆਪਣੀਆਂ ਅੱਖਾਂ ਬੰਦ ਕਰਦਾ ਹਾਂ, ਕਿਤਾਬਾਂ ਦੀ ਸ਼ੈਲਫ ਲਈ ਪਹੁੰਚਦਾ ਹਾਂ, ਜੋ ਵੀ ਕਿਤਾਬ ਮੇਰੇ ਹੱਥ ਵਿੱਚ ਆਉਂਦੀ ਹੈ ਉਸਨੂੰ ਕਾਗਜ਼ ਦੇ ਟੁਕੜੇ ਵਾਂਗ ਕੱਢਦਾ ਹਾਂ, ਅਤੇ ਆਪਣੀਆਂ ਅੱਖਾਂ ਬੰਦ ਕਰਕੇ, ਮੈਂ ਕਿਤਾਬ ਖੋਲ੍ਹਦਾ ਹਾਂ, ਆਪਣੀਆਂ ਅੱਖਾਂ ਖੋਲ੍ਹਦਾ ਹਾਂ, ਅਤੇ ਪੜ੍ਹਨਾ ਸ਼ੁਰੂ ਕਰਦਾ ਹਾਂ। ਜਿਵੇਂ-ਜਿਵੇਂ ਮੈਂ ਇੱਕ ਘੰਟਾ ਪੜ੍ਹਦਾ ਹਾਂ, ਮੈਨੂੰ ਅਹਿਸਾਸ ਹੋਣ ਲੱਗਦਾ ਹੈ ਕਿ ਦੁਨੀਆਂ ਹਮੇਸ਼ਾ ਦੁੱਖਾਂ ਅਤੇ ਮੁਸੀਬਤਾਂ ਵਿੱਚ ਫਸੀ ਰਹੀ ਹੈ। ਸਭਿਅਤਾ ਅਤੇ ਸੱਭਿਆਚਾਰ ਤਬਾਹੀ ਦੇ ਕੰਢੇ 'ਤੇ ਡੁਬਦੇ ਰਹੇ ਹਨ। ਇਤਿਹਾਸ ਦੇ ਗੁਣ ਯੁੱਧ, ਅਕਾਲ, ਗਰੀਬੀ, ਮਹਾਂਮਾਰੀਆਂ ਅਤੇ ਮਨੁੱਖ ਪ੍ਰਤੀ ਮਨੁੱਖ ਦੀ ਅਣਮਨੁੱਖੀਤਾ ਦੀਆਂ ਕਹਾਣੀਆਂ ਨਾਲ ਗੂੰਜਣ ਲੱਗ ਪੈਂਦੇ ਹਨ। ਇੱਕ ਘੰਟਾ ਇਤਿਹਾਸ ਪੜ੍ਹਨ ਤੋਂ ਬਾਅਦ, ਮੈਨੂੰ ਅਹਿਸਾਸ ਹੋਣ ਲੱਗਦਾ ਹੈ ਕਿ ਅੱਜ ਵੀ, ਭਾਵੇਂ ਹਾਲਾਤ ਮਾੜੇ ਹਨ, ਉਹ ਪਹਿਲਾਂ ਨਾਲੋਂ ਕਿਤੇ ਬਿਹਤਰ ਹਨ। ਇਹ ਮੈਨੂੰ ਆਪਣੀਆਂ ਮੁਸ਼ਕਲਾਂ ਅਤੇ ਦੁੱਖਾਂ ਨੂੰ ਉਨ੍ਹਾਂ ਦੇ ਸਹੀ ਸੰਦਰਭ ਵਿੱਚ ਦੇਖਣ ਅਤੇ ਇਹ ਸਮਝਣ ਵਿੱਚ ਬਹੁਤ ਮਦਦ ਕਰਦਾ ਹੈ ਕਿ ਪੂਰੀ ਦੁਨੀਆ ਲਗਾਤਾਰ ਸੁਧਾਰ ਰਹੀ ਹੈ। ਇਤਿਹਾਸ ਪੜ੍ਹੋ! ਦਸ ਹਜ਼ਾਰ ਸਾਲਾਂ ਦੇ ਦ੍ਰਿਸ਼ਟੀਕੋਣ ਨੂੰ ਸਮਝਣ ਦੀ ਕੋਸ਼ਿਸ਼ ਕਰੋ, ਤੁਸੀਂ ਆਪਣੀਆਂ ਸਮੱਸਿਆਵਾਂ ਨੂੰ ਸਦੀਵੀਤਾ ਦੀ ਮਿਆਦ ਵਿੱਚ ਬਹੁਤ ਛੋਟੀਆਂ ਅਤੇ ਮਾਮੂਲੀ ਦੇਖੋਗੇ। ਇੱਕ ਵਿਅਕਤੀ ਸ਼ਾਨਦਾਰ ਲਿਖਤਾਂ 'ਤੇ ਆਧਾਰਿਤ ਕਿਤਾਬ ਪੜ੍ਹਨ ਵਿੱਚ ਇੰਨਾ ਗੁਆਚ ਜਾਂਦਾ ਹੈ ਕਿ ਘਬਰਾਹਟ ਦੇ ਟਕਰਾਅ ਦੇ ਹਮਲੇ ਰੁਕ ਜਾਂਦੇ ਹਨ। ਇੱਕ ਬਹੁਤ ਜ਼ਿਆਦਾ ਨਿਰਾਸ਼ ਅਤੇ ਨਿਰਾਸ਼ਾਵਾਦੀ ਵਿਅਕਤੀ ਨੂੰ ਖੇਡਾਂ ਖੇਡ ਕੇ ਆਪਣੇ ਆਪ ਨੂੰ ਚੁਸਤ ਅਤੇ ਚਲਾਕ ਬਣਨ ਲਈ ਮਜਬੂਰ ਕਰਨਾ ਚਾਹੀਦਾ ਹੈ, ਪਰ ਉਸਨੂੰ ਜਲਦਬਾਜ਼ੀ, ਤੇਜ਼ੀ, ਭੱਜਣ ਅਤੇ ਘਬਰਾਹਟ ਦੇ ਟਕਰਾਅ ਦੇ ਪ੍ਰਭਾਵ ਹੇਠ ਕੰਮ ਕਰਨ ਤੋਂ ਬਚਣਾ ਚਾਹੀਦਾ ਹੈ। ਇੱਕ ਜ਼ਿੰਮੇਵਾਰ ਵਿਅਕਤੀ ਜੋ ਹਰ ਪਰਿਵਾਰ ਦਾ ਸਮਰਥਨ ਕਰਦਾ ਹੈ, ਜੋ ਜ਼ਰੂਰਤਾਂ ਲਈ ਸਰੋਤਾਂ ਦੀ ਘਾਟ ਕਾਰਨ ਸਮੇਂ ਤੋਂ ਪਹਿਲਾਂ ਚਿੰਤਤ ਹੋ ਜਾਂਦਾ ਹੈ, ਪਰ ਜਦੋਂ ਜ਼ਰੂਰਤਾਂ ਨੂੰ ਸਹੀ ਸਮੇਂ 'ਤੇ ਹੱਲ ਅਤੇ ਪੂਰਾ ਕੀਤਾ ਜਾਂਦਾ ਹੈ, ਤਾਂ ਮੈਂ ਆਪਣੀ ਬੇਲੋੜੀ ਚਿੰਤਾ ਤੋਂ ਸ਼ਰਮਿੰਦਾ ਹੋਵਾਂਗਾ ਕਿ ਜ਼ਰੂਰਤਾਂ ਬਿਨਾਂ ਚਿੰਤਾ ਕੀਤੇ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ। ਪਹਿਲਾਂ ਤੋਂ ਪ੍ਰਬੰਧ ਕਰਨ ਦੇ ਵਿਚਾਰ ਨੇ ਮੈਨੂੰ ਚਿੰਤਤ ਕੀਤਾ। ਹੁਣ, ਜਦੋਂ ਵੀ ਚਿੰਤਾ ਦੇ ਪ੍ਰਭਾਵ ਮੇਰੇ ਮਨ ਨੂੰ ਪ੍ਰਭਾਵਿਤ ਕਰਨ ਲੱਗਦੇ ਹਨ, ਮੈਨੂੰ ਸੰਬੰਧਿਤ ਸਮੱਸਿਆ ਦੇ ਹੱਲ ਹੋਣ ਤੋਂ ਬਾਅਦ ਬੇਲੋੜੀ ਪਰੇਸ਼ਾਨੀ ਲੈਣ ਦਾ ਪਛਤਾਵਾ ਯਾਦ ਆਉਂਦਾ ਹੈ ਅਤੇ ਉਨ੍ਹਾਂ ਵਿਚਾਰਾਂ ਨੂੰ ਆਪਣੇ ਮਨ ਤੋਂ ਹਿਲਾ ਦਿੰਦਾ ਹੈ ਜੋ ਮੈਨੂੰ ਦਰਦ ਦੇ ਰਹੇ ਹਨ। ਜੋ ਲੋਕ ਸ਼ਾਂਤੀ ਅਤੇ ਸ਼ਾਂਤੀ ਦੀ ਜ਼ਿੰਦਗੀ ਜੀਉਂਦੇ ਹਨ ਉਨ੍ਹਾਂ ਨੂੰ ਕਦੇ ਵੀ ਦੁੱਖ ਅਤੇ ਚਿੰਤਾ ਦੀ ਯੂਨੀਵਰਸਿਟੀ ਵਿੱਚ ਸਿਖਾਇਆ ਜਾਂਦਾ ਫਲਸਫਾ ਨਹੀਂ ਮਿਲਦਾ। ਮਜਬੂਰੀਆਂ ਸਾਨੂੰ ਹਰ ਰੋਜ਼ ਜੀਣਾ ਅਤੇ ਬਚਣਾ ਸਿਖਾਉਂਦੀਆਂ ਹਨ, ਫਿਰ ਵੀ ਮੈਂ ਕੱਲ੍ਹ ਦੇ ਡਰੋਂ ਆਪਣੇ ਅੱਜ ਨੂੰ ਮੁਸੀਬਤਾਂ ਉਧਾਰ ਨਹੀਂ ਲੈਣ ਦਿੰਦਾ। ਭਵਿੱਖ ਦਾ ਇਹ ਅਸਪਸ਼ਟ ਡਰ ਇੱਕ ਵਿਅਕਤੀ ਨੂੰ ਡਰਪੋਕ ਬਣਾ ਦਿੰਦਾ ਹੈ, ਜਦੋਂ ਕਿ ਮੈਂ ਮੁਸੀਬਤਾਂ ਨਾਲ ਲੜਨ ਦੀ ਤਾਕਤ ਅਤੇ ਊਰਜਾ ਰੱਖਦਾ ਹਾਂ, ਇਸ ਲਈ ਛੋਟੀਆਂ ਕਮਜ਼ੋਰ ਤਾਕਤਾਂ, ਪਰੇਸ਼ਾਨੀਆਂ ਅਤੇ ਚਿੰਤਾਵਾਂ ਮੈਨੂੰ ਪ੍ਰਭਾਵਿਤ ਨਹੀਂ ਕਰਦੀਆਂ। ਮੈਂ ਆਪਣੇ ਅੰਦਰ ਖੁਸ਼ੀ ਅਤੇ ਖੁਸ਼ੀ ਦੀ ਇਮਾਰਤ ਢਹਿ ਜਾਣ ਤੋਂ ਬਾਅਦ ਇਕੱਲਤਾ ਦੇ ਖੰਡਰ ਦੇਖੇ ਹਨ। ਹੁਣ ਮੈਂ ਲੋਕਾਂ ਤੋਂ ਬਹੁਤੀ ਉਮੀਦ ਨਹੀਂ ਕਰਦਾ। ਇਸ ਲਈ, ਮੈਂ ਇੱਕ ਅਜਿਹੇ ਦੋਸਤ ਦੀ ਸੰਗਤ ਵਿੱਚ ਵੀ ਸੁਰੱਖਿਅਤ ਹਾਂ ਜੋ ਮੇਰੇ ਪ੍ਰਤੀ ਵਫ਼ਾਦਾਰ ਨਹੀਂ ਹੈ ਜਾਂ ਇੱਕ ਜਾਣਕਾਰ ਜੋ ਸ਼ੇਖੀ ਮਾਰ ਰਿਹਾ ਹੈ। ਮੈਂ ਸ਼ਾਨ ਦੀ ਭਾਵਨਾ ਪ੍ਰਾਪਤ ਕੀਤੀ ਹੈ। ਜਦੋਂ ਕੋਈ ਮੇਰੇ ਦੁੱਖਾਂ 'ਤੇ ਰੋਣ ਦੀ ਬਜਾਏ ਉਨ੍ਹਾਂ ਦਾ ਮਜ਼ਾਕ ਉਡਾਉਂਦਾ ਹੈ, ਤਾਂ ਕੁਝ ਵੀ ਨੁਕਸਾਨ ਨਹੀਂ ਪਹੁੰਚਾ ਸਕਦਾ। ਮੈਨੂੰ ਆਪਣੀਆਂ ਮੁਸ਼ਕਲਾਂ ਦਾ ਪਛਤਾਵਾ ਨਹੀਂ ਹੈ ਕਿਉਂਕਿ ਉਨ੍ਹਾਂ ਰਾਹੀਂ ਮੈਨੂੰ ਜ਼ਿੰਦਗੀ ਦੇ ਕੀਮਤੀ ਪਲ ਮਿਲੇ ਹਨ ਅਤੇ ਇਹ ਛੋਟੀਆਂ ਮੁਸ਼ਕਲਾਂ ਸਹੀ ਕੀਮਤ ਸਨ। ਜੇਕਰ ਚਿੰਤਾ ਵਿੱਚ ਮਾਨਸਿਕ ਸ਼ਾਂਤੀ ਡਗਮਗਾ ਰਹੀ ਹੈ, ਤਾਂ ਉਦਾਸੀ ਨੂੰ ਦੂਰ ਕਰਨ ਲਈ ਬਾਹਰੀ ਸਰੀਰਕ ਮਿਹਨਤ ਦੀ ਮਦਦ ਲਓ। ਖੁੱਲ੍ਹੀ ਹਵਾ ਵਿੱਚ ਦੌੜੋ, ਘਾਹ 'ਤੇ ਨੰਗੇ ਪੈਰ ਤੁਰੋ, ਡੂੰਘੇ ਸਾਹ ਲਓ, ਕੋਈ ਖੇਡ ਖੇਡੋ। ਸਰੀਰਕ ਕਸਰਤ ਉਨ੍ਹਾਂ ਜ਼ਹਿਰੀਲੇ ਵਿਚਾਰਾਂ ਨੂੰ ਸਾਫ਼ ਕਰਦੀ ਹੈ ਜੋ ਮਾਨਸਿਕ ਦ੍ਰਿਸ਼ਟੀਕੋਣ ਨੂੰ ਘੇਰਦੇ ਹਨ। ਸਰੀਰਕ ਥਕਾਵਟ ਮਨ ਨੂੰ ਕਾਨੂੰਨੀ ਸਮੱਸਿਆਵਾਂ ਤੋਂ ਆਰਾਮ ਦਿੰਦੀ ਹੈ। ਇਸ ਲਈ, ਜਦੋਂ ਕੋਈ ਉਨ੍ਹਾਂ ਵੱਲ ਮੁੜਦਾ ਹੈ, ਤਾਂ ਵਿਅਕਤੀ ਨੂੰ ਨਵਾਂ ਉਤਸ਼ਾਹ,



ਨਵਾਂ ਉਤਸ਼ਾਹ, ਨਵੀਂ ਤਾਕਤ ਮਿਲਦੀ ਹੈ। ਸਰੀਰਕ ਗਤੀਵਿਧੀਆਂ ਵਿੱਚ, ਚਿੰਤਾ ਆਪਣੀ ਪ੍ਰਭਾਵਸ਼ੀਲਤਾ ਗੁਆ ਦਿੰਦੀ ਹੈ ਅਤੇ ਦੁੱਖਾਂ ਦੇ ਵੱਡੇ ਪਹਾੜ ਛੋਟੀਆਂ ਸੁੱਕੀਆਂ ਪਹਾੜੀਆਂ ਬਣ ਜਾਂਦੇ ਹਨ, ਜੋ ਨਵੇਂ ਵਿਚਾਰਾਂ ਅਤੇ ਕਿਰਿਆਵਾਂ ਦੁਆਰਾ ਜਲਦੀ ਹੀ ਸੁਲਝ ਜਾਂਦੇ ਹਨ। ਚਿੰਤਾ ਦੇ ਜ਼ਹਿਰ ਦਾ ਇਲਾਜ ਕਸਰਤ ਹੈ। ਚਿੰਤਾ ਦੀ ਦੁਨੀਆ ਵਿੱਚ, ਆਪਣੀਆਂ ਮਾਸਪੇਸ਼ੀਆਂ ਨੂੰ ਵਧੇਰੇ ਅਤੇ ਆਪਣੇ ਮਨ ਨੂੰ ਘੱਟ ਵਰਤੋਂ। ਹੁਣ, ਇਸ ਉਪਯੋਗੀ ਲੇਖ ਦੇ ਅੰਤ ਵਿੱਚ, ਮੇਰੇ ਅਧਿਆਤਮਿਕ ਸੁਝਾਅ ਨੂੰ ਆਪਣੀ ਚੇਤਨਾ ਵਿੱਚ ਰੱਖੋ। ਮੇਰੀ ਜ਼ਿੰਦਗੀ ਨੇ ਪਰਮਾਤਮਾ ਬਾਰੇ ਇਹ ਰਾਜ਼ ਖੋਜ ਲਿਆ ਹੈ ਕਿ ਇਸ ਸੰਸਾਰ ਵਿੱਚ ਸਾਨੂੰ ਪਰਮਾਤਮਾ ਨੂੰ ਆਪਣੇ ਨਾਲ ਰੱਖਣਾ ਹੈ ਅਤੇ ਪਰਲੋਕ ਵਿੱਚ ਪਰਮਾਤਮਾ ਸਾਨੂੰ ਆਪਣੇ ਨਾਲ ਰੱਖੇਗਾ। ਇਹ ਭਾਵਨਾ ਇੱਕ ਸ਼ਕਤੀ ਦਾ ਨਾਮ ਹੈ ਜੋ ਜੀਵਨ ਦੀਆਂ ਸਭ ਤੋਂ ਵੱਡੀਆਂ ਮੁਸ਼ਕਲਾਂ, ਮੁਸੀਬਤਾਂ ਅਤੇ ਪ੍ਰੀਖਿਆਵਾਂ ਨੂੰ ਸਫਲਤਾਪੂਰਵਕ ਪਾਸ ਕਰਦੀ ਹੈ। ਇਸ ਵਾਕ ਦੇ ਸ਼ੀਸ਼ੀ ਵਿੱਚ ਅਧਿਆਤਮਿਕ ਸ਼ਕਤੀ ਦੇ ਇਸ ਦਰਿਆ ਨੂੰ ਕੈਦ ਕਰੋ: ਜਿਸਨੇ ਮੈਨੂੰ ਇਸ ਸੰਸਾਰ ਵਿੱਚ ਭੇਜਿਆ ਹੈ ਉਹ ਮੇਰਾ ਪਰਮਾਤਮਾ ਮੇਰੇ ਨਾਲ ਹੈ।

# ਅਧੂਰੀ ਅਜਾਦੀ



ਚੰਨੀ ਚਹਿਲ
94173-61546

ਸਾਡੇ ਨੇੜਲੇ ਕਿਸੇ ਸਕੂਲ 'ਚ ਅਜ਼ਾਦੀ ਦਿਵਸ ਸਬੰਧੀ ਪ੍ਰੋਗਰਾਮ ਸੀ। ਇਹ ਪ੍ਰੋਗਰਾਮ 14 ਅਗਸਤ ਨੂੰ ਹੀ ਮਨਾਇਆ ਜਾ ਰਿਹਾ ਸੀ। ਇੱਕ ਲੇਖਕ ਹੋਣ ਦੇ ਨਾਤੇ ਉਹਨਾਂ ਨੇ ਮੈਨੂੰ ਬੁਲਾਇਆ ਤੇ ਬੋਲਣ ਲਈ ਸਮਾਂ ਵੀ ਦਿੱਤਾ ਸੀ। ਪ੍ਰੋਗਰਾਮ ਵਿੱਚ ਇੱਕ ਦੋ ਦਿਨ ਹੀ ਬਾਕੀ ਸਨ। ਮੈਂ ਸੋਚਿਆ ਕਿਉਂ ਨਾ ਅਜ਼ਾਦੀ ਦਿਵਸ ਬਾਰੇ ਕੋਈ ਭਾਸ਼ਣ ਲਿਖ ਲਿਆ ਜਾਵੇ। ਹਲਕੀ-ਹਲਕੀ ਬਾਰਿਸ਼ ਹੋ ਰਹੀ ਸੀ। ਬਹੁਤ ਹੀ ਪਿਆਰਾ ਮੌਸਮ ਸੀ। ਮੈਂ ਇੱਕ ਕੱਪ ਗਰਮ ਕੌਫੀ ਬਣਾਈ ਤੇ ਮੌਸਮ ਦੇ ਆਨੰਦ ਲਈ ਵਰਾਂਡੇ ਵਿੱਚ ਕੁਰਸੀ ਡਾਹ ਲਈ। ਅਜੇ ਚਾਰ ਕੁ ਲਾਈਨਾਂ ਹੀ ਲਿਖੀਆਂ ਸਨ ਕਿ ਇੱਕ ਅੱਧਖੜ ਉਮਰ ਦਾ ਵਿਅਕਤੀ ਅੰਦਰ ਆਇਆ ਤੇ ਸਰਪੰਚ ਸਾਹਿਬ ਬਾਰੇ ਪੁੱਛਣ ਲੱਗਿਆ। ਮੈਂ ਨਾਂਹ ਵਿੱਚ ਜਵਾਬ ਦਿੱਤਾ। ਉਹ ਮੁੜਨ ਹੀ ਲੱਗਾ ਸੀ ਕਿ ਮੀਂਹ ਤੇਜ਼ ਹੋ ਗਿਆ ਤੇ ਉਹ ਮੀਂਹ ਤੋਂ ਬਚਣ ਲਈ ਅੰਦਰ ਆ ਗਿਆ ਤੇ ਫਿਰ ਪੁੱਛਣ ਲੱਗਾ, "ਸਰਪੰਚ ਸਾਹਿਬ ਕਿੱਥੇ ਗਏ ਨੇ ਅਤੇ ਕਦੋਂ ਆਉਣਗੇ।"

"ਨਹੀਂ ਨਾ ਸਾਨੂੰ ਉਹਨਾਂ ਦੇ ਜਾਣ ਬਾਰੇ ਪਤਾ ਹੈ ਤੇ ਨਾ ਹੀ ਆਉਣ ਬਾਰੇ। ਜੇ ਕੋਈ ਕੰਮ ਹੈ ਤਾਂ ਦੱਸੋ ?" ਮੈਂ ਸਰਸਰਾ ਜਿਹਾ ਕਿਹਾ।

"ਕੰਮ ਹੀ ਸੀ। ਮੈਂ ਸ਼ਗਨ ਸਕੀਮ ਦੇ ਪੈਸਿਆਂ ਬਾਰੇ ਪੁੱਛਣਾ ਸੀ। ਕਹਿੰਦੇ ਚੈੱਕ ਆਏ ਨੇ। ਮੇਰਾ ਚੈੱਕ ਆਇਆ ਕਿ ਨਹੀਂ।" ਉਸਨੇ ਰੁੱਖਾ ਜਿਹਾ ਜਵਾਬ ਦਿੱਤਾ।

"ਉਹ ਤਾਂ ਤਿੰਨ ਸਾਲ ਪਹਿਲਾਂ ਜਿਹਨਾਂ ਕੁੜੀਆਂ ਦੇ ਵਿਆਹ ਹੋਏ ਸੀ, ਉਹਨਾਂ ਦੇ ਆਏ ਨੇ।" ਮੈਂ ਫਿਰ ਕਿਹਾ।

"ਮੇਰੀ ਰਾਜੀ ਦੇ ਵਿਆਹ ਨੂੰ ਤਾਂ ਪੰਜ ਸਾਲ ਹੋ ਗਏ। ਕਦੇ ਕਹਿੰਦੇ ਮਾਨਸਾ ਮਿਲਣਗੇ ਅਤੇ ਕਦੇ ਬੁਢਲਾਡੇ। ਅੱਕ ਗਿਆ ਮੈਂ ਸਰਕਾਰੀ ਦਫਤਰਾਂ ਦੇ ਗੇੜੇ ਲਾ ਲਾ ਕੇ। ਜੁੱਤੀਆਂ ਵੀ ਟੁੱਟ ਗਈਆਂ। ਬਈ ਜੇ ਨਹੀਂ ਦੇਣੇ ਤਾਂ ਸਰਕਾਰਾਂ ਡਰਾਮੇ ਕਿਉਂ ਕਰਦੀਆਂ ਨੇ।" ਉਸਨੇ ਭੜਾਸ ਕੱਢਦਿਆਂ ਕਿਹਾ।

"ਕੋਈ ਗੱਲ ਨਹੀਂ ਜੀ, ਤੁਸੀਂ ਸ਼ਾਮੀਂ ਆ ਕੇ ਪਤਾ ਕਰ ਲਿਉ ਜੇ ਲਿਸਟ 'ਚ ਨਾਂ ਹੋਇਆ ਤਾਂ ਮਿਲ ਜਾਣਗੇ।" ਮੈਂ ਤਸੱਲੀ ਦਿੰਦੇ ਹੋਏ ਕਿਹਾ।

"ਸ਼ੁਕਰ ਏ ਚਲਾ ਗਿਆ। ਕਿੰਨਾ ਸਮਾਂ ਖਰਾਬ ਕਰ ਗਿਆ। ਮੈਂ ਫਿਰ ਲਿਖਣ ਲੱਗ ਪਈ। ਅਚਾਨਕ ਫਿਰ ਦਰਵਾਜ਼ਾ ਖੁੱਲਿਆ ਤਾਂ ਇੱਕ ਨੌਜੁਆਨ ਔਰਤ ਅੰਦਰ ਆਈ ਤੇ ਰਸਮੀ ਸਤਿ ਸ਼੍ਰੀ ਅਕਾਲ ਬੁਲਾ ਕੇ ਬਹਿ ਗਈ।

"ਹਾਂ ਜੀ ਦੱਸੋ। ਕਿਵੇਂ ਆਏ।" ਮੈਂ ਕਿਹਾ।

"ਮੈਂ ਤਾਂ ਭੈਣ ਜੀ, ਪੈਂਸ਼ਨ ਪੁੱਛਣ ਆਈ ਸੀ। ਫਾਰਮ ਭਰੇ ਨੀ, ਲੱਗੀ ਨੀ ਹਾਲੇ ਤੱਕ।"

"ਉਹ ਤਾਂ ਜੁਆਨ ਸੀ। ਫਿਰ ਕਿਹੜੀ ਪੈਨਸ਼ਨ ਦੇ ਫਾਰਮ ਭਰੇ ਹੋਣਗੇ।" ਮਨ 'ਚ ਮੈਂ ਸੋਚਿਆ ਤੇ ਫਿਰ ਪੁੱਛਿਆ, "ਕਿਹੜੀ ਪੈਨਸ਼ਨ ਦੇ ਫਾਰਮ ਭਰੇ ਨੇ ਤੁਸੀਂ।" ਮੈਂ ਪੁੱਛਿਆ।

"ਜੀ ਵਿਧਵਾ ਪੈਨਸ਼ਨ ਦੇ ਭਰੇ ਹੋਏ ਨੇ।" ਉਸਨੇ ਕਿਹਾ।

"ਕਿਸਦੀ ਲਗਵਾਉਣੀ ਏ ਵਿਧਵਾ ਪੈਨਸ਼ਨ ਜੀ।" ਮੈਂ ਉਤਸੁਕਤਾ ਨਾਲ ਪੁੱਛਿਆ।

"ਜੀ ਮੇਰੀ ਆਪਣੀ।" ਉਸਨੇ ਕਿਹਾ।

ਮੈਂ ਅੰਦਰ ਤੱਕ ਹਿੱਲ ਗਈ। 30-32 ਸਾਲਾਂ ਦੀ ਮਸਾਂ ਹੋਣੀ। ਇੰਨੀ ਸੋਹਣੀ ਤੇ ਜੁਆਨ ਵਿਚਾਰੀ ਵਿਧਵਾ ਵੀ ਹੋ ਗਈ। ਮੈਂ ਪੁੱਛਿਆ, "ਕੀ ਪਰਿਵਾਰ ਹੈ ਤੁਹਾਡੇ, ਤੇ ਕੀ ਹੋ ਗਿਆ ਸੀ ਤੁਹਾਡੇ ਪਤੀ ਨੂੰ। ਤੇ ਤੁਹਾਡਾ ਰੁਜ਼ਗਾਰ ਦਾ ਕੋਈ ਸਾਧਨ ?"

"ਜੀ ਉਹ ਸ਼ਰਾਬ ਬਹੁਤੀ ਪੀਂਦਾ ਸੀ। ਦਿਨ ਰਾਤ ਰੱਜਿਆ ਰਹਿੰਦਾ ਸੀ। ਜਮੀਨ ਲਈ ਸੀ ਠੇਕੇ ਤੇ ਝੋਨੇ ਤਾਂ ਗੜਿਆ ਨੇ ਮਾਰਤਾ ਤੇ ਨਰਮਾ ਚਿੱਟੀ ਮੱਖੀ ਨੇ। ਕਰਜ਼ਾ ਬਹੁਤਾ ਚੜ੍ਹ ਗਿਆ ਸੀ। ਫਿਕਰ 'ਚ ਦਾਰੂ ਪੀਂਦਾ ਰਹਿੰਦਾ ਸੀ। ਜਮੀਨ ਤਾਂ ਵਿਕ ਗਈ ਸੀ ਸਾਰੀ। ਦੋ ਮੱਝਾਂ ਨੇ, ਦੁੱਧ ਪਾ ਦਿੰਨੇ ਆਂ ਤੇ ਉਹ ਆਪ ਜਮੀਨ ਠੇਕੇ ਤੇ ਲੈ ਲੈਂਦਾ ਸੀ। ਦੋ ਬੱਚੇ ਨੇ ਕੁੜੀ 10 ਸਾਲ ਦੀ ਤੇ ਮੁੰਡਾ 8 ਸਾਲ ਦਾ।" ਉਸਨੇ ਕਹਾਣੀ ਵਿਸਥਾਰ ਨਾਲ ਦੱਸੀ।

"ਨਹੀਂ ਸਰਕਾਰ ਨੇ ਮੁਆਵਜ਼ਾ ਤਾਂ ਦਿੱਤਾ ਸੀ। ਤੁਹਾਨੂੰ ਨਹੀਂ ਮਿਲਿਆ ?" ਮੈਂ ਪੁੱਛਿਆ।

ਕਾਹਦਾ ਮਾਵਜ਼ਾ ਜੀ, ਉਹ ਤਾਂ ਕਾਗਜ਼ੀ ਕਾਰਵਾਈ ਸੀ। ਅੱਠ ਹਜ਼ਾਰ ਕਿੱਲਾ ਕਹਿ ਕੇ 2500 ਦਿੱਤਾ। ਉਹ ਵੀ ਮਾਲਕ ਨੂੰ, ਠੇਕੇ ਵਾਲੇ ਦੇ ਪੱਲੇ ਕੀ ਪਿਆ। ਮੈਂ ਤਾਂ ਡਾਹਢੀ ਔਖੀ ਹਾਂ। ਭਾਈ ਸਾਹਿਬ ਨੂੰ ਕਿਹੋ ਕਿਤੇ ਭੱਜ ਨੱਠ ਕਰਕੇ ਮੇਰੀ ਪਿਲਸਨ ਲਵਾ ਦੇਣ। ਮੈਂ ਤਾਂ ਪੰਜਾ ਛਿੱਕਾ (ਰਿਸ਼ਵਤ ਲਈ ਰੁਪਏ) ਵੀ ਦੇ ਦਿਆ ਕਰਾਂਗੀ ਔਖੀ-ਸੌਖੀ। ਚੰਗਾ ਭੈਣੇ ਚੱਲਦੀ ਹਾਂ। ਪਤਾ ਕਰੀਂ ਜਰੂਰ ਮੇਰੇ ਕੰਮ ਦਾ।" ਕਹਿ ਕੇ ਉਹ ਚਲੀ ਗਈ।

ਅਚਾਨਕ ਮੈਂ ਦੇਖਿਆ ਕਿ ਸਾਡੀ ਕੰਮ ਵਾਲੀ ਕਰਤਾਰੀ ਪੋਚੇ ਲਾਉਣ ਲਈ ਆਪਣੀ ਪੋਤੀ ਲੈ ਕੇ ਆਈ ਸੀ। ਕੁੜੀ ਪੋਚੇ ਲਾ ਰਹੀ ਸੀ। ਵੀਰਾਂ ਏਧਰ ਆਈ। ਮੈਂ ਕੁੜੀ ਨੂੰ ਆਵਾਜ਼ ਮਾਰੀ ਤਾਂ ਕੁੜੀ ਪੋਚਾ ਲਾਉਣਾ ਛੱਡ ਕੇ ਮੇਰੇ ਕੋਲ ਆ ਗਈ।

"ਕੀ ਗੱਲ ਤੂੰ ਸਕੂਲ ਨਹੀਂ ਗਈ।" ਮੈਂ ਪੁੱਛਿਆ।

"ਮੈਂ ਤਾਂ ਮੈਡਮ ਜੀ ਹਟ ਗਈ ਪੜ੍ਹਨੋ।" ਉਸਨੇ ਕਿਹਾ।

"ਕਿਉਂ ? ਕਮਲੀ ਨਾ ਹੋਵੇ ਤਾਂ। ਤੂੰ ਕਿੰਨੀ ਹੁਸ਼ਿਆਰ ਏ। ਦਸਵੀਂ 'ਚੋਂ ਫਸਟ ਆਈ ਸੀ। ਹਟ ਕਿਉਂ ਗਈ ?" "ਨਾ ਤਾਂ ਕਿਤਾਬਾਂ ਨੂੰ ਪੈਸੇ ਨੇ ਜੀ, ਨਾ ਹੀ ਘਰ ਸਰਦਾ, ਕਿਉਂਕਿ ਮੇਰੀ ਮਾਂ ਬਿਮਾਰ ਰਹਿੰਦੀ ਏ। ਕੈਂਸਰ ਏ ਉਸਨੂੰ। ਮੇਰਾ ਬਾਪੂ ਦਿਹਾੜੀ ਜਾਂਦਾ। ਉਸ ਨਾਲ ਕਿੱਥੇ ਗੁਜ਼ਾਰਾ ਹੁੰਦਾ।" ਕੁੜੀ ਨੇ ਕਿਹਾ। "ਫਿਰ ਕੀ ਸੋਚਿਆ ਅੱਗੇ ਬਾਰੇ।" ਮੈਂ ਕਿਹਾ।

ਸੋਚਣਾ ਕੀ ਏ ਜੀ। ਕੰਮ ਕਰਨਾ ਪਊ। ਰੋਟੀ ਤਾਂ ਖਾਣੀ ਐ।

ਸਾਡੀਆਂ ਕਿਸਮਤਾਂ 'ਚ ਪੜ੍ਹਾਈਆਂ ਕਿੱਥੇ। ਮੇਰੀ ਬੇਬੇ ਤੋਂ ਕੰਮ ਨੀ ਹੁੰਦਾ। ਮਾਂ ਬਿਮਾਰ ਏ ਤੇ ਬਾਪੂ ਦੀ ਦਿਹਾੜੀ ਨਾਲ ਕਿੱਥੇ ਸਰੂਗਾ।" ਕਹਿ ਕੇ ਕੁੜੀ ਪੋਚਾ ਲਾਉਣ ਲੱਗ ਪਈ।

"ਮੇਰੇ ਮਨ 'ਚ ਆਇਆ ਕਿ ਰੋਜ਼ ਪੜ੍ਹਦੇ ਆਂ ਕਿ ਸਰਕਾਰ ਕੁੜੀਆਂ ਦੀ ਭਲਾਈ ਲਈ ਕੰਮ ਕਰਦੀ ਹੈ ਪਰ ਆਹ ਵਿਚਾਰੀ ਨੰਨ੍ਹੀ ਕਲੀ ਤਾਂ ਖਿੜਨ ਤੋਂ ਪਹਿਲਾਂ ਹੀ ਮੁਰਝਾ ਗਈ। ਵਿਚਾਰੀ ਕਿੰਨੀ ਹੁਸ਼ਿਆਰ ਸੀ ਪੜ੍ਹਾਈ 'ਚ ਤੇ ਆਹ ਵਿਚਾਰੀ ਲੋਕਾਂ ਦੇ ਘਰਾਂ 'ਚ ਕੰਮਾਂ ਜੋਗੀ ਰਹਿ ਗਈ। ਚੱਲ ਛੱਡ ਮਨਾਂ ਇਹ ਤਾਂ ਦੁਨੀਆਦਾਰੀ ਏ। ਸੋਚ ਕੇ ਮੈਂ ਲਿਖਣਾ ਸ਼ੁਰੂ ਕਰ ਦਿੱਤਾ। ਥੋੜ੍ਹੀ ਦੇਰ ਪਿੱਛੋਂ ਬਾਲਟੀ ਲੈ ਕੇ ਇੱਕ ਮੁੰਡਾ ਅੰਦਰ ਆਇਆ।

"ਆਂਟੀ ਜੀ, ਪਾਣੀ ਲੈਣਾ ਸੀ ਪੀਣ ਲਈ", ਉਸਨੇ ਕਿਹਾ।

ਮੈਂ ਗਿਲਾਸ ਦੇਣ ਲੱਗੀ ਤਾਂ ਉਸਨੇ ਕਿਹਾ, "ਜੀ, ਬਾਲਟੀ ਭਰ ਦਿਉ, ਹੋਰ ਵੀ ਬੰਦੇ ਨੇ।"

ਮੈਂ ਬਾਲਟੀ ਭਰਦੀ ਨੇ ਸੋਚਿਆ ਕਿ ਮੁੰਡਾ ਕਿਤੇ ਦੇਖਿਆ ਲੱਗਦਾ। ਫਿਰ ਮੈਂ ਪੁੱਛਿਆ, "ਕਾਕਾ ਤੂੰ ਬੱਬੂ ਨੀ ਜੋ ਮੇਰੇ ਕੋਲ ਪੜ੍ਹਦਾ ਹੁੰਦਾ ਸੀ।"

ਉਸਨੇ ਹੱਸ ਕੇ ਕਿਹਾ, "ਹਾਂ ਜੀ।"

"ਤੂੰ ਬੋਲਿਆ ਕਿਉਂ ਨਹੀਂ, ਕੀ ਕਰਦੈਂ ਅੱਜ ਕੱਲ੍ਹ।" ਮੈਂ ਕਿਹਾ।

"ਜੀ ਨਰੇਗਾ 'ਚ ਦਿਹਾੜੀ ਕਰਦਾ। ਬਾਪੂ ਦੇ ਮਰਨ ਪਿੱਛੋਂ ਕੋਈ ਸਾਧਨ ਨਹੀਂ ਸੀ ਹੋਰ।" ਉਸਨੇ ਕਿਹਾ।

"ਨਾ ਤੂੰ ਬੀ.ਟੈਕ. ਨਹੀਂ ਸੀ ਕੀਤੀ", ਮੈਂ ਪੁੱਛਿਆ।

"ਹਾਂ ਜੀ ਕੀਤੀ ਸੀ, ਪਰ ਕੌਣ ਪੁੱਛਦਾ ਏ, ਦੁਨੀਆ ਤੁਰੀ ਫਿਰਦੀ ਏ ਪੜ੍ਹੀ ਲਿਖੀ। ਬਥੇਰੇ ਧੱਕੇ ਖਾਧੇ। 7000 ਦੀ ਨੌਕਰੀ ਮਿਲਦੀ ਸੀ, ਉਹ ਵੀ ਮੋਹਾਲੀ। ਉੱਥੇ ਤਾਂ ਮੇਰਾ ਆਪਣਾ ਵੀ ਗੁਜ਼ਾਰਾ ਨਾ ਹੁੰਦਾ 7000 ਨਾਲ ਤੇ ਘਰ ਕਿੱਥੋਂ ਭੇਜਦਾ। ਐਵੇਂ ਤਾਂ ਇੱਥੇ ਠੀਕ ਹਾਂ। ਸਾਰੇ ਪੈਸੇ ਕੰਮ ਆ ਜਾਂਦੇ ਨੇ, ਕੋਈ ਖਰਚ ਖੱਪਾ ਵੀ ਨਹੀਂ।" ਮੁੰਡਾ ਇਹ ਕਹਿੰਦਾ ਹੋਇਆ ਬਾਲਟੀ ਲੈ ਕੇ ਤੁਰ ਪਿਆ।

ਫਿਰ ਨਾਲ ਦੇ ਘਰੋਂ ਇੱਕ ਔਰਤ ਸਰਪੰਚ ਸਾਬ ਬਾਰੇ ਪੁੱਛਣ ਆਈ ,, ਸਾਸਰੀ ਕਾਲ ਜੀ ,,

ਮੈ ਓਸਦੀ ਸਤਿ ਸ਼੍ਰੀ ਆਕਾਲ ਦਾ ਜਵਾਬ ਦਿੰਦਿਆਂ ਕੰਮ ਬਾਰੇ ਪੁੱਛਿਆ।

"ਦੱਸਿਆ ਹੋਇਆ ਜੀ ਸਰਪੰਚ ਸਾਹਿਬ ਨੂੰ ਕੰਮ ਕੱਲ ਆਪਣੀ ਗੁੱਡੀ ਨਰਮਾ ਚੁਗਦੀਆਂ ਦੀ ਸਾਡੀ ਚਾਹ ਲੈਕੇ ਗਈ ਤੀ ਰਾਹ ਮੇਲੇ ਕੇ ਸ਼ੇਰੂ ਨੇ ਕੁੜੀ ਨਾਲ ਜੋਰ ਜਬਰਦਸਤੀ ਕੀਤੀ " ! ਓਹ ਸਾਰਾ ਕੁਝ ਇਕੋ ਸਾਹੇ ਕਹਿ ਗਈ।

"ਓਹ ਪਲਕ ਨਾਲ,," ਮੇਰੇ ਦਿਮਾਗ ਚ ਅਚਾਨਕ ਆਇਆ ਮੇਰੇ ਕੋਲ ਹੀ ਤਾਂ ਪੜ੍ਹਦੀ ਰਹੀ ਹੈ ਓਹ ਤੇ ਮਸਾਂ ਦਸ ਗਿਆਰਾਂ ਸਾਲ ਦੀ ਹੋਊ ਤੇ ਸ਼ੇਰੂ ਤਾਂ ਪੰਜਾਹਾਂ ਦੇ ਨੇੜੇ ਹੈ। ਪਤਾ ਨੀ ਲੋਕਾਂ ਨੂੰ ਪਰਮਾਤਮਾ ਦਾ ਡਰ ਕਿਉ ਨਹੀ। ਸੋਚਾਂ ਦੀ ਲੜੀ ਚ ਮੈਂ ਡੂੰਘੀ ਗੁਆਚ ਗਈ।

ਅਚਾਨਕ ਚੌਂਕੀਦਾਰ ਨੇ ਦਰਵਾਜਾ ਖੜਕਾਇਆ "ਹੈਗੇ ਨੇ ਜੀ ਘਰੇ "।

"ਨਹੀਂ ਹੈ ਨਹੀਂ ਜੀ , ਕਿਦਾ ਆਏ ਮੈ ਪੁਛਿਆ" ?

" ਪੁਲਸ ਆਈ ਆ ਜੀ ਕੱਲ ਨੈਹਰੂ ਕਾ ਮੁੰਡਾ ਪੂਰਾ ਹੋ ਗਿਆ , ਸਿਵਿਆਂ ਚ ਮਰਿਆ ਪਿਆ ਮਿਲਿਆ , ਕਈ ਤਾਂ ਕਹਿੰਦੇ ਚਿੱਟਾ ਖਾਂਦਾ ਸੀ ਕਈ ਕਹਿੰਦੇ ਕਿਸੇ ਨੇ ਮਾਰ ਦਿੱਤਾ।ਓਸਨੇ ਵਿਸਥਾਰ ਨਾਲ ਦੱਸਿਆ ਕਿਹਾ।

" ਚਿੱਟਾ ਤੇ ਬੰਦ ਕਰ ਦਿੱਤਾ ਸਰਕਾਰ ਨੇ " !ਮੈ ਸਰਸਰਾ ਜਿਹਾ ਕਿਹਾ।

ਚੌਂਕੀਦਾਰ ਦੇ ਬੋਲਣ ਤੋਂ ਪਹਿਲਾਂ ਹੀ ਪਾਣੀ ਦੀ ਬਾਲਟੀ ਭਰਨ ਆਈ ਛਿੰਦਰ ਬੋਲੀ " ਕਾਨੂ ਹੁੰਦਾ ਬੰਦ ਭੈਣਜੀ ਇਹ ਤਾਂ ਵੋਟਾਂ ਦੇ ਵਾਦੇ ਹੁੰਦੇ ਨੂੰ , ਕੁਝ ਨੀ ਬੰਦ ਹੁੰਦਾ। ਕੱਲ ਮੇਰਾ ਜਮਾਈ ਸੁੱਤਾ ਹੀ ਰਹਿ ਗਿਆ। ਤਿੰਨ ਕੁੜੀਆਂ ਨੇ ਕੁੜੀ ਕੋਲ ਝੋਰਾ ਖਾਈ ਜਾਂਦਾ ਵੀ ਅੱਗੇ ਕਿ ਹੋਊ। ਚੰਦਰੇ ਨੂੰ ਬਥੇਰੇ ਸਮਝਾਇਆ ਸਮਝਿਆ ਹੀ ਨੂੰ ਬਹੁਤ ਅੱਗ ਸੁਆਹ ਖਾਂਦਾ ਸੀ "ਕਹਿੰਦੀ ਬਾਲਟੀ ਲੈਕੇ ਤੁਰੀ ਗਈ।

ਫਿਰ ਅਚਾਨਕ ਮੇਰੇ ਕੰਨਾਂ ਵਿੱਚ ਰੋਣ ਦੀਆਂ ਆਵਾਜ਼ਾਂ ਪੈਣ ਲੱਗੀਆਂ। ਚੀਕ-ਚਿਹਾੜਾ ਮੇਰੇ ਕੰਨਾਂ ਵਿੱਚ ਪੈਣ ਲੱਗ ਪਿਆ। ਪਤਾ ਨਹੀਂ ਕੀ ਵਾਕਾ ਹੋ ਗਿਆ। ਮੇਰਾ ਮਨ ਕਿਸੇ ਅਣਹੋਣੀ ਦੀ ਕਲਪਨਾ ਕਰਨ ਲੱਗ ਪਿਆ। ਮੈਂ ਦਰਵਾਜ਼ਾ ਖੋਲਿਆ ਤੇ ਬਾਹਰ ਦੇਖਿਆ। ਕੁੱਝ ਪਤਾ ਨਹੀਂ ਲੱਗ ਰਿਹਾ ਸੀ ਪਰ ਆਵਾਜ਼ਾਂ ਆ ਰਹੀਆਂ ਸਨ, ਉੱਚੀ-ਉੱਚੀ ਰੋਣ ਦੀਆਂ। ਮੈਂ ਗੁਆਂਢਣ ਨੂੰ ਪੁੱਛਿਆ ਕਿ ਇਹ ਕਾਹਦਾ ਸ਼ੋਰ ਹੈ ਤਾਂ ਉਸਨੇ ਦੱਸਿਆ ਕਿ ਬਾਬੇ ਜੇਠੂ ਦੀ ਕੁੜੀ ਜਿਸਦਾ ਪਿਛਲੇ ਸਾਲ ਵਿਆਹ ਹੋਇਆ ਸੀ ਉਹ ਮਰ ਗਈ। ਸ਼ਾਮੀ ਪਤਾ ਲੱਗਿਆ ਕਿ ਉਸਦੇ ਬੇਟਾ ਹੋਇਆ ਸੀ ਪਰ ਕੁੜੀ ਸਿਰਫ 16 ਸਾਲਾਂ ਦੀ ਸੀ। 15 ਸਾਲਾਂ ਦੀ ਉਮਰ 'ਚ ਉਸਦਾ ਵਿਆਹ ਕਰ ਦਿੱਤਾ ਗਿਆ ਸੀ। ਜੋ ਪੂਰੀ ਤਰਾਂ ਮਾਂ ਬਨਣ ਦੇ ਕਾਬਿਲ ਵੀ ਨਹੀਂ ਸੀ। ਬੱਚੀ ਸੀ ਵਿਚਾਰੀ। ਮੇਰੇ ਕੋਲ ਪੜ੍ਹਦੀ ਹੁੰਦੀ ਸੀ। ਬੱਚੇ ਨੂੰ ਜਨਮ ਦਿੰਦੇ ਸਮੇਂ ਹੀ ਮੌਤ ਹੋ ਗਈ।

ਉਹਨਾਂ ਦੇ ਗੁਆਂਢ 'ਚ ਕਈ ਦਿਨ ਪਹਿਲਾਂ ਇੱਕ ਹੋਰ ਅਜਿਹੀ ਘਟਨਾ ਵਾਪਰੀ ਸੀ। ਉਹ ਵੀ ਮਰ ਗਈ ਸੀ। ਉਸਦੇ ਤਿੰਨ ਕੁੜੀਆਂ ਸਨ। ਪਰ ਹੁਣ ਉਹਨਾਂ ਨੇ ਜਦੋਂ ਟੈਸਟ ਕਰਵਾਇਆ ਤਾਂ ਪਤਾ ਲੱਗਾ ਕਿ ਚੌਥਾ ਬੱਚਾ ਵੀ ਕੁੜੀ ਹੀ ਹੈ। ਉਹ ਇਸ ਲੜਕੀ ਨੂੰ ਜਨਮ ਨਹੀਂ ਦੇਣਾ ਚਾਹੁੰਦੇ ਸਨ। ਉਹ ਲੜਕੀ ਦਾ ਗਰਭਪਾਤ ਕਰਵਾਉਣ ਲਈ ਸ਼ਹਿਰ ਲੈ ਗਏ, ਜਿੱਥੇ ਉਸਦੀ ਮੌਤ ਹੋ ਗਈ। ਮੇਰਾ ਧਿਆਨ ਇਹਨਾਂ ਘਟਨਾਵਾਂ ਨੇ ਭਟਕਾ ਦਿੱਤਾ। ਮੇਰਾ ਲਿਖਣ ਦਾ ਮਨ ਨਾ ਰਿਹਾ ਤੇ ਮੈਂ ਕਾਪੀ ਬੰਦ ਕਰ ਦਿੱਤੀ, ਸੋਚਿਆ ਕਿ ਮਨ ਸ਼ਾਂਤ ਹੋਏ ਤਾਂ ਲਿਖਾਂ।

ਮੈਂ ਅਖਬਾਰ ਚੁੱਕਿਆ ਤੇ ਪੜ੍ਹਨ ਲੱਗੀ ਤਾਂ ਪਹਿਲੇ ਹੀ ਪੇਜ ਤੇ ਤਿੰਨ ਕਿਸਾਨਾਂ ਦੀ ਖੁਦਕੁਸ਼ੀ ਨੇ ਮੇਰੀ ਪ੍ਰੇਸ਼ਾਨੀ 'ਚ ਹੋਰ ਵੀ ਵਾਧਾ ਕਰ ਦਿੱਤਾ। ਵਿਚਾਰੇ ਕਿਸਾਨ ਤੇ ਅਗਲੀ ਤਸਵੀਰ ਤੇ ਬੇਰੁਜ਼ਗਾਰ ਅਧਿਆਪਕਾਂ ਦੇ ਧਰਨੇ ਦੌਰਾਨ ਪੁਲਿਸ ਵੱਲੋਂ ਕੀਤੇ ਲਾਠੀਚਾਰਜ ਦੀ ਸੀ। ਹੱਕ ਮੰਗ ਰਹੇ ਅਧਿਆਪਕਾਂ ਤੇ ਲਾਠੀਚਾਰਜ। ਰੂਹ ਜਿਹੀ ਕੰਬ ਗਈ। ਮੈਂ ਅਖਬਾਰ ਵੀ ਬੰਦ ਕਰ ਦਿੱਤਾ ਤੇ ਪਾਣੀ ਪੀ ਕੇ ਅਰਾਮ ਕਰਨਾ ਚਾਹਿਆ। ਪਰ ਇਹ ਫਿਲਮੀ ਦ੍ਰਿਸ਼ ਦੀ ਤਰ੍ਹਾਂ ਮੇਰੀਆਂ ਅੱਖਾਂ ਅ ੱਗੇ ਗੁਜ਼ਰਦੀਆਂ ਰਹੀਆਂ। ਪੂਰੀ ਰਾਤ ਨੀਂਦ ਨਾ ਆਈ ਤੇ ਮਨ ਸੋਚਣ ਲੱਗਾ ਕਿ ਕਿਹੜਾ ਅਜ਼ਾਦੀ ਦਿਵਸ ਮਨਾ ਰਹੇ ਆ ਅਸੀਂ। ਕੀ ਸੱਚ ਮੁੱਚ ਅਸੀਂ ਅਜ਼ਾਦੀ ਪ੍ਰਾਪਤ ਕੀਤੀ ਹੈ.... ? ਸਾਡੇ ਸ਼ਹੀਦਾਂ ਨੇ ਅਜ਼ਾਦ ਭਾਰਤ ਲਈ ਜੋ ਸੁਪਨੇ ਦੇਖੇ ਉਹ ਕਿੱਥੇ ਪੂਰੇ ਹੋਏ ਨੇ। ਸਾਡੀ ਸੋਚ ਤਾਂ ਅੱਜ ਵੀ ਗੁਲਾਮ ਹੈ, ਫਿਰ ਸਟੇਜਾਂ ਤੇ ਭਾਸ਼ਣ ਦੇ ਕੇ ਅਜ਼ਾਦੀ ਦਿਵਸ ਮਨਾਉਣ ਦਾ ਕੀ ਲਾਭ ਹੈ।

# ਕਿਉਂ ਜਾ ਰਹੇ ਨੇ ਵਿਦੇਸ਼ਾਂ ਨੂੰ ਬੱਚੇ ?

ਏਹ ਇੱਕ ਸਵਾਲ ਹੀ ਨਹੀਂ, ਇੱਕ ਸਮਸਿਆ ਤੇ ਗੰਭੀਰਤਾ ਨਾਲ ਸੋਚਣ ਵਾਲੀ ਗੱਲ ਹੈ।ਹਰ ਬੱਚਾ ਤੇ ਮਾਪੇ ਸਿਰਫ਼ ਬਾਹਰਵੀਂ ਦੀ ਪੜ੍ਹਾਈ ਦਾ ਇੰਤਜ਼ਾਰ ਕਰਦੇ ਲੱਗਦੇ ਹਨ।ਕਦੇ ਕਿਸੇ ਨੇ ਇਸ ਮਸਲੇ ਬਾਰੇ ਸੋਚਿਆ ਹੀ ਨਹੀਂ, ਨਾ ਕਿਸੇ ਸਿਆਸੀ ਪਾਰਟੀ ਨੂੰ ਇਸ ਬਾਰੇ ਫਿਕਰ ਹੈ ਤੇ ਨਾ ਹੀ ਇੰਨਾ ਨਾਲ ਕੰਮ ਕਰਦੀ ਬਾਬੂਸ਼ਾਹੀ ਨੂੰ।ਏਹ ਕੋਈ ਫ਼ਖਰ ਦੀ ਗੱਲ ਨਹੀਂ ਹੈ ਕਿ ਸੱਭ ਵਿਦੇਸ਼ਾਂ ਵਿੱਚ ਪੜ੍ਹਾਈ ਲਈ ਜਾ ਰਹੇ ਨੇ ਜਾ ਉਥੇ ਕਿਸੇ ਨਾ ਕਿਸੇ ਤਰ੍ਹਾਂ ਪੱਕੇ ਰਹਿਣ ਲਈ ਹੱਥ ਪੈਰ ਮਾਰਦੇ ਹਨ।ਪੰਜਾਬ ਵਿੱਚ ਅਮੀਰਾਂ ਦੇ ਬੱਚਿਆਂ ਦਾ ਵਿਦੇਸ਼ਾਂ ਵਿੱਚ ਪੜ੍ਹਨਾ ਪੁਰਾਣਾ ਰੁਝਾਨ ਹੈ।ਇੰਨਾ ਦੇ ਤਾਂ ਆਪਣੇ ਕਾਰੋਬਾਰ ਹਨ ਆਕੇ ਫਿਰ ਆਲੀਸ਼ਾਨ ਦਫਤਰਾਂ ਵਿੱਚ ਬੈਠ ਜਾਂਦੇ ਹਨ।ਇੱਕ ਤਬਕਾ ਉਹ ਹੈ ਥੋੜਾ ਸੌਖਾ ਬੰਦੋਬਸਤ ਕਰਕੇ ਬੱਚਿਆਂ ਨੂੰ ਵਿਦੇਸ਼ ਭੇਜ ਰਿਹਾ ਹੈ,ਅਗਲਾ ਤਬਕਾ ਉਹ ਹੈ ਜੋ ਆਪਣੇ ਬੱਚਿਆਂ ਦੇ ਭਵਿੱਖ ਲਈ ਜ਼ਮੀਨਾਂ ਜਾਂ ਕੋਈ ਹੋਰ ਜਾਇਦਾਦ ਵੇਚਕੇ ਭੇਜਦੇ ਹਨ।ਏਹ ਹੈ ਸਾਡੇ ਦੇਸ਼ ਦੀਆਂ ਸਰਕਾਰਾਂ ਦੀਆਂ ਨੀਤੀਆਂ।ਪੰਜਾਬ ਇਕੱਲੇ। ਦੀ ਗੱਲ ਕਰੀਏ ਤਾਂ ਲੱਖਾਂ ਦੀ ਗਿਣਤੀ ਵਿੱਚ ਬੱਚੇ ਵਿਦੇਸ਼ਾਂ ਵਿੱਚ ਜਾ ਰਹੇ ਨੇ ਇੱਕ ਇੱਕ ਬੱਚੇ ਤੇ ਤਕਰੀਬਨ ਵੀਹ ਲੱਖ ਰੁਪਏ ਤਾਂ ਲਗਦੇ ਹੀ ਨੇ।ਪੰਜਾਬ ਵਿੱਚੋਂ ਕਿੰਨਾ ਪੈਸਾ ਵਿਦੇਸ਼ਾਂ ਵਿੱਚ ਚਲਾ ਗਿਆ ਤੇ ਨਾਲ ਹੀ ਨੌਜਵਾਨ ਤਾਕਤ,ਸ਼ਕਤੀ ਤੇ ਦਿਮਾਗ ਵੀ ਚਲਾ ਗਿਆ।ਸੋਚਣ ਵਾਲੀ ਗੱਲ ਹੈ ਕਿ ਵਿਦੇਸ਼ਾਂ ਦਾ ਰੁਝਾਨ ਕਿਉਂ ਹੈ ?ਇਸਨੂੰ ਰੋਕਣਾ ਚਾਹੀਦਾ ਹੈ ਜਾਂ ਨਹੀਂ ?ਅਗਰ ਨੌਜਵਾਨ ਨਹੀਂ ਜਾਂਦੇ ਤਾਂ ਇਥੇ ਕੀ ਕਰਨ ?ਸਰਕਾਰ ਦਾ ਕੀ ਫਰਜ਼ ਹੈ ?ਸਰਕਾਰ ਨੂੰ ਕੀ ਕਰਨਾ ਚਾਹੀਦਾ ਹੈ ਤੇ ਇਵੇਂ ਦੇ ਬਹੁਤ ਸਾਰੇ ਸਵਾਲ ਹਨ।




ਨੌਜਵਾਨ ਕਿਸੇ ਵੀ ਪ੍ਰਾਂਤ ਤੇ ਦੇਸ਼ ਦੀ ਸ਼ਕਤੀ ਹੁੰਦੇ ਹਨ ਜਿੰਨਾ ਨੂੰ ਅਸੀਂ ਜਾਣੇ ਅਣਜਾਣੇ ਵਿਦੇਸ਼ਾਂ ਵਿੱਚ ਧਕੇਲ ਰਹੇ ਹਾਂ।ਹਰ ਨੌਜਵਾਨ ਤੇ ਮਾਪੇ ਵਧੀਆ ਪੜ੍ਹਾਈ ਤੇ ਪੜ੍ਹਾਈ ਤੋਂ ਬਾਦ ਰੁਜ਼ਗਾਰ ਚਾਹੁੰ ਦੇ ਹਨ।ਜਦੋਂ ਉਹ ਹੱਥਾਂ ਵਿੱਚ ਡਿਗਰੀਆਂ ਫੜੀ ਨੌਜਵਾਨਾਂ ਨੂੰ ਦਫ਼ਤਰਾਂ ਵਿੱਚ ਖੱਜਲ ਹੁੰਦੇ ਵੇਖਦੇ ਹਨ,ਸੜਕਾਂ ਤੇ ਧਰਨੇ ਦਿੰਦੇ ਵੇਖਦੇ ਹਨ,ਉਨਾਂ ਤੇ ਹੋ ਰਹੇ ਲਾਠੀਚਾਰਜ ਤੇ ਪਾਣੀ ਦੀਆਂ ਬੁਛਾਰਾਂ ਪੈਂਦੀਆਂ ਵੇਖਦੇ ਹਨ ਤਾਂ ਉਹ ਅੰਦਰੋਂ ਕੰਬ ਉੱਠਦੇ ਹਨ ਕਿ ਸਾਡੇ ਬੱਚੇ ਵੀ ਇਸ ਵਿੱਚ ਸ਼ਾਮਿਲ ਹੋ ਜਾਣਗੇ।ਮਾਸਟਰ ਡਿਗਰੀਆਂ ਕਰਕੇ, ਐਮਫਿਲ,ਪੀ.ਐਚ.ਡੀ ਤੇ ਲਾਅ ਵਰਗੀਆਂ ਡਿਗਰੀਆਂ ਕਰਕੇ ਆਂਗਨਵਾੜੀ ਸਕੂਲਾਂ ਵਿੱਚ ਪੰਜ ਹਜ਼ਾਰ ਦੀ ਨੌਕਰੀ ਕਰਦੇ ਹਨ ਨੌਜਵਾਨ ਤੇ ਫੇਰ ਉਸ ਲਈ ਵੀ ਤਰਸਦੇ ਹਨ।ਧੱਕੇ ਖਾਂਦਿਆਂ ਨੌਕਰੀਆਂ ਦੀ ਉਮਰ ਲੰਘ ਜਾਂਦੀ ਹੈ ਤੇ ਨਾਲ ਵਿਆਹ ਦੀ।ਨੌਕਰੀਆਂ ਨਾ ਮਿਲਨ ਕਰਕੇ ਬੱਚੇ ਮਾਨਸਿਕ ਤੌਰ ਤੇ ਬਿਮਾਰ ਹੋ ਰਹੇ ਹਨ,ਪ੍ਰਾਇਵੇਟ ਨੌਕਰੀਆਂ ਵਿੱਚ ਹਰ ਵੇਲੇ ਜਵਾਬ ਮਿਲ ਜਾਣ ਦਾ ਡਰ ਬਣਿਆ ਰਹਿੰਦਾ ਹੈ।ਕਿੰਨੇ ਘੰਟੇ ਕੰਮ ਕਰਵਾਉਣਾ, ਉਸਦਾ ਕੋਈ ਹਿਸਾਬ ਨਹੀਂ।ਹਰ ਜਗ੍ਹਾ ਅੱਠ ਘੰਟੇ ਹੁੰਦਾ ਹੈ ਕੰਮ ਕਰਨ ਦਾ ਸਮਾਂ, ਉਸ ਤੋਂ ਬਾਦ ਉਵਰ ਟਾਇਮ ਦੇ ਪੈਸੇ ਮਿਲਦੇ ਹਨ ਪਰ ਸਾਡੇ ਇਥੇ ਅਜਿਹਾ ਕੁਝ ਨਹੀਂ।ਕੰਮ ਨਹੀਂ ਤਾਂ ਬੇਰੁਜ਼ਗਾਰੀ ਦੀ ਕੋਈ ਸੁਵਿਧਾ ਨਹੀਂ।ਗੱਲ ਕੀ ਸੋਸ਼ਲ ਸਕਓਰਟੀ ਦੇ ਨਾਮ ਤੇ ਕੁਝ ਵੀ ਨਹੀਂ।ਜਿਸ ਪ੍ਰਾਂਤ ਜਾਂ ਦੇਸ਼ ਕੋਲੋਂ ਆਪਣੀ ਯੁਵਾ ਸ਼ਕਤੀ ਨਹੀਂ ਸੰਭਾਲੀ ਜਾਂਦੀ ਉਹ ਵਿਕਾਸ ਤੇ ਤਰੱਕੀ ਦੇ ਰਾਹ ਤੇ ਕੁੱਝ ਵੀ ਬਹੁਤਾ ਨਹੀਂ ਕਰ ਸਕਦਾ।ਪੰਜਾਬੀ ਮਿਹਨਤੀ ਤੇ ਜੋਸ਼ੀਲੇ ਹਨ ਇਨਾਂ ਦੀ ਸ਼ਕਤੀ ਨੂੰ ਵਧੀਆ ਤਰੀਕੇ ਨਾਲ ਨਹੀਂ ਵਰਤਿਆ ਜਾ ਰਿਹਾ।ਇਥੇ ਰਹਿ ਕੇ ਬੱਚਿਆਂ ਦੇ ਹੱਥਾਂ ਵਿੱਚ ਡਿਗਰੀਆਂ ਤਾਂ ਹੋਣਗੀਆਂ ਪਰ ਰੁਜ਼ਗਾਰ ਨਹੀਂ।ਸਿਹਤ ਸਹੂਲਤਾਂ ਦੇ ਨਾਮ ਤੇ ਬੀਮਾਰ ਸਰਕਾਰੀ ਹਸਪਤਾਲ, ਖਾਣ ਵਾਲੀ ਹਰ ਚੀਜ਼ ਵਿੱਚ ਮਿਲਾਵਟ,ਹਰ ਦਫ਼ਤਰ ਵਿੱਚ ਰਿਸ਼ਵਤ ਤੇ ਭ੍ਰਿਸ਼ਟਾਚਾਰ, ਕੀ ਕਰਨਗੇ ਨੌਜਵਾਨ ਇਥੇ ਰਹਿਕੇ।ਸਰਕਾਰ ਵਿੱਤੀ ਤੌਰ ਤੇ ਵੀ ਨੁਕਸਾਨ ਕਰਵਾ ਰਹੀ ਹੈ ਤੇ ਨੌਜਵਾਨ ਸ਼ਕਤੀ ਵਿਦੇਸ਼ ਭੇਜਕੇ ਪੰਜਾਬ ਦੇ ਭਵਿੱਖ ਨਾਲ ਵੀ ਖਿਲਵਾੜ ਕਰ ਰਹੀ ਹੈ।ਵਿਦੇਸ਼ ਜਾਣ ਦਾ ਰੁਝਾਨ ਰੋਕਣ ਵਾਸਤੇ ਸਰਕਾਰ ਨੂੰ ਸੱਭ ਵਾਸਤੇ ਬਰਾਬਰ ਦੀ ਵਧੀਆ ਸਿਖਿਆ, ਸਿਖਿਆ ਦੇ ਬਾਦ ਰੋਜ਼ਗਾਰ ਦੇਣਾ ਬੇਹੱਦ ਜ਼ਰੂਰੀ ਹੈ।ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਤੇ ਗੰਭੀਰ ਨਾ ਹੋਣ ਕਰਕੇ ਜਾਂ ਸਿੱਧੇ ਸ਼ਬਦਾਂ ਵਿੱਚ ਕਹਿ ਲਈਏ ਤਾਂ ਸਰਕਾਰ ਦੀਆਂ ਨਾਕਾਮੀਆਂ ਕਰਕੇ, ਨੌਜਵਾਨਾਂ ਨੇ ਵਿਦੇਸ਼ਾਂ ਨੂੰ ਵਹੀਰਾਂ ਘੱਤੀਆਂ ਹੋਈਆਂ ਹਨ।ਏਹ ਖੁਸ਼ ਹੋਣ ਜਾਂ ਪਿੱਠ ਠੋਕਣ ਵਾਲੀ ਗੱਲ ਨਹੀਂ, ਗੰਭੀਰਤਾ ਨਾਲ ਸੋਚਣ ਵਾਲੀ ਹੈ।ਅਸੀਂ ਆਪਣੀ ਨੌਜਵਾਨ ਸ਼ਕਤੀ ਵਿਦੇਸ਼ਾਂ ਨੂੰ ਜਾਣੇ ਅਣਜਾਣੇ ਦੇ ਰਹੇ।ਕਿਸੇ ਨੂੰ ਘਰ ਪਰਿਵਾਰ ਤੇ ਆਪਣਿਆਂ ਨੂੰ ਛੱਡਣ ਦਾ ਸ਼ੌਕ ਨਹੀਂ ਹੁੰਦਾ,ਮਜ਼ਬੂਰੀ ਕਰਕੇ ਹੀ ਜਾ ਰਹੇ ਨੇ ਵਿਦੇਸ਼ਾਂ ਨੂੰ ਨੌਜਵਾਨ।

ਪ੍ਰਭਜੋਤ ਕੌਰ ਢਿੱਲੋਂ ਮੁਹਾਲੀ,
ਮੋਬਾਇਲ 9815030221

# ਗਲੈਮਰ ਦੀ ਦੁਨੀਆਂ ਵਿੱਚ ਉਮਰ ਦਾ ਵਧਣਾ .ਗੁਨਾਹ ਹੈ!

## ਤੇਜ਼ ਰੋਸ਼ਨੀ, ਕੈਮਰਿਆਂ ਦੀ ਫਲੈਸ਼ ਅਤੇ ਸਟੇਜ ‘ਤੇ ਮੌਜੂਦ ਇੱਕ ਖ਼ੂਬਸੂਰਤ ਹੋਸਟ ਜਿਹੜੀ ਆਪਣੀ ਆਵਾਜ਼ ਅਤੇ ਅਦਾਵਾਂ ਨਾਲ ਸਭ ਨੂੰ ਆਕਰਸ਼ਿਤ ਕਰ ਰਹੀ ਹੈ ਅਤੇ ਉਸਦੀ ਹਰ ਇੱਕ ਅਦਾ ‘ਤੇ ਤਾੜੀਆਂ ਮਾਰਦੇ ਨੇ ਦਰਸ਼ਕ



ਸ਼ਾਇਦ ਤੁਸੀਂ ਅੰਦਾਜ਼ਾ ਲਗਾ ਲਿਆ ਹੋਵੇਗਾ ਕਿ ਇਹ ਤਸਵੀਰ ਕਿਸੇ ਗਲੈਮਰ ਪ੍ਰੋਗਰਾਮ ਦੇ ਸਟੇਜ ਸ਼ੋਅ ਦੀ ਹੈ। ਇਸ ਸਟੇਜ ਸ਼ੋਅ ਦੀ ਚਮਕ ਤੋਂ ਵੱਖਰੀ ਦੁਨੀਆਂ ਸਟੇਜ ਤੋਂ ਪਿੱਛੇ ਦੀ ਵੀ ਹੁੰਦੀ ਹੈ। ਜਿੱਥੇ ਤੱਕ ਚਮਕਦਾਰ ਰੋਸ਼ਨੀ ਨਹੀਂ ਪਹੁੰਚਦੀ, ਕੈਮਰਿਆਂ ਦੀ ਫਲੈਸ਼ ਘੱਟ ਜਾਂਦੀ ਹੈ, ਦਰਸ਼ਕਾਂ ਦੀਆਂ ਤਾੜੀਆਂ ਵੀ ਹਵਾ ਹੋ ਜਾਂਦੀਆਂ ਹਨ। ਜਿਨ੍ਹਾਂ ਸੋਹਣੇ ਚਿਹਰਿਆਂ ਨਾਲ ਸਟੇਜ ਦੀ ਰੋਸ਼ਨੀ ਵਧਾਈ ਜਾਂਦੀ ਹੈ, ਉਨ੍ਹਾਂ ‘ਤੇ ਉਮਰ ਦੇ ਇੱਕ ਪੜ੍ਹਾਅ ਤੱਕ ਪੁੱਜਣ ਤੋਂ ਬਾਅਦ ਇਸੇ ਸੋਹਣੇਪਣ ਨੂੰ ਬਰਕਰਾਰ ਰੱਖਣ ਦਾ ਦਬਾਅ ਪੈਣ ਲਗਦਾ ਹੈ। ਅਜਿਹੇ ਪਤਾ ਨਹੀਂ ਕਿੰਨੇ ਚਿਹਰੇ ਹਨ, ਜਿਹੜੇ ਕਦੇ ਘਰ-ਘਰ ਵਿੱਚ ਪਛਾਣੇ ਜਾਂਦੇ ਸਨ, ਸਮੇਂ ਦੇ ਨਾਲ ਉਹ ਫਿੱਕੇ ਪੈ ਗਏ। ਸਾਲ 2001 ਵਿੱਚ ਟੀਵੀ ‘ਤੇ ਇੱਕ ਸੀਰੀਅਲ ਆਉਂਦਾ ਸੀ ‘ਕੁਸੁਮ’। ਇਸ ਸੀਰੀਅਲ ਵਿੱਚ ਮੁੱਖ ਕਿਰਦਾਰ ਨਿਭਾਉਣ ਵਾਲੀ ਨੌਸ਼ੀਨ ਅਲੀ ਸਰਦਾਰ ਉਨ੍ਹਾਂ ਦਿਨਾਂ ਵਿੱਚ ਘਰ-ਘਰ ‘ਚ ਕੁਸੁਮ ਨਾਲ ਪਛਾਣੀ ਜਾਂਦੀ ਸੀ। ਫਿਲਹਾਲ 34 ਸਾਲ ਦੀ ਹੋ ਚੁੱਕੀ ਨੌਸ਼ੀਨ ਇੰਸਟਾਗਰਾਮ ‘ਤੇ ਆਪਣੀਆਂ ਫੋਟੋਆਂ ਪੋਸਟ ਕਰਦੀ ਰਹਿੰਦੀ ਹੈ। ਉਹ ਇੱਕ ਨਵੇਂ ਸੀਰੀਅਲ ‘ ਅਲਾਦੀਨ ‘ ਵਿੱਚ ਦਿਖਣ ਵਾਲੀ ਹੈ। ਕੁਝ ਦਿਨ ਪਹਿਲਾਂ ਉਨ੍ਹਾਂ ਨੇ ਇਸੇ ਸ਼ੋਅ ਨਾਲ ਜੁੜੀਆਂ ਕੁਝ ਤਸਵੀਰਾਂ ਇੰਸਟਗਰਾਮ ‘ਤੇ ਅਪਲੋਡ ਕੀਤੀਆਂ ਜਿਸ ਤੋਂ ਬਾਅਦ ਕੁਝ ਲੋਕ ਉਨ੍ਹਾਂ ਨੂੰ ਟਰੋਲ ਕਰਨ ਲੱਗੇ। ਟਰੋਲ ਕਰਨ ਵਾਲੇ ਲੋਕਾਂ ਨੇ ਨੌਸ਼ੀਨ ਦੀ ਉਮਰ ਅਤੇ ਤਸਵੀਰਾਂ ‘ਤੇ ਫਿਲਟਰ ਦੀ ਵਰਤੋਂ ਦੀ ਗੱਲ ਕਹਿ ਕੇ ਮਜ਼ਾਕ ਉਡਾਇਆ। ਸੋਸ਼ਲ ਮੀਡੀਆ ‘ਤੇ ਹੋਈ ਟ੍ਰੋਲਿੰਗ ਦੇ ਜਵਾਬ ਵਿੱਚ ਨੌਸ਼ੀਨ ਨੇ ਬੀਬੀਸੀ ਨੂੰ ਕਿਹਾ ਕਿ ਜਿਸ ਸਮੇਂ ਉਹ ਕੁਸੁਮ ਸੀਰੀਅਲ ਕਰ ਰਹੀ ਸੀ ਉਸ ਸਮੇਂ ਉਨ੍ਹਾਂ ਦੀ ਉਮਰ 17-18 ਸਾਲ ਸੀ, ਜਦਕਿ ਉਹ ਇੱਕ 29-30 ਸਾਲ ਦੀ ਔਰਤ ਦੀ ਭੂਮਿਕਾ ਨਿਭਾ ਰਹੀ ਸੀ। ਲੋਕਾਂ ਨੂੰ ਲੱਗਦਾ ਹੈ ਕਿ ਹੁਣ ਤੱਕ ਤਾਂ ਮੈਂ 40-50 ਸਾਲ ਦੀ ਹੋ ਗਈ ਹੋਵਾਂਗੀ। ਜਦਕਿ ਅਜਿਹਾ ਨਹੀਂ ਹੈ। ਗਲੈਮਰ ਦੀ ਦੁਨੀਆਂ ਵਿੱਚ ਔਰਤਾਂ ਦੀ ਉਮਰ ਕਿੰਨੀ ਮਾਅਨੇ ਰੱਖਦੀ ਹੈ, ਉਸ ‘ਤੇ ਨੌਸ਼ੀਨ ਜਵਾਬ ਦਿੰਦੀ ਹੈ ਕਿ ਬਾਲੀਵੁੱਡ ਦੀ ਦੁਨੀਆਂ ਜਿੱਥੇ ਮਰਦ ਪ੍ਰਧਾਨ ਹੈ ਤਾਂ ਉੱਥੇ ਹੀ ਟੀਵੀ ਦੀ ਦੁਨੀਆਂ ਵਿੱਚ ਜ਼ਿਆਦਾਤਰ ਰੋਲ ਔਰਤਾਂ ਅਦਾ ਕਰਦੀਆਂ ਹਨ। ਉਹ ਆਪਣੀ ਗੱਲ ਨੂੰ ਡਿਟੇਲ ਵਿੱਚ ਸਮਝਾਉਂਦੇ ਹੋਏ ਕਹਿੰਦੀ ਹੈ, ‘‘ਟੀਵੀ ਦੀ ਦੁਨੀਆਂ ਵਿੱਚ ਭਾਵੇਂ ਤੁਸੀਂ 21 ਸਾਲ ਦੇ ਹੋ ਜਾਂ ਫਿਰ 41 ਸਾਲ ਦੇ, ਤੁਹਾਨੂੰ ਮਾਂ ਦਾ ਰੋਲ ਮਿਲ ਸਕਦਾ ਹੈ। ਜਿੱਥੋਂ ਤੱਕ ਅਦਾਕਾਰਾਂ ਦੇ ਲੀਡ ਰੋਲ ਤੋਂ ਹਟਣ ਦੀ ਗੱਲ ਹੈ ਤਾਂ ਉਨ੍ਹਾਂ ਨੂੰ ਪਰਿਵਾਰ ਦੀਆਂ ਜ਼ਿੰਮੇਦਾਰੀਆਂ ਕਾਰਨ ਬਰੇਕ ਲੈਣੀ ਪੈਂਦੀ ਹੈ।


FACEBOOK/AISHA GHANI

### ਉਮਰ ਘਟਾਉਣ ਦੀ ਜੱਦੋਜਹਿਦ

ਖ਼ੂਬਸੂਰਤੀ ਉਂਜ ਤਾਂ ਉਮਰ ਦੀ ਮੁਹਤਾਜ਼ ਨਹੀਂ ਹੁੰਦੀ, ਪਰ ਜਿੱਥੇ ਗੱਲ ਕਰੀਅਰ ਅਤੇ ਕੰਮ ਦੀ ਆ ਜਾਂਦੀ ਹੈ ਤਾਂ ਉੱਥੇ ਉਮਰ ਬਹੁਤ ਹੱਦ ਤੱਕ ਮਹੱਤਵਪੂਰਨ ਹੋ ਜਾਂਦੀ ਹੈ। ਸਾਲ-ਦਰ-ਸਾਲ ਵਧਦੀ ਉਮਰ ਨੂੰ ਕਿਵੇਂ ਘੱਟ ਕੀਤਾ ਜਾਵੇ, ਜਾਂ ਕਹੀਏ ਕਿ ਉਸ ਨੂੰ ਕਿਵੇਂ ਲੁਕਾਇਆ ਜਾਵੇ।ਹਾਲ ਹੀ ਵਿੱਚ ਅਦਾਕਾਰ ਸ਼ਾਹਿਦ ਕਪੂਰ ਦੀ ਪਤਨੀ ਮੀਰਾ ਰਾਜਪੂਤ ਦੀ ਅਜਿਹੀ ਹੀ ਇੱਕ ਮਸ਼ਹੂਰੀ ਸੁਰਖ਼ੀਆਂ ਵਿੱਚ ਆਈ। ਐਂਟੀ ਏਜਿੰਗ ਕਰੀਮ ਦੀ ਇਸ ਮਸ਼ਹੂਰੀ ਵਿੱਚ ਮੀਰਾ ਦੱਸਦੀ ਹੈ ਕਿ ਮਾਂ ਬਣਨ ਤੋਂ ਬਾਅਦ ਉਨ੍ਹਾਂ ਦੀ ਸਕਿੱਨ ‘ਤੇ ਉਮਰ ਦਾ ਅਸਰ ਵਿਖਣ ਲੱਗਾ ਜਿਨ੍ਹਾਂ ਨੂੰ ਉਨ੍ਹਾਂ ਨੇ ਇਸ ਖ਼ਾਸ ਕਰੀਮ ਦੀ ਮਦਦ ਨਾਲ ਦੂਰ ਕੀਤਾ। ਮੀਰਾ ਦੀ ਇਸ ਮਸ਼ਹੂਰੀ ਨੂੰ ਸੋਸ਼ਲ ਮੀਡੀਆ ‘ਤੇ ਕਾਫ਼ੀ ਨਿਖੇਧੀ ਦਾ ਸਾਹਮਣਾ ਕਰਨਾ ਪਿਆ। ਕਈ ਸੋਸ਼ਲ ਮੀਡੀਆ ਯੂਜ਼ਰਜ਼ ਨੇ ਲਿਖਿਆ ਕਿ ਸਿਰਫ਼ 23 ਸਾਲ ਦੀ ਮੀਰਾ ਐਂਟੀ ਏਜਿੰਗ ਕਰੀਮ ਦੀ ਮਸ਼ਹੂਰੀ ਕਿਉਂ ਕਰ ਰਹੀ ਹੈ। ਦੱਖਣੀ ਭਾਰਤ ਦੀ ਅਦਾਕਾਰਾ ਅਮਲਾ ਨੇ ਪਿਛਲੇ ਸਾਲ ਟੀਵੀ ਦੀ ਦੁਨੀਆਂ ਵਿੱਚ ਔਰਤਾਂ ਦੀ ਉਮਰ ਨੂੰ ਲੈ ਕੇ ਹੋਣ ਵਾਲੀ ਬਹਿਸ ‘ਤੇ ਬੀਬੀਸੀ ਨੂੰ ਕਿਹਾ ਸੀ, ‘‘ਇਹ ਇੱਕ ਤਰ੍ਹਾਂ ਦੀ ਮਾਨਸਿਕਤਾ ਹੈ ਕਿ ਔਰਤਾਂ ਨੂੰ ਬੁੱਢਾ ਨਹੀਂ ਹੋਣਾ ਚਾਹੀਦਾ, ਦੁਨੀਆਂ ਦੇ ਕਿਸੇ ਵੀ ਪ੍ਰਾਣੀ ਨੂੰ ਦੇਖ ਲਵੋ, ਸਾਰੇ ਆਪਣੀ ਜਵਾਨੀ ਦੇ ਦਿਨਾਂ ਵਿੱਚ ਹੀ ਖ਼ੂਬਸੂਰਤ ਲੱਗਦੇ ਹਨ।‘‘



### ਨਵੇਂ ਚਿਹਰਿਆਂ ਨਾਲ ਚੁਣੌਤੀਆਂ

ਗਲੈਮਰ ਦੀ ਦੁਨੀਆਂ ਵਿੱਚ ਇੱਕ ਵੱਡੀ ਚੁਣੌਤੀ ਹਰ ਰੋਜ਼ ਨਵੀਆਂ ਕੁੜੀਆਂ ਅਤੇ ਟੈਲੇਂਟ ਦੀ ਐਂਟਰੀ ਦੀ ਵੀ ਹੈ। ਇਵੈਂਟ ਸ਼ੋਅ ਹੋਸਟ ਕਰ ਚੁੱਕੀ ਕ੍ਰਿਸ਼ਨਾ ਦੱਸਦ ਹੈ, ‘‘ਉਮਰ ਵਧਣ ਦੇ ਨਾਲ-ਨਾਲ ਕਈ ਨਵੀਆਂ ਕੁੜੀਆਂ ਵੀ ਚੁਣੌਤੀ ਪੇਸ਼ ਕਰਦੀਆਂ ਰਹਿੰਦੀਆਂ ਹਨ। ਇਵੈਂਟ ਮੈਨੇਜਰ ਚਾਹੁੰਦੇ ਹਨ ਕਿ ਨਵੇਂ ਚਿਹਰੇ ਸ਼ੋਅ ਵਿੱਚ ਸ਼ਾਮਲ ਹੋਣ। ਹਾਲਾਂਕਿ ਤਜ਼ਰਬਾ ਵੀ ਕਾਫ਼ੀ ਹੱਦ ਤੱਕ ਮਾਅਨੇ ਰੱਖਦਾ ਹੈ। ਪਰ ਇਹ ਗਲੈਮਰ ਦੀ ਦੁਨੀਆਂ ਹੈ ਇੱਥੇ ਜਵਾਨ ਦਿਖਣਾ ਹੀ ਪਹਿਲੀ ਸ਼ਰਤ ਹੈ।‘‘ ਦੇਹਰਾਦੂਨ ਦੀ ਰਹਿਣ ਵਾਲੀ ਆਇਸ਼ਾ ਘਾਨੀ, ਪਿਛਲੇ 5 ਸਾਲ ਤੋਂ ਦੇਸ-ਵਿਦੇਸ਼ ਵਿੱਚ ਮਾਡਲਿੰਗ ਅਤੇ ਇਵੈਂਟ ਸ਼ੋਅ ਹੋਸਟ ਕਰ ਰਹੀ ਹੈ। ਉਹ ਕਹਿੰਦੀ ਹੈ ਕਿ ਫਿਲਹਾਲ ਉਨ੍ਹਾਂ ਦੇ ਹੱਥ ਵਿੱਚ ਬਹੁਤ ਸਾਰੇ ਪ੍ਰਾਜੈਕਟ ਹਨ, ਉਹ ਐਨੀ ਰੁੱਝੀ ਰਹਿੰਦੀ ਹੈ ਕਿ ਕਈ ਵਾਰ ਆਪਣੀ ਕਰੀਬੀ ਦੋਸਤਾਂ ਜਾਂ ਰਿਸ਼ਤੇਦਾਰਾਂ ਵਾਲ ਇੱਕ ਪਲ ਵੀ ਗੱਲ ਕਰਨ ਦਾ ਸਮਾਂ ਨਹੀਂ ਹੁੰਦਾ। ਆਪਣੀ ਚੁਣੌਤੀਆਂ ਬਾਰੇ 25 ਸਾਲਾ ਆਇਸ਼ਾ ਕਹਿੰਦੀ ਹੈ, ‘‘ਹਮੇਸ਼ਾ ਪ੍ਰਿਜ਼ੈਂਟੇਬਲ ਦਿਖਣ ਦਾ ਦਬਾਅ ਬਣਿਆ ਰਹਿੰਦਾ ਹੈ। ਭਾਵੇਂ ਹਾਲਾਤ ਕਿਹੋ ਜਿਹੇ ਵੀ ਹੋਣ, ਚਿਹਰੇ ‘ਤੇ ਖ਼ੁਸ਼ੀ ਬਰਕਰਾਰ ਰੱਖਣੀ ਚਾਹੀਦੀ ਹੈ। ਸਭ ਤੋਂ ਵੱਡਾ ਡਰ ਰਹਿੰਦਾ ਹੈ ਉਮਰ ਦਾ ਵਧਣ। ਮੈਨੂੰ ਪਤਾ ਹੈ ਕਿ ਅਗਲੇ 4-5 ਸਾਲਾਂ ਵਿੱਚ ਮੈਂ ਵੀ ਵਿਆਹ ਕਰਵਾਉਣਾ, ਸ਼ਾਇਦ ਇਹ ਗਲੈਮਰ ਦੀ ਦੁਨੀਆਂ ਉੱਥੇ ਹੀ ਖ਼ਤਮ ਹੋ ਜਾਵੇ।‘‘ ਔਰਤਾਂ ਲਈ ਗਲੈਮਰ ਦੀ ਦੁਨੀਆਂ ਜਿੰਨੀ ਜਲਦੀ ਸ਼ੋਹਤ ਲਿਆਉਂਦੀ ਹੈ, ਓਨੀ ਹੀ ਜਲਦੀ ਉਹ ਉਨ੍ਹਾਂ ਨੂੰ ਇੱਕ ਅਜੀਬ ਜਿਹੇ ਇਕੱਲੇਪਣ ਵਿੱਚ ਵੀ ਧੱਕ ਦਿੰਦੀ ਹੈ।

# ਵੱਡੇ ਤੇਲ ਭੰਡਾਰ ਵਾਲੇ ‘ਅਮੀਰ’ ਵੈਨੇਜ਼ੁਏਲਾ ਦੇ ਲੋਕ ਦੇਸ਼ ਤੋਂ ਕਿਉਂ ਭੱਜ ਰਹੇ ਨੇ


AFP

ਵੈਨੇਜ਼ੁਏਲਾ ਤੋਂ ਆਏ ਪ੍ਰਵਾਸੀਆਂ ਦੇ ਕੈਂਪਾਂ ‘ਤੇ ਹਮਲਿਆਂ ਤੋਂ ਬਾਅਦ ਬ੍ਰਾਜ਼ੀਲ ਨੇ ਆਪਣੇ ਵੈਨੇਜ਼ੁਏਲਾ ਨਾਲ ਲੱਗਦੇ ਸ਼ਹਿਰ ਪੈਕੇਰੇਮਾ ਵੱਲ ਫੌਜੀ ਅਤੇ ਹੋਰ ਪੁਲਿਸ ਭੇਜਣ ਦਾ ਫੈਸਲਾ ਲਿਆ ਹੈ। ਵੈਨੇਜ਼ੁਏਲਾ ਦੇ ਨਾਗਰਿਕ ਦੇਸ ਛੱਡ ਕੇ ਭੱਜ ਰਹੇ ਹਨ ਕਿਉਂਕਿ ਉੱਥੇ ਮਹਿੰਗਾਈ ਦੀ ਦਰ ਦੁਨੀਆਂ ਵਿਚ ਸਭ ਤੋਂ ਵੱਧ ਹੋ ਚੁੱਕੀ ਹੈ ਅਤੇ ਖਾਣੇ ਤੇ ਦਵਾਈਆਂ ਦੀ ਘਾਟ ਅਸਮਾਨ ਛੂਹ ਰਹੀ ਹੈ। ਇਸ ਦੇ ਪਿੱਛੇ ਸਿਆਸੀ ਅਤੇ ਆਰਥਿਕ ਦੋਵੇਂ ਕਾਰਨ ਹਨ। ਕੀ ਹੈ ਸੰਕਟ ਵੈਨੇਜ਼ੁਏਲਾ ਦੁਨੀਆਂ ਦੇ ਸਭ ਤੋਂ ਵੱਡੇ ਤੇਲ ਭੰਡਾਰ ਦਾ ਮਾਲਕ ਹੈ ਪਰ ਇਸ ਦੀ ਸਭ ਤੋਂ ਵੱਡੀ ਸਮੱਸਿਆ ਵੀ ਸ਼ਾਇਦ ਇਹੀ ਹੈ। ਇਸ ਦੇਸ ਦੀ 95 ਫ਼ੀਸਦ ਆਮਦਨ ਤੇਲ ਦੇ ਨਿਰਯਾਤ ਤੋਂ ਹੈ। ਪਰ 2014 ਤੋਂ ਬਾਅਦ ਕੱਚੇ ਤੇਲ ਦੀ ਕੌਮਾਂਤਰੀ ਬਾਜ਼ਾਰ ਵਿਚ ਡਿੱਗਦੀ ਕੀਮਤ ਨੇ ਇਸ ਦੀ ਅਰਥ ਵਿਵਸਥਾ ਨੂੰ ਗਹਿਰੀ ਸੱਟ ਲਈ ਹੈ। ਇਸ ਗਿਰਾਵਟ ਕਰਕੇ ਇੱਥੇ ਦੀ ਸਮਾਜਵਾਦੀ ਸਰਕਾਰ ਨੂੰ ਕਈ ਸਰਕਾਰੀ ਸਕੀਮਾਂ ਦੀ ਫੰਡਿੰਗ ਵੀ ਬਹੁਤ ਘਟਾਉਣੀ ਪਈ। ਇਸ ਨਾਲ ਗਰੀਬ ਜਨਤਾ ਦੇ ਹਾਲਾਤ ਹੋਰ ਬਦਤਰ ਹੋ ਗ ਵੈਨੇਜ਼ੁਏਲਾ ਦੇ ਸਾਬਕਾ ਰਾਸ਼ਟਰਪਤੀ ਹਿਊਗੋ ਚਾਵੇਜ਼ ਦੀਆਂ ਕਈ ਨੀਤੀਆਂ ਵੀ ਇਸਦਾ ਕਾਰਣ ਬਣੀਆਂ ਹਨ। ਉਦਾਹਰਣ ਵਜੋਂ, ਸਰਕਾਰ ਨੇ ਆਮ ਵਰਤੋਂ ਦੀਆਂ ਚੀਜ਼ਾਂ, ਜਿਵੇਂ ਕਿ ਆਟਾ, ਖਾਣਾ ਬਣਾਉਣ ਦਾ ਤੇਲ ਅਤੇ ਸਾਬਣ, ਦੀਆਂ ਕੀਮਤਾਂ ਘੱਟ ਰੱਖਣ ਦਾ ਕਾਨੂੰਨ ਬਣਾਇਆ ਹੋਇਆ ਹੈ। ਇਸ ਕਰਕੇ ਪ੍ਰਾਈਵੇਟ ਕੰਪਨੀਆਂ ਨੇ ਇਨ੍ਹਾਂ ਦੇ ਨਿਰਮਾਣ ਵਿਚੋਂ ਹੱਥ ਖਿੱਚ ਲਿਆ ਹੈ ਤੇ ਸਰਕਾਰ ਕੋਲ ਹੁਣ ਐਨੀਂ ਆਮਦਨ ਨਹੀਂ ਹੈ ਕਿ ਉਹ ਇਨ੍ਹਾਂ ਚੀਜ਼ਾਂ ਨੂੰ ਬਣਾਉਂਦੀ ਰਹੇ। ਤੇਲ ਦੀਆਂ ਘੱਟ ਕੀਮਤਾਂ ਦਾ ਇਹ ਵੀ ਮਤਲਬ ਹੈ ਕਿ ਸਰਕਾਰ ਕੋਲ ਐਨੀਂ ਵਿਦੇਸ਼ੀ ਮੁਦਰਾ ਨਹੀਂ ਹੈ ਕਿ ਉਹ ਬਾਹਰੋਂ ਭੋਜਨ ਪਦਾਰਥ ਮੰਗਾ ਸਕੇ। ਇੰਟਰਨੈਸ਼ਨਲ ਮੋਨੇਟਰੀ ਫੰਡ ਦੇ ਮੁਤਾਬਕ ਵੈਨੇਜ਼ੁਏਲਾ ‘ਚ ਮਹਿੰਗਾਈ ਦੀ ਦਰ ਇਸ ਸਾਲ 10 ਲੱਖ ਫ਼ੀਸਦ ਤਕ ਪਹੁੰਚ ਸਕਦੀ ਹੈ।

### ਕੀ ਹੈ ਸੰਕਟ ਦੀ ਜੜ੍ਹ

ਵੈਨੇਜ਼ੁਏਲਾ ਦੇ ਅੰਦਰ ਸਬਸਿਡੀ ਨਾਲ ਤੇਲ ਦੀ ਕੀਮਤ ਬਹੁਤ ਘੱਟ ਰੱਖੀ ਗਈ ਹੈ ਜਿਸਦੇ ਸਿਆਸੀ ਕਾਰਨ ਹਨ। ਇੱਥੋਂ ਤੇਲ ਦੀ ਵੱਡੀ ਮਾਤਰਾ ‘ਚ ਤਸਕਰੀ ਵੀ ਇਸੇ ਕਰਕੇ ਹੁੰਦੀ ਹੈ। ਰਾਸ਼ਟਰਪਤੀ ਨਿਕੋਲਸ ਮਦੂਰੋ ਨੇ ਪਿਛਲੇ ਹਫਤੇ ਐਲਾਨ ਕੀਤਾ ਕਿ ਤਸਕਰੀ ਰੋਕਣ ਲਈ ਤੇਲ ਹੁਣ ਕੌਮਾਂਤਰੀ ਕੀਮਤ ‘ਤੇ ਮਿਲੇਗਾ ਤੇ ਸਬਸਿਡੀਆਂ ਹਰੇਕ ਨੂੰ ਨਹੀਂ ਮਿਲਣਗੀਆਂ। ਵੈਨੇਜ਼ੁਏਲਾ ਵਿਚ ਪੈਟਰੋਲ ਦੇ ਇੱਕ ਲੀਟਰ ਦੀ ਕੀਮਤ ਸਿਰਫ ਇੱਕ ਬੋਲਿਵਰ ਹੈ। ਕਾਲੇ ਬਾਜ਼ਾਰ ‘ਚ ਚਾਰ ਬੋਲਿਵਰ ਦਾ ਇੱਕ ਅਮਰੀਕੀ ਡਾਲਰ ਮਿਲਦਾ ਹੈ, ਜਿਸਦਾ ਮਤਲਬ ਹੈ ਕਿ ਇੱਕ ਅਮਰੀਕੀ ਡਾਲਰ (ਕਰੀਬ 70 ਭਾਰਤੀ ਰੁਪਏ) ‘ਚ 720 ਗੱਡੀਆਂ ਦੇ ਪੈਟਰੋਲ ਟੈਂਕ ਭਰੇ ਜਾ ਸਕਦੇ ਹਨ। ਪਰ ਰਾਸ਼ਟਰਪਤੀ ਮਦੂਰੋ ਦੇ ਹਾਲੀਆ ਐਲਾਨਾਂ ਤੋਂ ਬਾਅਦ ਹੋਰ ਮੁਸ਼ਕਲਾਂ ਤੋਂ ਡਰਦਿਆਂ ਲੋਕਾਂ ਨੇ ਭਾਰੀ ਗਿਣਤੀ ਵਿਚ ਗੁਆਂਢੀ ਮੁਲਕਾਂ ਦਾ ਰੁਖ ਕਰ ਲਿਆ ਹੈ।

### ਲੋਕ ਹਨ ਖਤਰੇ ‘ਚ

- ☛ਵੈਨੇਜ਼ੁਏਲਾ ਨੇ ਗੁਆਂਢੀ ਦੇਸਾਂ ਨੂੰ ਕਿਹਾ ਹੈ ਕਿ ਉਹ ਇਸਦੇ ਨਾਗਰਿਕਾਂ ਦੀ ਸੁਰੱਖਿਆ ਦੀ ਗਾਰੰਟੀ ਦੇਵੇ।
- ☛ਬ੍ਰਾਜ਼ੀਲ ਵਿਚ ਸਥਾਨਕ ਲੋਕ ਸ਼ਰਨਾਰਥੀਆਂ ਦੀ ਵੱਧਦੀ ਗਿਣਤੀ ਤੋਂ ਨਾਰਾਜ਼ ਤੇ ਡਰੇ ਰਹੇ ਹਨ।
- ☛ਵੈਨੇਜ਼ੁਏਲਾ ਦੇ ਹਤਾਸ਼ ਨਾਗਰਿਕ ਇਕਵਾਡੋਰ ਦੇ ਸਖ਼ਤ ਕਾਨੂੰਨਾਂ ਦੇ ਬਾਵਜੂਦ ਉਸ ਦਾ ਬਾਰਡਰ ਪਾਰ ਕਰ ਰਹੇ ਹਨ।
- ☛ਜ਼ਿਆਦਾਤਰ ਪ੍ਰਵਾਸੀਆਂ ਦਾ ਰੁਖ ਪੇਰੂ ਅਤੇ ਚਿਲੀ ਵਿਚ ਆਪਣੇ ਪਰਿਵਾਰਾਂ ਵੱਲ ਹੈ।



# ਸ਼ੋਹਰਤ ਹਾਸਲ ਕਰਨ ਵਾਲਾ ਗੀਤਕਾਰ-ਬਿੱਲਾ ਲਸੋਈ ਵਾਲਾ



ਕਲਾ ਕੁਦਰਤ ਦੀ ਬਖਸ਼ੀ ਹੋਈ ਉਹ ਅਨਮੋਲ ਦਾਤ ਹੈ ਜਿਸ ਦਾ ਨਾ ਕੋਈ ਮਜ੍ਹਬ ਹੈ ਨਾ ਕੋਈ ਜਾਤ ਹੈ ਅਤੇ ਨਾ ਹੀ ਅਮੀਰੀ ਗਰੀਬੀ ਨਾਲ ਕੋਈ ਸਬੰਧ ਹੈ। ਬਲਕਿ ਜਿਸ ਤੇ ਇਹ ਮਿਹਰਵਾਨ ਹੁੰਦੀ ਹੈ ਉਸਦੀ ਇੱਕ ਵੱਖਰੀ ਪਹਿਚਾਣ ਬਣਾ ਕੇ ਸਮਾਜ ਵਿੱਚ ਉੱਚਾ ਰੁੱਤਬਾ ਬਣਾਉਂਦੀ ਹੈ।ਜਿਸ ਨੂੰ ਲੋਕ ਪਿਆਰ ਤੇ ਸਤਿਕਾਰ ਨਾਲ ਨਿਵਾਜਦੇ ਹਨ। ਇੱਕ ਅਜਿਹੀ ਹੀ ਅਦਬ ਤੇ ਸਤਿਕਾਰ ਨਾਲ ਨਿਵਾਜੀ ਗਈ ਕਲਮ ਦਾ ਨਾਂ ਹੈ ਦਰਸ਼ਨ ਸਿੰਘ ਬਿੱਲਾ ਲਸੋਈ ਵਾਲਾ। ਬਿੱਲੇ ਦਾ ਜਨਮ ਅਮਰਗੜ੍ਹ ਕਸਬੇ ਦੇ ਪਿੰਡ ਲਸੋਈ ਵਿੱਚ ਰਹਿਣ ਵਾਲੇ ਪਿਤਾ ਸ੍ਰੀ ਜੰਗ ਸਿੰਘ ਮਾਤਾ ਸ੍ਰੀਮਤੀ ਨੱਛਤਰ ਕੌਰ ਦੇ ਘਰ ਇੱਕ ਸਾਧਾਰਨ ਪਰਿਵਾਰ ਵਿੱਚ ਹੋਇਆ। ਘਰ ਵਿਚ ਅੰਤਾਂ ਦੀ ਗਰੀਬੀ ਦੇ ਕਾਰਨ ਬਿੱਲਾ ਪ੍ਰਾਇਮਰੀ ਸਕੂਲ ਤੱਕ ਹੀ ਵਿੱਦਿਆ ਗ੍ਰਹਿਣ ਕਰ ਸਕਿਆ।ਪਰ ਗਿਆਨੀ ਮੇਵਾ ਸਿੰਘ ਬਧੇਪਾ,ਗਿਆਨੀ ਨਿਰਮਲ ਸਿੰਘ ਸਿਰਥਲੇ ਅਤੇ ਮੈਡਮ ਬਲਜੀਤ ਕੌਰ ਹੁਰਾਂ ਜੀ ਦੀ ਸੰਗਤ ਨਾਲ ਬਿੱਲਾ ਗਿਆਨ ਦੀਆਂ ਪੌੜੀਆਂ ਚੜ੍ਹਨ ਲੱਗਾ।ਕੁਦਰਤ ਨੇ ਬਿੱਲੇ ਨੂੰ ਜਿੱਥੇ ਸ਼ਬਦਾਂ ਦੇ ਭੰਡਾਰ ਨਾਲ ਮਾਲੋਮਾਲ ਕੀਤਾ ਹੈ ਉੱਥੇ ਹੀ ਉਸਨੂੰ ਸਰੀਰਕ ਪੱਖੋਂ ਗਰੀਬੀ(ਅਪਾਹਜ/ਹੈਂਡੀਕੈਪਟ) ਦੇ ਕੇ ਨਾ ਇਨਸਾਫ਼ੀ ਕੀਤੀ ਹੈ।ਪਰ ਬਿੱਲੇ ਨੇ ਆਪਣੀ ਕਲਾ ਦੇ ਸਦਕੇ ਆਪਣੇ ਆਤਮ ਵਿਸ਼ਵਾਸ ਬਰਕਰਾਰ ਰੱਖਦਿਆਂ ਹੋਇਆ ਆਪਣੀ ਵਿੱਲ ਪਾਵਰ ਨੂੰ ਨਿਢਾਲ ਨਹੀਂ ਹੋਣ ਦਿੱਤਾ। ਜਿਸ ਦੇ ਚੱਲਦਿਆਂ ਉਸਨੇ ਸਾਲ1994ਦੇ ਵਿਚ ਸਾਧੂ ਸਿੰਘ ਠੁੱਲੀਵਾਲ ਦੇ ਢਾਡੀ ਜੱਥੇ ਦੀ ਆਵਾਜ਼ ਵਿਚ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਿਤ ਧਾਰਮਿਕ ਪ੍ਰਸੰਗ ਕਹਿਰ ਦੀ ਕਹਾਣੀ ਰਿਕਾਰਡ ਕਰਵਾਇਆ।ਉਸ ਤੋਂ ਬਾਅਦ ਉਸਨੇ ਅਜੋਕੀ ਪੰਜਾਬੀ ਫਿਲਮਾਂ ਵਿੱਚ ਕਮੇਡੀਅਨ ਕਲਾਕਾਰ ਵਜੋਂ ਆਪਣੀ ਵਿਸ਼ੇਸ਼ ਪਹਿਚਾਣ ਕਰਮਜੀਤ ਅਨਮੋਲ ਦੀ ਆਈ ਕੈਸਟ ਨਾ ਹੰਝੂ ਮੇਰੇ ਮੁੱਕਦੇ ਨੀਂ ਵਿਚ ਦਿਲ ਕੱਢ ਲਉ ਮੇਰਾ ਗੀਤ ਰਿਕਾਰਡ ਕਰਵਾਇਆ।ਸਮੇਂ ਦੇ ਠਹਿਰਾਉ ਦੇ ਨਾਲ ਉਸਨੇ ਫਿਰ ਸਾਲ 195-96 ਦੇ ਦਹਾਕੇ ਵਿਚ ਗਾਇਕੀ ਦੀਆਂ ਬੁਲੰਦੀਆਂ ਨੂੰ ਛੋਹਣ ਵਾਲੀ ਸੁਪਰਹਿੱਟ ਗਾਇਕਾਂ ਅਮ੍ਰਿਤਾ ਵਿਰਕ ਦੀ ਆਵਾਜ਼ ਵਿੱਚ ਐਸਾ ਸਿੰਘ ਸੂਰਮਾ ਇੱਕ ਧਾਰਮਿਕ ਗੀਤ ਗਿੱਧੇ ਵਿਚ ਮੈਂ ਨੱਚਦੀ ਮੇਰੀ ਵਿਛੜੀ ਤੋਂ ਵਰਗੇ ਅਨੇਕਾਂ ਹੋਰ ਗੀਤ ਰਿਕਾਰਡ ਕਰਵਾ ਕੇ ਆਪਣੀ ਪਹਿਚਾਣ ਬਣਾਉਣ ਲੱਗਾ। ਉਸ ਤੋਂ ਬਾਅਦ ਉਸਨੇ ਸੁਖਪ੍ਰੀਤ ਸੁੱਖਾ, ਸੁਚੇਤ ਬਾਲਾ, ਕੁਲਦੀਪ ਰਸੀਲਾ, ਵੀਰ ਦਵਿੰਦਰ, ਮਨਿੰਦਰ ਦਿਉਲ, ਗੋਰਾ ਚੱਕ ਵਾਲਾ, ਧਰਮਪ੍ਰੀਤ, ਵੀਰ ਸੁਖਵੰਤ, ਹਰਦੀਪ ਚੀਮਾ ਅਤੇ ਇੰਦਰਜੀਤ ਨਿੱਕੂ ਵਰਗੇ ਕਲਾਕਾਰਾਂ ਦੀ ਆਵਾਜ਼ ਚ ਆਪਣੇ ਗੀਤ ਰਿਕਾਰਡ ਕਰਵਾਏ। ਸਾਲ 1998-99ਦੇ ਦਹਾਕੇ ਵਿਚ ਦਰਦ ਭਰੀ ਆਵਾਜ਼ ਦੇ ਮਾਲਕ ਸੁਪਰਪ੍ਰਸਿੱਧ ਗਾਇਕ ਹਰਦੇਵ ਮਾਹੀ ਨੰਗਲ ਦੀ ਆਵਾਜ਼ ਚ ਆਈ ਕੈਸਟ ਮਾਹੀ ਚਾਹੁੰਦਾ ਕਿਸੇ ਹੋਰ ਨੂੰ ਦੇ ਵਿਚਲੇ ਗੀਤ ਬੁੱਕਲ ਦੇ ਸੱਪ ਵਰਗਾ ਤੇਰਾ ਪਿਆਰ ਮਾਸ਼ੂਕੇ ਨੀ ਵਰਗੇ ਸੁਪਰਹਿੱਟ ਗੀਤ ਨੇ ਬਿੱਲੇ ਦੀ ਅਜਿਹੀ ਪਹਿਚਾਣ ਬਣਾਈ ਕਿ ਬਿੱਲੇ ਦੇ ਨਾਂ ਦੇ ਨਾਲ ਨਾਲ ਪਿੰਡ ਲਸੋਈ ਦਾ ਵੀ ਸੰਗੀਤ ਖੇਤਰ ਵਿਚ ਦਰਜ ਹੋ ਗਿਆ। ਬਿੱਲੇ ਦੇ ਨਾਂ ਨਾਲ ਪਿੰਡ ਲਸੋਈ ਜਾਣਿਆ ਜਾਣ ਲੱਗਾ ਬਿੱਲਾ ਲਸੋਈ ਵਾਲਾ। ਫਿਰ ਸਾਲ 2000ਦੇ ਦਹਾਕੇ ਵਿਚ ਭੰਗੜਾ ਬੀਟ ਕਿੰਗ ਸਵ:ਸੁਰਜੀਤ ਬਿੰਦਰਖੀਆ ਦੀ ਆਈ ਕੈਸਟ ਮੁੱਖੜਾ ਦੇਖ ਕੇ ਮਰ ਗਿਆ ਨੀ ਦੇ ਵਿਚਲੇ ਗੀਤ ਜਿੱਥੇ ਮਰਜ਼ੀ ਜਾ ਮੁਟਿਆਰੇ ਨੀ, ਸਾਡੇ ਵੱਲੋਂ ਛੁੱਟੀਆਂ ਨੇ ਵਰਗੇ ਸੁਪਰ ਡੁਪਰ ਹਿੱਟ ਗੀਤ ਨੇ ਬਿੱਲੇ ਨਾਂ ਦੀ ਅਜਿਹੀ ਧੂਮ ਮਚਾਈ ਕਿ ਬਿੱਲਾ ਭਾਵੇਂ ਸਰੀਰਕ ਤੌਰ ਤੇ ਆਪ ਵਿਦੇਸ਼ੀ ਸੈਰ ਨਾ ਕਰ ਸਕਿਆ ਹੋਵੇ ਪਰ ਉਸਦਾ ਨਾਂ ਨਿੱਤ ਮੁਸਾਫਰ ਬਣ ਕੇ ਵੱਖ ਵੱਖ ਸ਼ਹਿਰਾਂ ਦਾ ਦੌਰਾ ਕਰਨ ਲੱਗਾ।ਇੰਦਰਜੀਤ ਨਿੱਕੂ,ਸੁਖਵਿੰਦਰ ਸੁੱਖੀ,ਹਰਜੀਤ ਹਰਮਨ ਅਤੇ ਉੱਘੇ ਕਾਰੋਬਾਰੀ ਸਰਦਾਰ ਭੁਪਿੰਦਰ ਸਿੰਘ ਉਰਫ ਬਿੱਟੂ ਮੱਕੜ ਜਲੰਧਰ ਵਾਲਿਆਂ ਦਾ ਹਮੇਸ਼ਾ ਰਿਣੀ ਰਹੇਗਾ ਜਿਨ੍ਹਾਂ ਨੇ ਉਸਦੀ ਕਲਾ ਨੂੰ ਪਹਿਚਾਣਿਆ।

ਸਰੂਪ ਸਿੰਘ, ਚੌਧਰੀ ਮਾਜਰਾ (ਨਾਭਾ)
99886-27880

ਪਰ ਅਫਸੋਸ ਕੁੱਖਾਂ ਤੋਂ ਲੱਖਾਂ ਦੇ ਗਵੱਈਏ ਬਣਾਉਣ ਵਾਲਾ ਬਿੱਲਾ ਅੱਜ ਗਰੀਬੀ ਦੇ ਥਪੇੜਿਆਂ ਦੇ ਕਾਰਨ ਵਕਤ ਦੀ ਧੂੜ ਵਿਚ ਆਪਣੇ ਪਿੰਡ ਦੀਆਂ ਰੌਸ਼ਨ ਗਲੀਆਂ ਵਿੱਚ ਹੀ ਗੁਮਨਾਮ ਹੋ ਕੇ ਰਹਿ ਗਿਆ। ਸ਼ੋਹਰਤ ਹਾਸਲ ਕਰਨ ਵਾਲਾ ਬਿੱਲਾ ਆਪਣੀ ਲਾਚਾਰੀ ਤੇ ਬੇਵਸੀ ਚ ਘਿਰਿਆ ਆਪਣੇ ਹੀ ਲਿਖੇ ਸ਼ਬਦਾਂ ਦੇ ਨਾਲ ਆਪਣੀ ਕਿਸਮਤ ਨੂੰ ਕੋਸਦਾ ਹੋਇਆ ਕਹਿੰਦਾ ਹੈ ਕਿ:-

**ਇੱਕ ਬਿੱਲੇ ਦਾ ਰੱਬ ਵੈਰੀ, ਹੁਣ ਦੂਜੀ ਤੂੰ ਕੁੜੇ**
**ਪਿੰਡ ਲਸੋਈ ਰਹਾਂ ਮੈਂ ਲੈ ਕੇ ਕਿਹੜਾ ਮੂੰਹ ਕੁੜੇ**

ਉਪਰੋਕਤ ਲਾਈਨਾਂ ਦੀ ਬਿਆਨਤਾ ਅਨੁਸਾਰ ਕਿ ਗਾਇਕ ਇਨ੍ਹੇ ਨਿਰਮੋਹੀ ਹੋ ਗਏ ਹਨ ਕਿ ਉਹ ਇੱਕ ਗੀਤਕਾਰ ਦੀ ਕਲਾ ਦਾ ਮੁੱਲ ਨਹੀਂ ਚੁੱਕਾਂ ਸਕਦੇ।ਪਤਾ ਨਹੀਂ ਬਿੱਲੇ ਵਰਗੇ ਹੋਰ ਕਿੰਨੇ ਕੁ ਗੀਤਕਾਰ ਗੁਮਨਾਮ ਦੀ ਜ਼ਿੰਦਗੀ ਜਿਊਂ ਰਹੇ ਹੋਣਗੇ। ਮੇਰੀ ਕਲਾਕਾਰਾਂ ਭਰਾਵਾਂ ਅੱਗੇ ਇਹੋ ਹੀ ਗੁਜਾਰਿਸ਼ ਹੈ ਕਿ ਉਹ ਗੀਤਕਾਰ ਦੀ ਮਿਹਨਤ ਦਾ ਮੁੱਲ ਜ਼ਰੂਰ ਚੁਕਾਉਣ ਤਾਂ ਜੋ ਬਿੱਲੇ ਵਰਗੇ ਗੀਤਕਾਰ ਗੁਮਨਾਮ ਦੀ ਜ਼ਿੰਦਗੀ ਬਸਰ ਕਰਨ ਦੀ ਬਜਾਇ ਉਹ ਨਿੱਧੜਕ ਹੋ ਕੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਸੇਵਾ ਖੁੱਲ੍ਹ ਕੇ ਕਰ ਸਕਣ। ਧੰਨਵਾਦ॥



# ਕਹਾਣੀ : ਮੁੱਛ ਮਰੋੜ

ਅੱਜ ਸੰਧੂਆਂ ਦੀ ਛੋਟੀ ਕੁੜੀ ਜੱਸੀ ਦਾ ਵਿਆਹ ਸੀ। ਸਾਰਾ ਸੁਖਾਨੰਦ ਪਿੰਡ ਬਾਜਾ ਖਾਨਾ ਰੋਡ ਤੇ ਪੈਂਦੇ ਖੁਸ਼ਬੂ ਪੈਲਸ ਵਿਚ ਪਹੁੰਚਿਆ ਹੋਇਆ ਸੀ। ਜੱਸੀ ਤਿੰਨ ਸਾਲ ਕੈਨੇਡਾ ਲਾ ਕੇ ਆਈ ਸੀ। ਅਜੇ ਆਈ ਨੂੰ ਮਹੀਨਾ ਹੀ ਹੋਇਆ ਸੀ ਕਿ ਰਿਸ਼ਤਿਆਂ ਦਾ ਤਾਂਤਾ ਹੀ ਲੱਗ ਗਿਆ ਸੀ। ਕੈਨੇਡਾ ਵਿੱਚ ਪੀਆਰ ਹੋਣ ਕਰਕੇ ਚੰਗੇ ਚੰਗੇ ਘਰਾਂ ਦੇ ਰਿਸ਼ਤੇ ਆ ਰਹੇ ਸਨ, ਭਾਂਵੇ ਕਿ ਮੁੰਡਿਆਂ ਦੀ ਵਿਦਿਅਕ ਯੋਗਤਾ ਕੋਈ ਬਹੁਤੀ ਨਾ ਹੁੰਦੀ ਪਰ ਕੈਨੇਡਾ ਜਾਣ ਦੇ ਚਾਅ ਵਿਚ ਪੱਚੀ ਤੀਹ ਲੱਖ ਰੁਪਇਆ ਦੇਣ ਨੂੰ ਤਿਆਰ ਹੋ ਜਾਂਦੇ। ? ਜੱਸੀ ਦੇ ਪਿਉ ਦੀ ਮੰਗ ਪੈਂਤੀ ਲੱਖ ਦੀ ਸੀ ਅਤੇ ਵਿਆਹ ਦਾ ਖਰਚਾ ਸਾਰਾ ਮੁੰਡੇ ਵਾਲਿਆਂ ਵੱਲੋਂ ਹੋਣਾ ਸੀ। ਦਸ ਕਿੱਲੇ ਗਹਿਣੇ ਕੀਤੀ ਹੋਈ ਜ਼ਮੀਨ ਵੀ ਤਾਂ ਛੁਡਾਉਣੀ ਸੀ, ਜੋ ਉਸ ਨੇ ਜੱਸੀ ਨੂੰ ਵਿਦੇਸ਼ ਭੇਜਣ ਲਈ ਦਸ ਕਿੱਲੇ ਗਹਿਣੇ ਧਰੇ ਸਨ। ਗੰਗਾ ਪਿੰਡ ਵਿਚ ਜੱਸੀ ਦਾ ਰਿਸ਼ਤਾ ਤੈਅ ਹੋ ਗਿਆ ਸੀ। ਮੁੰਡਾ ਆਪਣੇ ਮਾਂ-ਪਿਓ ਦੇ ਇਕੱਲਾ ਹੀ ਸੀ। ਇਸ ਕਰਕੇ ਮੁੰਡੇ ਵਾਲਿਆਂ ਨੇ ਪੈਂਤੀ ਲੱਖ ਰੁਪਿਆ ਅਤੇ ਵਿਆਹ ਦਾ ਸਾਰਾ ਭਾਰ ਓਟ ਲਿਆ ਸੀ। ਮੰਡੇ ਦੇ ਪੈਂਤੀ ਲੱਖ ਨੇ ਉਸ ਦੇ ਇੱਕ ਅੱਖੋਂ ਕੱਢਦੇ ਟੀਰ ਨੂੰ ਵੀ ਕੱਜ ਲਿਆ ਸੀ , ਭਾਵੇਂ ਕਿ ਜੱਸੀ ਬੇਹੱਦ ਖੂਬਸੂਰਤ ਸੀ। ਤਾਂ ਹੀ ਮੇਰੀ ਤਾਈ ਕਹਿੰਦੀ ਹੁੰਦੀ ਸੀ,

÷ਭਾਈ ਪੈਸਾ ਸਾਰੇ ਐਬ ਢਕ ਲੈਂਦਾ ਹੈ÷।

ਪੈਲਸ ਵਿਚ ਸਜੀਆਂ ਧਜੀਆਂ ਮੇਲਣਾਂ ਅਤੇ ਮੁਟਿਆਰਾਂ ਹੁਸਨਾਂ ਦੀਆਂ ਪਰੀਆਂ ਲੱਗ ਰਹੀਆਂ ਸਨ। ਇਕ ਦੂਜੀ ਨਾਲ ਅਠਖੇਲੀਆਂ ਕਰਦੀਆਂ ਅੱਲ੍ਹੜ ਮੁਟਿਆਰਾਂ ਬਰਾਤੀਆਂ ਨਾਲ ਅੱਖ-ਮਟੱਕਾ ਕਰਦੀਆਂ ਉਨ੍ਹਾਂ ਨੂੰ ਨਹੋਰੇ ਮਾਰ ਰਹੀਆਂ ਸਨ। ਹੁਸਨਾਂ ਦੀਆਂ ਬਹਾਰਾਂ ਚੁੰਨੀਆਂ ਨੂੰ ਕਦੇ ਹਵਾ ਵਿੱਚ ਲਹਿਰਾਉਂਦੀਆਂ ਤੇ ਕਦੇ ਮੋਢਿਆਂ ਤੇ ਸੁੱਟ ਕੇ ਤਾਜ ਮਹਿਲ ਉਸਾਰ ਰਹੀਆਂ ਸਨ। ਬਰਾਤੀ ਵੀ ਦੋ ਤਿੰਨ ਹਾੜੇ ਲਾਉਣ ਪਿੱਛੋਂ ਗੁਲਾਬੀ ਜਿਹੇ ਹੋਏ, ਧਰਤੀ ਤੇ ਉੱਤਰੇ ਹੋਏ ਸਿਤਾਰਿਆਂ ਨੂੰ ਖੂਬਸੂਰਤੀ ਜਿਹੀਆਂ ਬਲੌਰੀ ਅੱਖਾਂ ਨਾਲ਼ ਤੱਕ ਰਹੇ ਸਨ। ਪਿੰਡ ਤੋਂ ਦਸ ਪੰਦਰਾਂ ਮੋਹਤਬਰ ਬੰਦਿਆਂ ਦੀ ਟੋਲੀ ਗੋਲ ਮੇਜ ਦੇ ਦੁਆਲ਼ੇ ਆਪਣਾ ਮਜ਼ਮਾਂ ਲਾਈ ਬੈਠੀ ਸੀ। ਤਾਇਆ ਦਲੀਪ ਸਿਹੁੰ ਇਕ ਪਾਸੇ ਕੁਰਸੀ ਤੇ ਬੈਠਾ ਹੋਇਆ ਹਰ ਆਉਂਦੇ-ਜਾਂਦੇ ਨੂੰ ਨਿਹਾਰ ਰਿਹਾ ਸੀ। ਪਤਾ ਨਹੀਂ ਪੱਥਰਾਈਆਂ ਨਜ਼ਰਾਂ ਕਿਸ ਨੂੰ ਲੱਭ ਰਹੀਆਂ ਸਨ। ਹੁਣ ਤਾਂ ਜ਼ਿੰਦਗੀ ਦੀ ਸ਼ਾਮ ਢਲ ਚੱਲੀ ਸੀ। ਤਾਇਆ ਹੁਣ ਸੱਤਰਵਿਆਂ ਪਾਰ ਕਰ ਗਿਆ ਸੀ। ਤਾਇਆ ਸਰੀਰ ਦਾ ਬਹੁਤ ਤਕੜਾ ਸੀ। ਜਵਾਨੀ ਵੇਲੇ ਇਕ ਘੁਮਾਅ ਕਣਕ ਦਾ ਆਥਣ ਤੱਕ ਇਕੱਲਾ ਹੀ ਵੱਢ ਸੁੱਟਦਾ ਸੀ। ਦਸ ਦਸ ਪਸ਼ੂਆਂ ਦੀਆਂ ਧਾਰਾਂ ਕੱਢਣੀਆਂ ਅਤੇ ਖੇਤੀਬਾੜੀ ਦਾ ਸਾਰਾ ਕੰਮ ਇਕੱਲਾ ਹੀ ਸਾਂਭ ਲੈਂਦਾ ਸੀ। ਸਵੇਰੇ ਪਾਠੀ ਬੋਲਦੇ ਨਾਲ਼ ਉੱਠਣਾ, ਪਸ਼ੂਆਂ ਨੂੰ ਪੱਠੇ ਪਾਉਣੇ , ਧਾਰਾਂ ਕੱਢਣੀਆਂ ਫੇਰ ਗੱਡਾ ਤੇ ਬਲ਼ਦ ਜੋੜ ਖੇਤ ਪੱਠੇ ਲੈਣ ਚਲੇ ਜਾਣਾ। ਉਸ ਦਾ ਜੀਵਨ ਖੇਤ ਤੋਂ ਘਰ ਅਤੇ ਘਰ ਤੋਂ ਖੇਤ ਤੱਕ ਹੀ ਸੀਮਤ ਸੀ। ਘਰ ਦੀ ਕਬੀਲਦਾਰੀ ਅਜੇ ਬਾਪ ਤੋਰੀ ਜਾਂਦਾ ਸੀ। ਉਸ ਤੋਂ ਪੰਜ ਸਾਲ ਵੱਡੀ ਇੱਕ ਭੈਣ ਸੀ ਜੋ ਬਾਪ ਨੇ ਦੋ ਸਾਲ ਪਹਿਲਾਂ ਕਿੱਲਾ ਬੈਅ ਕਰਕੇ ਵਿਆਹ ਦਿੱਤੀ ਸੀ। ਤਾਏ ਦਲੀਪ ਨੂੰ ਜਦੋਂ ਪਤਾ ਲੱਗਿਆ ਸੀ ਤਾਂ ਸੀਨਾ ਚੀਰਿਆ ਗਿਆ ਸੀ। ਜ਼ਮੀਨ ਤਾਂ ਉਨ੍ਹਾਂ ਕੋਲ ਪਹਿਲਾਂ ਵੀ ਤਿੰਨ ਹੀ ਕਿੱਲੇ ਸੀ। ਹੁਣ ਤਾਂ ਦੋ ਹੀ ਰਹਿ ਗਏ ਸਨ ।ਬਾਹੀ ਵਾਲੇ ਸੰਦ ਵੀ ਨਹੀਂ ਸਨ। ਬਾਪ ਜੱਗਰ ਨੇ ਸੁਸਾਇਟੀ ਤੋਂ ਕਰਜ਼ਾ ਲੈ ਕੇ ਕੁਝ ਖੇਤੀ ਵਾਲੇ ਸੰਦ ਬਣਾ ਲਏ ਸਨ। ਆਏ ਸਾਲ ਰੇਹਾਂ ਸਪਰੇਹਾਂ ਦਾ ਖਰਚਾ ਵੀ ਬਹੁਤ ਪੈ ਜਾਂਦਾ ਸੀ। ਦੋ ਕਿਲਿਆਂ ਵਿੱਚੋਂ ਫਸਲ ਵੀ ਬਹੁਤੀ ਨਹੀਂ ਸੀ ਨਿਕਲਦੀ। ਘਰ ਦੇ ਪੰਜ ਪਾਂਜੇ ਹੀ ਮਸਾਂ ਪੂਰੇ ਹੁੰਦੇ ਸਨ। ਕਰਜ਼ੇ ਦੀਆਂ ਕਿਸ਼ਤਾਂ ਸਿਰ ਟੁੱਟਦੀਆਂ ਜਾ ਰਹੀਆਂ ਸਨ। ਤਾਇਆ ਦਲੀਪ ਕਰਜ਼ਾ ਲਾਹੁਣ ਲਈ ਸਾਰਾ ਦਿਨ ਮਿੱਟੀ ਨਾਲ ਮਿੱਟੀ ਹੋਇਆ ਰਹਿੰਦਾ।

ਅੰਮ੍ਰਿਤਪਾਲ ਕਲੇਰ ਚੀਦਾ(ਮੋਗਾ)
ਮੋਬ.9915780980

ਤਾਏ ਦਲੀਪ ਕੇ ਪੱਤੀ ਚੋਂ ਸਕਿਆਂ ਦੇ ਤਾਏ ਦੇ ਹਾਣੀ ਗੇਜੂ ਦਾ ਵਿਆਹ ਸੀ। ਨਾਨਕਾ ਮੇਲ਼ ਲਹਿਰਾ ਮੁਹੱਬਤ ਤੋਂ ਆਇਆ ਸੀ। ਮੇਲਣਾਂ ਵਿੱਚ ਮੇਲੋ ਭਰ ਨੌਜਵਾਨ ਮੁਟਿਆਰ ਸੀ। ਤਾਇਆ ਦਲੀਪ ਮੇਲੋ ਨੂੰ ਦੇਖ ਕੇ ਗੁੰਮ ਸੁੰਮ ਜਿਹਾ ਹੋ ਗਿਆ ਸੀ। ਪੁਰਾਣੇ ਵਿਆਹਾਂ ਵਿਚ ਨਾਨਕਾ ਮੇਲ਼ ਚਾਰ-ਪੰਜ ਦਿਨ ਰਹਿੰਦਾ ਸੀ, ਅਤੇ ਤਾਇਆ ? ਉਨੇ ਦਿਨ ਹੀ ਵਿਆਹ ਵਿਚ ਪਰੀਹਾ ਬਣ ਪੈਲਾਂ ਪਾਉਂਦਾ ਰਿਹਾ।ਉਹ ਸੁਨੱਖੀ ਮੁਟਿਆਰ ਮੇਲੋ ਤਾਏ ਨੂੰ ਟਿੱਚਰਾਂ ਕਰਦੀ ? ਦਰਿਆ ਦਾ ਪੁਲ ਬਣਾਉਂਦੀ ਰਹੀ। ਵਿਆਹ ਦੀ ਹਰ ਰਸਮ ਉਤੇ ਤਾਏ ਦਲੀਪ ਨੂੰ ਗੀਤ ਗਾਉਂਦੀ ਅਤੇ ਦੋਹੇ ਲਾਉਂਦੀ ਰਹੀ। ਤਾਇਆ ਵੀ ਕਿਸੇ ਹੋਰ ਹੀ ਦੁਨੀਆ ਦਾ ਵਾਸੀ ਹੋ ਗਿਆ ਸੀ। ਇਸ ਤਰਾਂ ਦੀ ਰੰਗੀਨ ਦੁਨੀਆਂ ਉਸ ਨੇ ਪਹਿਲੀ ਵਾਰ ਵੇਖੀ ਸੀ। ਸੁੱਖੀ ਸਾਂਦੀ ਵਿਆਹ ਨੇਪਰੇ ਚੜ੍ਹ ਗਿਆ। ਸਾਰਾ ਆਇਆ ਗਿਆ ਮੇਲ਼ ਤੁਰ ਗਿਆ। ਨਾਨਕਾ ਮੇਲ ਵੀ ਚਲਿਆ ਗਿਆ, ਪਰ ਤਾਏ ਦਾ ਮਨ ਵੀ ਮੇਲੋ ਨਾਲ ਹੀ ਹੋ ਤੁਰਿਆ। ਹੁਣ ਉਸਦਾ ਖੇਤ ਦਿਲ ਨਾ ਲੱਗਦਾ। ਉਹ ਗੁਆਚਿਆ ਜਿਹਾ ਰਹਿੰਦਾ। ਬੇਬੇ ਨੇ ਦਲੀਪ ਨੂੰ ਰਿਸ਼ਤਾ ਕਰਵਾਉਣ ਲਈ ਆਪਣੇ ਸਕਿ ?ਆਂ ਦੇ ਘਰ ਗੇੜੇ ਲਾਉਣੇ ਸ਼ੁਰੂ ਕਰ ਦਿੱਤੇ। ਬੇਬੇ ਦੀ ਦਰਾਣੀ ਨੇ ਆਪਣੀ ਭਤੀਜੀ ਦਾ ਰਿਸ਼ਤਾ ਦਲੀਪ ਨੂੰ ਲਹਿਰਾ ਮੁਹੱਬਤ ਤੋਂ ਕਰਵਾਉਣ ਲਈ ਕੱਚੀ-ਪੱਕੀ ਹਾਮੀ ਭਰੀ। ਤਾਏ ਦਲੀਪ ਨੂੰ ਕੁੜੀ ਦਾ ਪਿਉ ਅਤੇ ਭਰਾ ਦੇਖਣ ਆਏ। ਤਾਇਆ ਖੇਤ ਪੱਠੇ ਵੱਢਣ ਗਿਆ ਹੋਇਆ ਸੀ। ਬੇਬੇ ਨੇ ਮਗਰੇ ਮੁੰਡਾ ਭੇਜਕੇ ਦਲੀਪ ਨੂੰ ਬੁਲਾ ਲਿਆ ਸੀ। ਸਿਰ ਤੋਂ ਮੈਲਾ ? ਜਿਹਾ ਪਰਨਾ ਲਾਹ ਕੇ ਤਾਏ ਨੇ ਮੂੰਹ ਪੂੰਝਿਆ ਅਤੇ ਪੈਰ ਝਾੜੇ। ਆਏ ਹੋਇਆਂ ਨੂੰ ਇਕ ਹੱਥ ਨਾਲ਼ ਫਤਿਹ ਬੁਲਾ ਉਹ ਤੇਜ਼ੀ ਨਾਲ਼ ਖੇਲ਼ ਉੱਤੇ ਮੂੰਹ ਧੋਣ ਲੱਗ ਪਿਆ। ਦੇਖਣ ਆਇਆ ਕੁੜੀ ਦਾ ਪਿਓ ਨਾਂਹ ਵਿੱਚ ਸਿਰ ਮਾਰ ਗਿਆ। ਵਿਚੋਲੇ ਦੇ ਘਰ ਆ ਕੇ ਕੁੜੀ ਦੇ ਪਿਉ ਨੇ ਕਿਹਾ ਸੀ,

÷ ਦੇਖ ਸਰਦਾਰਾ,ਮੇਰੀ ਕੁੜੀ ਆ ਲੱਖਾਂ ਸੁੱਖ਼ਣਾਂ ਦੀ ਇੱਕ, ਮੈਂ ਮੁੰਡਾ ਮੁੱਛ ਮਰੋੜ ਲੱਭਣਾ। ਇਹ ਮੁੰਡਾ ਤਾਂ ਮੈਨੂੰ ਨਹੀ ਪਸੰਦ, ਜੇ ਕੋਈ ਹੋਰ ਹੈ ਤਾਂ ਦੱਸ÷

ਤਾਂ ਕੁੜੀ ਦੇ ਪਿਉ ਨੇ ਉੱਥੇ ਹੀ ਬਾਰਵੀਂ ਵਿੱਚ ਪੜ੍ਹਦੇ ਸੁਨੱਖੇ ਗੁਆਂਢੀ ਦੇ ਮੁੰਡੇ ਨੂੰ ਦੇਖ ਕੇ ਰਿਸ਼ਤੇ ਲਈ ਹਾਂ ਕਰ ਆਇਆ ਸੀ। ਜਦੋਂ ਉਹ ਵਿਆਹ ਕੇ ਲਾੜੀ ਨੂੰ ਲਿਆਂਦਾ ਸੀ ਤਾਂ ਤਾਏ ਦਲੀਪ ਦੇ ਕਾਲਜੇ ਦਾ ਰੁੱਗ ਭਰਿਆ ਗਿਆ ਸੀ।ਇਹ ਮੇਲੋ ਸੀ ਜੋ ਗੇਜੂ ਦੇ ਵਿਆਹ ਵਿਚ ਆਈ ਸੀ, ਅਤੇ ਤਾਏ ਦਲੀਪ ਨੂੰ ਇੱਕ ਚੱਕਦੀ ਸੀ ਤੇ ਇੱਕ ਧਰਦੀ ਸੀ।

ਤਾਏ ਦਲੀਪ ਨੇ ਵੀ ਪਿੱਛੋਂ ਸਹੁੰ ਖਾ ਲਈ ਸੀ,÷ ਕਿ ਮੁਟਿਆਰੇ ,ਦਲੀਪ ਵੀ ਤੇਰੇ ਤੋਂ ਬਿਨਾਂ ਸਾਰੀ ਉਮਰ ਕਿਸੇ ਦਾ ਨਹੀਂ ਹੋਵੇਗਾ।÷

ਪੈਲਸ ਦੇ ਇਕ ਖੂੰਝੇ ਕੁਰਸੀ ਉੱਤੇ ਬੈਠਾ ਤਾਇਆ ਦਲੀਪ ਸਿਹੁੰ ਬਹੁਤ ਪਿੱਛੇ ਚਲਿਆ ਗਿਆ ਸੀ। ਉਹਨੇ ਆਪਣੇ ਆਪ ਵਿੱਚ ਹੀ ਕਿਹਾ,÷ਕਿੰਨਾ ਕੁਝ ਬਦਲ ਗਿਆ, ਨਵੀਆਂ ਗੁੱਡੀਆਂ ਨਵੇਂ ਪਟੋਲੇ÷।

÷ਕਿਵੇਂ ਆ ਤਾਇਆ ? ਠੀਕ ਆ ?÷

ਨਿੱਕੇ ਨੇ ਆਉਂਦੇ ਹੋਇਆਂ ਤਾਏ ਨੂੰ ਅਵਾਜ਼ ਮਾਰ ਕੇ ਪੁੱਛਿਆ ਸੀ। ਤਾਏ ਦਲੀਪ ਦੀ ਸੋਚਾਂ ਦੀ ਲੜੀ ਇੱਕਦਮ ਟੁੱਟ ਗਈ।

÷ਹਾਂ ਸ਼ੇਰਾ ਠੀਕ ਹੀ ਆ , ਜੋ ਲੰਘੀ ਜਾਂਦੀ ਆ। ਬਹੁਤੀ ਲਾਂਘੀ ਥੋੜ੍ਹੀ ਰਹਿਗੀ÷।

ਨਿੱਕੇ ਨੂੰ ਦੇਖ ਕੇ ਤਾਏ ਦੇ ਚਿਹਰੇ ਉੱਤੇ ਰੌ ਆ ਗਈ। ਉਸ ਨੇ ਇਕਦਮ ਪੁੱਛਿਆ ,

÷ਸ਼ੇਰਾ, ਤੇਰੀ ਬੇਬੇ ਨੀ ਆਈ ?÷

÷ਆਈ ਆ ਤਾਇਆ।÷

ਪਿੱਛੇ ਆਉਂਦੀ ਨਿੱਕੇ ਦੀ ਮਾਂ ਨੇ ਲੰਬਾ ਸਾਰਾ ਘੁੰਡ ਕੱਢ ਕੇ ਕਿਹਾ,÷ਰਾਜੀ ਓ ਭਾਈ ਜੀ ? ਹੋਰ ਤਾਂ ਸੁੱਖ ਸਾਂਦ ਆ ?÷

÷ਹਾਂ,ਸਰਦਾਰਨੀਏ ਠੀਕ ਆ, ਤੂੰ ਦੇ ਹੈ ਗੱਲ÷ ?

÷ ਠੀਕ ਆ ਭਾਈ ਜੀ। ਨਿੱਕਾ ਕਹਿੰਦਾ ਸੀ ਕਿ ਤਾਏ ਨੂੰ ਦਿਲ ਦਾ ਦੌਰਾ.....÷।

ਇੰਨਾ ਕਹਿ ਕੇ ਉਹ ਚੁੱਪ ਕਰ ਗਈ।

÷ਹਾਂ ਸਰਦਾਰਨੀਏ ਬਸ , ਬਹੁਤੀ ਲਾਂਘੀ ਥੋੜ੍ਹੀ ਰਹਿਗੀ। ਅਗਲੇ ਜਨਮ ਵਿੱਚ ਹੁਣ ਮੁੱਛ ਮਰੋੜ ਬਣ ਕੇ ਆਊਂ÷।

ਘੁੰਡ ਵਿੱਚ ਤੱਕਦੀ ਮੇਲੋ ਦਾ ਤ੍ਰਾਹ ਨਿਕਲ ਗਿਆ।ਪੈਲਸ ਵਿੱਚ ਡੀ ਜੇ ਆਂ ਦੀ ਕੰਧ ਪਾੜਵੀਂ ਅਵਾਜ਼ ਹੋਰ ਉੱਚੀ ਹੋ ਗਈ।

# ਅਸਫਲਤਾਵਾਂ ਤੋਂ ਬਾਅਦ ਹੀ ਮਿਲਦੀ ਹੈ ਸਫਲਤਾ





ਸੰਜੀਵ ਸਿੰਘ ਸੈਣੀ, ਮੋਹਾਲੀ

ਜ਼ਿੰਦਗੀ ਇੱਕ ਕਲਾ ਹੈ। ਹਰ ਕੰਮ ਨੂੰ ਕਰਨ ਲਈ ਕੁਝ ਨਾ ਕੁਝ ਕੀਮਤ ਚੁਕਾਉਣੀ ਪੈਂਦੀ ਹੈ, ਹਰ ਟੀਚੇ ਤੇ ਪਹੁੰਚਣ ਲਈ ਮਿਹਨਤ ਕਰਨੀ ਪੈਂਦੀ ਹੈ ।ਜੇ ਸਾਡਾ ਟੀਚਾ ਵਧੀਆ ਹੋਵੇਗਾ ਤਾਂ ਅਸੀਂ ਮੰਜ਼ਿਲ ਸਰ ਕਰ ਸਕਦੇ ਹਨ । ਹਰ ਨਵੀਂ ਸਵੇਰ ਉਮੀਦ ਲੈ ਕੇ ਆਉਂਦੀ ਹੈ। ਜ਼ਿੰਦਗੀ ਵਿੱਚ ਬਹੁਤ ਵਾਰ ਅਸਫਲਤਾਵਾਂ ਮਿਲਦੀਆਂ ਹਨ । ਕਦੇ ਵੀ ਉਦਾਸ ਨਾ ਹੋਵੋ। ਸੋਚੋ ਕਿ ਸਫਲਤਾ ਸਾਨੂੰ ਕਿਉਂ ਨਹੀਂ ਮਿਲੀ। ਸਾਡੀ ਕਿਹੜੀ ਅਜਿਹੀ ਗਲਤੀ ਸੀ, ਜਿਹੜੀ ਸਾਨੂੰ ਆਪਣੇ ਟੀਚੇ ਤੇ ਨਹੀਂ ਪਹੁੰਚਾ ਸਕੀ ।ਫਿਰ ਸੰਘਰਸ਼ ਕਰੋ।ਮਿਹਨਤ ਕਰਦੇ ਰਹੋ, ਫਲ ਦੀ ਇੱਛਾ ਨਾ ਕਰੋ। ਕਦੇ ਵੀ ਨਾ ਘਬਰਾਓ ।ਅਸਫਲਤਾ ਮਨੁੱਖ ਨੂੰ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕਰਦੀ ਹੈ। ਸਫਲ ਲੋਕਾਂ ਨੂੰ ਕੋਈ ਵੀ ਕੰਮ ਕਰਨਾ ਹੈ ਤਾਂ ਉਹ ਹਰ ਹਾਲ ਵਿੱਚ ਕਰ ਕੇ ਹੀ ਸਾਹ ਲੈਂਦੇ ਹਨ ।ਇਹ ਮੰਨ ਕੇ ਚੱਲੋ , ਜੇ ਕੋਈ ਮੁਸੀਬਤ ਪੈਦਾ ਹੋਈ ਹੈ ਤਾਂ ਉਸ ਦਾ ਹੱਲ ਵੀ ਹੈ ।ਕਈ ਵਾਰ ਸਖ਼ਤ ਮਿਹਨਤ ਨਾਲ ਵੀ ਮਨ ਚਾਹਿਆ ਟੀਚਾ ਨਹੀਂ ਮਿਲਦਾ ,ਪਰ ਜੋ ਲਗਾਤਾਰ ਮਿਹਨਤ ਕਰਦਾ ਹੈ ਤੇ ਮੁਸੀਬਤਾਂ ਦਾ ਡੱਟ ਕੇ ਸਾਹਮਣਾ ਕਰਦਾ ਹੈ ,ਸਫਲਤਾ ਉਸ ਦੇ ਪੈਰ ਚੁੰਮਦੀ ਹੈ ।ਦਰੱਖਤਾਂ ਤੋਂ ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ। ਪੱਤਝੜ ਵਿੱਚ ਉਨ੍ਹਾਂ ਦੇ ਪੱਤੇ ਝੜ ਜਾਂਦੇ ਹਨ ।ਅਤੇ ਰੁੱਖ ਨਵੇਂ ਪੱਤੇ ਆਉਣ ਦੀ ਆਸ ਰੱਖਦੇ ਹਨ ।ਤਾਂ ਜੋ ਉਹ ਰਾਹਗੀਰਾਂ ਨੂੰ ਛਾਂ ਦੇ ਸਕਣ ।ਸਾਨੂੰ ਸਿਰਫ ਮਹਾਨ ਵਿਅਕਤੀਆਂ ਨੂੰ ਨਹੀਂ ਦੇਖਣਾ ਚਾਹੀਦਾ ,ਸਗੋਂ ਉਨ੍ਹਾਂ ਦੇ ਕੰਮ ਦੇ ਤਰੀਕੇ ਨੂੰ ਵੀ ਦੇਖਣਾ ਚਾਹੀਦਾ ਹੈ। ਨਾਲ ਇਹ ਵੀ ਸਮਝਣਾ ਚਾਹੀਦਾ ਹੈ ਕਿ ਉਨ੍ਹਾਂ ਵਿੱਚ ਆਖਿਰ ਕੀ ਗੁਣ ਸੀ, ਉਨ੍ਹਾਂ ਨੇ ਇਸ ਮੰਜ਼ਿਲ ਨੂੰ ਸਰ ਕਿਵੇਂ ਕੀਤਾ ।ਕੋਈ ਵੀ ਇਨਸਾਨ ਜਨਮ ਤੋਂ ਸਫ਼ਲਤਾ ਦੀ ਗਾਰੰਟੀ ਲੈ ਕੇ ਪੈਦਾ ਨਹੀਂ ਹੁੰਦਾ, ਸਗੋਂ ਆਪਣੇ ਕੰਮ ਨੂੰ ਬਿਹਤਰੀਨ ਢੰਗ ਨਾਲ ਕਰਕੇ ਸਿਖਰ ਤੇ ਪੁੱਜਦੇ ਹਨ ।ਲੋਕਾਂ ਦੀ ਕਦੇ ਵੀ ਪ੍ਰਵਾਹ ਨਾ ਕਰੋ। ਗਲਤੀਆਂ ਤੋਂ ਸਿੱਖੋ ।ਗਲਤੀਆਂ ਦੁਬਾਰਾ ਨਾ ਕਰੋ ।ਸਾਨੂੰ ਆਪਣੀ ਕਾਬਲੀਅਤ ਦਾ ਪੂਰਾ ਪ੍ਰਯੋਗ ਕਰਨਾ ਚਾਹੀਦਾ ਹੈ ।ਚਾਹੇ ਉਹ ਸ਼ੌਕ ਕੋਈ ਵੀ ਖੇਤਰ ਦਾ ਹੋਵੇ ।ਸਾਨੂੰ ਸਮਾਜ ਵਿੱਚ ਅਜਿਹੀਆਂ ਉਦਾਹਰਨਾਂ ਮਿਲ ਜਾਂਦੀਆਂ ਹਨ ਜਿਨ੍ਹਾਂ ਕੋਲ ਜ਼ਿਆਦਾ ਸਰੋਤ ਨਾ ਹੋਣ ਕਰਕੇ ਵੀ ਮੰਜ਼ਿਲਾਂ ਨੂੰ ਸਰ ਕੀਤਾ ।ਅਬਰਾਹਿਮ ਲਿੰਕਨ ਜਿਸ ਦਾ ਬਚਪਨ ਗਰੀਬੀ ਵਿੱਚ ਵਿੱਚ ਬੀਤਿਆ ਸੀ , ਕਿਸ ਤਰ੍ਹਾਂ ਰਾਸ਼ਟਰਪਤੀ ਦਾ ਤਾਜ ਉਸ ਦੇ ਸਿਰ ਤੇ ਸੱਜਿਆ ਸੀ। ਜੇ ਮਹਾਨ ਬਣਨਾ ਚਾਹੁੰਦੇ ਹਾਂ ਤਾਂ ਆਪਣੇ ਖੇਤਰ ਵਿੱਚ ਵਧੀਆ ਪ੍ਰਦਰਸ਼ਨ ਕਰਨਾ ਪਵੇਗਾ ਤੇ ਮੁਸੀਬਤਾਂ ਦਾ ਡੱਟ ਕੇ ਸਾਹਮਣਾ ਕਰਨਾ ਪਵੇਗਾ, ਤਾਂ ਹੀ ਸਫਲਤਾ ਦੀ ਮੰਜ਼ਿਲ ਤੇ ਪੁੱਜ ਸਕਾਂਗੇ । ਝੂਠ ਦਾ ਕਦੇ ਵੀ ਸਹਾਰਾ ਨਾ ਲਵੋ ।ਹੌਂਸਲੇ ਨੂੰ ਆਪਣੇ ਢੇਰੀ ਨਾ ਹੋਣ ਦੇਵੋ। ਵਧੀਆ ਦੋਸਤਾਂ ਨਾਲ ਤਾਲਮੇਲ ਬਣਾ ਕੇ ਰੱਖੋ, ਜੋ ਤੁਹਾਨੂੰ ਅਸਫਲਤਾਵਾਂ ਦੇ ਦੌਰ ਵਿੱਚ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕਰਨ। ਦੁੱਖ ਸੁੱਖ ਤਾਂ ਆਉਂਦੇ ਰਹਿੰਦੇ ਹਨ ।ਆਪਣੀ ਜ਼ਿੰਦਗੀ ਵਿੱਚ ਸੰਘਰਸ਼ ਕਰਦੇ ਰਹੋ। ਜੋ ਲੋਕ ਸਮੁੰਦਰ ਵਿੱਚੋਂ ਹੀਰੇ ਮੋਤੀ ਚੁਣਦੇ ਹਨ, ਉਹ ਸਫਲਤਾ ਨੂੰ ਇੱਕ ਦਿਨ ਪ੍ਰਾਪਤ ਕਰਦੇ ਹਨ।



# ਕਿਉਂ ਪੰਜਾਬ ਸਰਕਾਰ ਵੀ ਕੇਂਦਰ ਸਰਕਾਰ ਦੀ ਤਰਜ਼ ਤੇ ਸਾਬਕਾ ਫੌਜੀਆਂ ਨੂੰ ਕਰ ਰਹੀ ਹੈ ਅਣਦੇਖਿਆ.. ?

ਫ਼ੌਜੀ ਇੱਕ ਬਹੁਤ ਹੀ ਵਿਲੱਖਣ ਤੇ ਜੋਸ਼ ਭਰਿਆ ਸ਼ਬਦਾਂ ਵਿੱਚੋ ਇੱਕ ਮਹਾਨ ਸ਼ਬਦ ਹੈ।ਜ਼ੋ ਨੌਜਵਾਨ ਦੇਸ਼ ਲਈ ਕੁੱਝ ਕਰਨ ਦੀ ਚਾਅ ਰੱਖਦੇ ਹਨ,ਉਹ ਆਪਣੇ ਲਈ ਫੌਜ਼ ਨੂੰ ਹੀ ਵੱਧ ਅਹਿਮੀਅਤ ਦਿੰਦੇ ਹਨ।ਪਰ ਜ਼ੇਕਰ ਫੌਜ਼ ਜਾਂ ਫ਼ੌਜੀ ਸਾਡੇ ਨੌਜਵਾਨਾਂ ਲਈ ਇੱਕ ਪ੍ਰੇਣਾ ਦਾ ਸ੍ਰੋਤ ਤੇ ਸੰਦੇਸ਼ ਹਨ ਤਾਂ ਫੇਰ ਇਹਨਾਂ ਫੌਜ਼ੀ ਵੀਰਾਂ ਲਈ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਵਿੱਤਕਰਾ ਕਿਉਂ ਕਰ ਰਹੀ ਹੈ।

ਫੌਜ਼ੀ ਬਣਨਾ ਜਾਂ ਫ਼ੌਜ ਵਿੱਚ ਭਰਤੀ ਹੋਣਾ ਆਪਣੇ ਆਪ ਨੂੰ ਬਲਦੀ ਭੱਠੀ ਵਿੱਚ ਦੇਣ ਦੇ ਹੀ ਬਰਾਬਰ ਹੁੰਦਾ ਹੈ,ਭਰਤੀ ਦੇ ਦੌਰਾਨ ਤੋਂ ਲੈਕੇ ਫ਼ੌਜ ਦੀ ਨੌ ਮਹੀਨੇ ਦੀ ਟ੍ਰੇਨਿੰਗ ਤੱਕ ਹਰੇਕ ਫੌਜ਼ੀ ਪੂਰੇ ਦੇਸ਼ ਲਈ ਆਪਣਾ ਆਪ ਨਿਸ਼ਾਵਰ ਕਰਨ ਤੱਕ ਦਾ ਜਜ਼ਬਾ ਤੇ ਹੌਂਸਲਾ ਆਪਣੇ ਅੰਦਰ ਇਕੱਠਾ ਕਰ ਲੈਂਦਾ ਹੈ, ਜ਼ਿਆਦਾਤਰ ਫ਼ੌਜੀ ਆਪਣੀ ਡਿਊਟੀ ਖ਼ਤਰਨਾਕ ਥਾਵਾਂ ਉੱਤੇ ਕਰਦੇ ਹਨ ਜਿਵੇਂ ਰੇਗਿਸਤਾਨ ਦਾ ਤਾਪਮਾਨ 50 ਡਿਗਰੀ ਤੋਂ ਉੱਪਰ ਹੋਣਾ,ਗਲੇਸ਼ੀਅਰ ਤਲ ਤੋਂ 18500 ਫੁੱਟ ਦੀ ਉਚਾਈ ਤੇ ਤਾਪਮਾਨ 48 ਡਿਗਰੀ ਤੱਕ ਹੋਣਾ ,ਦੂਸਰਾ ਉੱਥੇ ਆਕਸੀਜਨ ਦਾ ਘੱਟ ਹੋਣਾ ,ਜਾਂ ਨਾਮਾਤਰ ਹੀ ਹੁੰਦੀ ਹੈ।ਇਹੋ ਜਿਹੀਆਂ ਸਥਿਤੀਆਂ ਵਿੱਚ ਸਿਰ ਦਾ ਚਕਰਾਉਣਾ ਲਾਜ਼ਮੀ ਹੈ।

ਭਾਵੇਂ ਸਾਡੇ ਜਾਂਬਾਜ ਫ਼ੌਜੀ ਵੀਰਾਂ ਨੇ 1962,1965,1975,1999 ਦੀਆਂ ਚਾਰ ਜੰਗਾਂ ਲੜੀਆਂ ,ਇਹਨਾਂ ਜੰਗਾਂ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਫ਼ੌਜੀ ਵੀਰ ਸ਼ਹੀਦ ਵੀ ਹੋਏ,ਤੇ ਜਿੱਤ ਵੀ ਫ਼ਤਹਿ ਕੀਤੀ,ਭਾਵੇਂ ਅਸੀਂ 130 ਕਰੋੜ ਤੋਂ ਵੱਧ ਆਬਾਦੀ ਵਾਲ਼ੇ ਲੋਕ ਇਹਨਾਂ ਫੌਜੀਆਂ ਦੇ ਸਹਾਰੇ ਅਰਾਮ ਦੀ ਨੀਂਦ ਸੌਂਦੇ ਹਾਂ, ਪਰ ਕਿ ਅਸੀਂ ਇਹਨਾਂ ਨੂੰ ਬਣਦਾ ਮਾਣ ਸਤਿਕਾਰ ਦੇ ਰਹੇ ਹਾਂ ਕਿ ਨਹੀਂ।

ਸ਼ਹੀਦ ਹੋਏ ਫ਼ੌਜੀ ਵੀਰਾਂ ਲਈ ਇੱਕ ਦਿਨ ਵਾਸਤੇ ਆਪਣੇ ਆਪਣੇ ਫੇਸਬੁੱਕ ਪੇਜ਼ ਸਲਾਮ, ਜੈ ਹਿੰਦ,ਵਾਹਿਗੁਰੂ ਵਾਹਿਗੁਰੂ ਆਦਿ ਲਿਖਕੇ ਭਰ ਦਿੰਦੇ ਹਾਂ, ਕੀ ਅਸੀਂ ਤੁਸੀਂ ਤੇ ਸਰਕਾਰਾਂ ਨੇ ਇਹਨਾਂ ਨੂੰ ਜਾਂ ਇਹਨਾਂ ਦੇ ਪਰਿਵਾਰਾਂ ਦੀ ਕਦੇ ਕਿਸੇ ਨੇ ਮੁੜਕੇ ਸਾਰ ਲਈ ਹੈ, ਸ਼ਾਇਦ ਨਹੀਂ,ਸਰਕਾਰਾਂ ਦੇ ਨਾਲ ਨਾਲ ਅਸੀਂ ਲੋਕ ਵੀ ਇਹਨਾਂ ਦੀਆਂ ਸੇਵਾਵਾਂ ਨੂੰ ਅੱਖੋਂ ਓਹਲੇ ਕਰ ਦਿੰਦੇ ਹਾਂ।

ਰਿਟਾਇਰਮੈਂਟ ਤੋਂ ਬਾਅਦ ਸਾਬਕਾ ਫੌਜੀਆਂ ਲਈ ਪੰਜਾਬ ਪੁਲਿਸ ਵਿੱਚ ਭਰਤੀ ਲਈ 13% ਕੋਟਾ ਹੀ ਹੁੰਦਾ ਹੈ, ਪਰ ਇੱਥੇ ਵੀ ਇਹਨਾਂ ਨੂੰ ਬਣਦਾ ਹੱਕ ਤੇ ਰੁਤਬਾ ਨਹੀਂ ਦਿੱਤਾ ਜਾਂਦਾ, ਕਿਉਂਕਿ ਕਿ ਪੰਜਾਬ ਪੁਲਿਸ ਦੇ ਮੁਲਾਜ਼ਮਾਂ ਲਈ ਤੱਰਕੀ ਵੇਲ਼ੇ 16,24,30 ਸਾਲ ਪਿੱਛੋਂ ਤੱਰਕੀ ਦੇਣੀ ਹੀ ਹੁੰਦੀ ਹੈ, ਭਾਵੇ ਇਹਨਾਂ ਨੂੰ ਤਨਖਾਹਾਂ ਪਿੱਛਲੇ ਰੁਤਬਿਆਂ ਵਾਲੀਆਂ ਹੀ ਮਿਲਦੀਆਂ ਹਨ,ਪਰ ਤੱਰਕੀ ਵਾਲੇ ਸਟਾਰ ਜ਼ਰੂਰ ਮਿਲ ਜਾਂਦੇ ਹਨ।

ਪਰ ਸਾਬਕਾ ਫੌਜੀਆਂ ਨੇ ਆਪਣੀ ਮੁੱਖ ਸ਼ਰਤ ਜਾਂ ਬੇਨਤੀ ਪੱਤਰ ਪ੍ਰਮੁੱਖ ਸਕੱਤਰ ਪੰਜਾਬ ਨੂੰ ਲਿਖਤੀ ਰੂਪ ਵਿੱਚ ਦਿੱਤੀ ਗਈ ਸੀ, ਕੀ ਸਾਡੇ ਵੱਲੋਂ ਫ਼ੌਜ ਵਿੱਚ ਦਿੱਤੀਆਂ ਗਈਆਂ ਸੇਵਾਵਾਂ ਨੂੰ ਮੁੱਖ ਰੱਖਕੇ 16,24,30,ਦੇ ਅਨੁਪਾਤ ਨੂੰ ਘਟਾਕੇ ਸਾਬਕਾ ਫੌਜੀਆਂ ਲਈ 8,12,15,ਕਰਕੇ ਤੱਰਕੀਆਂ ਦਿੱਤੀਆਂ ਜਾਣ ਤਾਂ ਜੋ ਉਹਨਾਂ ਵੱਲੋਂ ਫ਼ੌਜ ਵਿੱਚ ਨਿਭਾਈ ਗਈ ਡਿਊਟੀ ਉੱਤੇ ਉਹ ਫ਼ਕਰ ਮਹਿਸੂਸ ਕਰਨ।

ਪਰ ਪੰਜਾਬ ਸਰਕਾਰ ਜਾਂ ਕਾਨੂੰਨ ਮੰਤਰਾਲੇ ਵੱਲੋ ਵੀ ਇਹਨਾਂ ਦੀਆਂ ਸੇਵਾਵਾਂ ਨੂੰ ਅਣਦੇਖਿਆ ਕਰ ਦਿੱਤਾ ਜਾਂਦਾ ਰਿਹਾ ਹੈ, ਉਹਨਾਂ ਨੂੰ ਭਰਤੀ ਵੇਲ਼ੇ ਆਮ ਹੀ ਸਿਪਾਹੀਆਂ ਵਾਲ਼ੇ ਰੁਤਬੇ ਨਾਲ ਨਿਵਾਜ਼ਿਆ ਜਾਂਦਾ ਹੈ, ਜਦ ਕੀ ਉਹਨਾਂ ਦੀਆਂ ਨਿਭਾਈਆਂ ਗਈਆਂ ਸੇਵਾਵਾਂ ਨੂੰ ਵੇਖਦਿਆਂ ਹੋਇਆ ਮੁੱਖ ਸਿਪਾਹੀ,ਏ.ਐਸ. ਆਈ.ਸਬ ਇੰਸਪੈਕਟਰ. ਇੰਸਪੈਕਟਰ ਆਦਿ ਰੁਤਬਿਆਂ ਨਾਲ਼ ਨਿਵਾਜ਼ਿਆ ਜਾਣਾ ਚਾਹੀਦਾ ਹੈ। ਜ਼ੇਕਰ ਕੋਈ ਵੀ ਫ਼ੌਜੀ ਵੀਰ ਆਪਣੀ ਰਿਟਾਇਰਮੈਂਟ ਤੋਂ ਬਾਅਦ ਪੰਜਾਬ ਪੁਲਿਸ ਵਿੱਚ ਆਪਣੇ ਕੋਟੇ ਮੁਤਾਬਿਕ ਦੁਬਾਰਾ ਡਿਊਟੀ ਕਰਨਾ ਚਾਹੁੰਦਾ ਹੈ ਤਾਂ ਉਸ ਵੱਲੋ ਫ਼ੌਜ ਵਿੱਚ ਨਿਭਾਈ ਗਈ ਸੇਵਾ ਦਾ ਪੂਰਾ ਪੂਰਾ ਲਾਭ ਮਿਲਣਾ ਚਾਹੀਦਾ ਹੈ, ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਨੂੰ ਚਾਹੀਂਦਾ ਹੈ ਕੀ ਸਾਡੇ ਸਾਬਕਾ ਫੌਜੀਆਂ ਵੱਲੋਂ ਨਿਭਾਈਆਂ ਗਈਆਂ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ,ਉਹਨਾਂ ਨੂੰ ਹਰੇਕ ਮਹਿਕਮੇ ਵਿੱਚ ਬਣਦੀਆਂ ਸਹੂਲਤਾਂ ਤੇ ਇੱਜਤ ਤੇ ਸਨਮਾਨ ਹਰੇਕ ਥਾਵੇਂ ਦਿੱਤਾ ਜਾਣਾ ਚਾਹੀਦਾ ਹੈ।

ਕਿਉਂਕਿ ਸਾਬਕਾ ਫੌਜੀ ਹੀ ਸਾਡੇ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਪ੍ਰੇਣਾ ਦਾ ਸ੍ਰੋਤ ਹਨ,ਸੋ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਨੂੰ ਬਿਨਾਂ ਕਿਸੇ ਵੀ ਸ਼ਰਤ ਇਹਨਾਂ ਫੌਜੀਆਂ ਦੀਆਂ ਸ਼ਰਤਾਂ ਪੂਰੀਆਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ,ਤਾਂ ਹੀ ਅਸੀਂ ਇੱਕ ਵਧੀਆਂ ਸਮਾਜ ਦੀ ਕਲਪਨਾਂ ਕਰ ਸਕਦੇ ਹਾਂ, ਇਹਨਾਂ ਸਾਬਕਾ ਫੌਜੀਆਂ ਦਾ ਸਤਿਕਾਰ ਪੂਰੇ ਦੇਸ਼ ਦਾ ਸਤਿਕਾਰ ਹੋਵੇਗਾ।

**ਲਿਖ਼ਤ ਗੁਰਪ੍ਰੀਤ ਸਿੰਘ ਜਖਵਾਲੀ**
**ਮੋਬਾਇਲ 98550 36444**

# ਬਚਪਨ ਬਨਾਮ ਆਧੁਨਿਕਤਾ

ਫੁੱਲਾਂ ਦੀ ਤਰ੍ਹਾਂ ਖਿੜੇ ਹੋਏ ਚਿਹਰਿਆਂ ਨੂੰ ਵੇਖ ਕੇ ਹਰ ਇਕ ਦੀ ਰੂਹ ਖੁਸ਼ ਹੋ ਜਾਂਦੀ ਹੈ। ਬੱਚਿਆਂ ਨਾਲ ਅਸੀਂ ਸਾਰੇ ਬੱਚੇ ਬਣ ਜਾਂਦੇ ਹਾਂ ਅਤੇ ਇਨ੍ਹਾਂ ਦੀਆਂ ਤੁਤਲੀਆਂ ਗੱਲਾਂ ਚੰਗੇ ਭਲੇ ਇਨਸਾਨ ਨੂੰ ਵੀ ਤੁਤਲਾ ਬਣਾ ਦਿੰਦੀਆਂ ਹਨ।ਬਚਪਨ ਵਿੱਚ ਮਾਣੀਆਂ ਮੌਜਾਂ ਬਹਾਰਾਂ ਸਾਨੂੰ ਹਮੇਸ਼ਾ ਯਾਦ ਰਹਿੰਦੀਆਂ ਹਨ ਕਿਉਂਕਿ ਬਚਪਨ ਅਜਿਹੀ ਅਵਸਥਾ ਹੈ ਜੋਂ ਬੁਢਾਪੇ ਦੀ ਤਰ੍ਹਾਂ ਬੋਝ ਨਹੀਂ ਮੰਨੀ ਜਾਂਦੀ ਤੇ ਚਾਵਾਂ ਨਾਲ ਬੱਚੇ ਦੀ ਪਰਵਰਿਸ਼ ਕੀਤੀ ਜਾਂਦੀ ਹੈ। ਅਸੀਂ ਵੱਡੇ ਜਦ ਬਚਪਨ ਤੇ ਚੱਲ ਰਹੀ ਜ਼ਿੰਦਗੀ ਦਾ ਵਿਸ਼ਲੇਸ਼ਣ ਕਰਦੇ ਹਾਂ ਤਾਂ ਸਹਿਜ ਹੀ ਇਹ ਅੰਤਰ ਗਿਆਤ ਹੋ ਜਾਂਦਾ ਹੈ। ਸਾਡੇ ਤੇ ਸਾਡੇ ਬੱਚਿਆਂ ਦੇ ਬਚਪਨ ਵਿੱਚ ਵਾਕਈ ਇਕ ਪੀੜ੍ਹੀ ਦਾ ਫ਼ਰਕ ਹੈ,ਜੋਂ ਦਿਨੋਂ ਦਿਨ ਵੱਧ ਰਹੀ ਆਧੁਨਿਕਤਾ ਦਾ ਸਿੱਟਾ ਹੈ। ਸਾਡਾ ਬਚਪਨ ਅਣਭੋਲ , ਆਜ਼ਾਦ ਤੇ ਕੁਦਰਤ ਦੀ ਗੋਦ ਵਿੱਚ ਬਿਨਾਂ ਕਿਸੇ ਡਰ ਤੋਂ ਗੁਜ਼ਰਿਆ,ਦੂਜੇ ਪਾਸੇ ਸਾਡੇ ਬੱਚਿਆਂ ਦਾ ਬਚਪਨ ਅਣਭੋਲ ਤਾਂ ਹੈ ,ਪਰ ਬਣਾਵਟੀ ਤਬੀਅਤ ਦਾ ਮਾਲਕ ਹੈ। ਜਿਸ ਵਿੱਚ ਮਨੁੱਖ ਸਿਰਜਿਆ ਆਲਾ-ਦੁਆਲਾ, ਡਰ, ਸਹਿਮ ਤੇ ਅਸੁਰੱਖਿਆ ਭਰੀ ਪਈ ਹੈ। ਸਾਡੇ ਰੋਕਾਂ ਟੋਕਾਂ ਤੇ ਨਾਂਹ- ਪੱਖੀ ਵਤੀਰਾ ਨਾਲ ਬੱਚਿਆਂ ਵਿੱਚ ਕਮਜ਼ੋਰੀ ਪਨਪ ਰਹੀ ਹੈ। ਇਸ ਨਾਲ ਉਸਦੇ ਸਰਵਪੱਖੀ ਵਿਕਾਸ ਵਿੱਚ ਬਹੁਤ ਰੁਕਾਵਟਾਂ ਆ ਰਹੀਆਂ ਹਨ।

ਅੱਜ ਅਸੀਂ ਤਕਨੀਕ ਦੇ ਅਜਿਹੇ ਉਸ ਦੌਰ ਵਿੱਚੋਂ ਗੁਜ਼ਰ ਰਹੇ ਹਾਂ ਜਿੱਥੇ ਅਸੀਂ ਬੱਚੇ ਨੂੰ ਹਰ ਪੱਖੋਂ ਤਕਨੀਕ ਨਾਲ ਜੋੜਣ ਦੀ ਕੋਸ਼ਸ਼ ਤਾਂ ਕਰ ਰਹੇ ਹਾਂ ਪਰ ਉਸਨੂੰ ਆਪਣੇ ਨਾਲ ਨਹੀਂ ਜੋੜ ਰਹੇ। ਇਸ ਨਾਲ ਅਸੀਂ ਸਿਰਫ ਉਨ੍ਹਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਦੀ ਮਸ਼ੀਨ ਬਣਦੇ ਜਾ ਰਹੇ ਹਾਂ।

ਤਕਨੀਕੀ ਸਾਧਨਾਂ ਦੀ ਭਰਮਾਰ ਉਹਨਾਂ ਨੂੰ ਭਾਵਨਾਤਮਕ ਤੌਰ ਤੇ ਬਹੁਤ ਕਮਜ਼ੋਰ ਬਣਾ ਰਹੀ ਹੈ। ਅਜੋਕੇ ਬੱਚਿਆਂ ਦਾ ਮੋਬਾਇਲਾਂ ਦੇ ਨਾਲ ਐਨਾ ਲਗਾਵ ਹੋ ਚੁੱਕਾ ਹੈ ਕਿ ਜੇਕਰ ਅਸੀਂ ਉਹਨਾਂ ਤੋਂ ਕੁਝ ਪੁੱਛੀਏ-ਦੱਸੀਏ , ਤਾਂ ਉਹ ਸਾਡੀ ਗੱਲ ਤੋਂ ਵੱਧ ਮੋਬਾਇਲ ਫੋਨ ਨੂੰ ਤਰਜੀਹ ਦਿੰਦੇ ਹਨ। ਅੱਜ ਦੇ ਅਸੁਰੱਖਿਅਤ ਸਮੇਂ ਵਿੱਚ ਬੱਚਾ ਸਰੀਰਕ ਖੇਡਾਂ ਨਾਲੋਂ ਆਨਲਾਈਨ ਖੇਡਾਂ ਨੂੰ ਵੱਧ ਤਵੱਜੋਂ ਦਿੰਦਾ ਹੈ। ਇਸ ਦੇ ਜ਼ਿੰਮੇਵਾਰ ਬੱਚੇ ਨਹੀਂ ਅਸੀਂ ਖ਼ੁਦ ਹਾਂ, ਕਿਉਂਕਿ ਅਸੀਂ ਹੀ ਹਾਂ ,ਜੋਂ ਬੱਚੇ ਨੂੰ ਬਾਹਰ ਭੇਜਣ ਦੇ ਡਰੋਂ, ਉਸਨੂੰ ਆਪਣੀ ਅੱਖਾਂ ਹੇਠ ਰੱਖਣ ਲਈ ਮੋਬਾਇਲ ਫੋਨ ਫੜਾ ਦਿੰਦੇ ਹਾਂ , ਕਿਉਂਕਿ ਉਹਨਾਂ ਨਾਲ ਖੇਡਣ ਦਾ ਸਮਾਂ ਸਾਡੇ ਕੋਲ ਹੈ ਹੀ ਨਹੀਂ। ਇਸ ਲਈ ਉਹ ਮੋਬਾਇਲ ਵਿੱਚ ਸਾਰਾ ਸਮਾਂ ਗੁਜ਼ਾਰਦਾ ਹੈ। ਹੁਣ ਜੇਕਰ ਉਹ ਕਿਸੇ ਦੇ ਨਾਲ ਮਿਲੇਗਾ ਨਹੀਂ ,ਕਿਸੇ ਨਾਲ ਗੱਲਬਾਤ ਨਹੀਂ ਤਾਂ ਸਮਾਯੋਜਨ , ਮਿਲਵਰਤਣ ਤੇ ਗੱਲਬਾਤ ਦਾ ਹੁਨਰ ਤਾਂ ਉਸ ਅੰਦਰ ਵਿਕਸਿਤ ਹੀ ਨਹੀਂ ਹੋਵੇਗਾ । ਇਸ ਨਾਲ ਉਸਦਾ ਵਿਅਕਤੀਤੱਵ ਦਾ ਕਿੰਨਾ ਕੁ ਵਿਕਾਸ ਹੋਵੇਗਾ, ਅਸੀਂ ਇਹ ਖੁਦ ਸੋਚ ਸਕਦੇ ਹਾਂ। ਜੋਂ ਅੱਗੇ ਜਾ ਕੇ ਮਨੋਵਿਗਿਆਨਕ ਤੇ ਮਾਨਸਿਕ ਪ੍ਰੇਸ਼ਾਨੀ ਦਾ ਰੂਪ ਲੈ ਸਕਦਾ ਹੈ। ਜੇਕਰ ਬੱਚਾ ਮਨੋਵਿਗਿਆਨਕ ,ਮਾਨਸਿਕ,ਸਮਾਜਿਕ ਪੱਖੋਂ ਪ੍ਰੇਸ਼ਾਨ ਰਹਿੰਦਾ ਹੈ ਤਾਂ ਉਹ ਸਰੀਰਕ ਪੱਖੋਂ ਤੰਦਰੁਸਤ ਕਿਵੇਂ ਰਹੇਗਾ।

ਅੱਜ ਕੋਵਿਡ -19 ਦੇ ਨਾਲ ਪ੍ਰਭਾਵਿਤ ਸਭ ਤੋਂ ਵੱਧ ਵੀ ਬੱਚੇ ਹੀ ਹੋਏ ਕਿਉਂਕਿ ਅਸੀਂ ਵੱਡੇ ਐਹੋ ਜਿਹੀਆਂ ਸੱਮਸਿਆਵਾਂ ਨੂੰ ਨਜਿੱਠ ਲੈਂਦੇ ਹਾਂ ਪਰ ਬੱਚੇ ਫੇਰ ਡਰ, ਸਹਿਮ, ਦੇ ਕਾਰਨ ਘਰਾਂ ਵਿਚ ਬੰਦ ਹਨ। ਉਹ ਆਪਣੇ ਦੋਸਤਾਂ -ਮਿੱਤਰਾਂ ਦੀ ਕਮੀਂ ਮਹਿਸੂਸ ਕਰ ਰਹੇ ਹਨ।ਉਹ ਬੱਚੇ ਜੋਂ ਪਹਿਲਾਂ ਸਕੂਲ ਜਾਣ ਤੇ ਰੋਂਦੇ ਸੀ ਹੁਣ ਉਹ ਸਕੂਲ ਜਾਣ ਦੀ ਜ਼ਿੱਦ ਕਰ ਰਹੇ ਹਨ। ਅਜਿਹੇ ਸਮੇਂ ਵਿੱਚ ਉਹਨਾਂ ਨੂੰ ਸਾਡੇ ਸਾਥ ਦੀ ਬਹੁਤ ਜ਼ਰੂਰਤ ਹੈ ,ਕਿਉਂਕਿ ਇਸ ਸਮੇਂ ਸਾਡਾ ਸਮਾਂ ਉਹਨਾਂ ਲਈ ਕਿਸੇ ਕੀਮਤੀ ਖਿਡੌਣੇ ਤੋਂ ਵੱਧ ਅਸਰਦਾਰ ਹੋ ਸਕਦਾ ਹੈ।ਬੱਚੇ ਦੇ ਬਚਪਨ ਵਿੱਚ ਇਹ ਖੜੋਤ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਹੈ।ਇਸ COVID-19 ਦੇ ਸਮੇਂ ਜੇਕਰ ਸੰਸਾਰ ਦੀ ਅਰਥਵਿਵਸਥਾ ਡਗਮਗਾਈ ਹੈ ਤਾਂ ਬੱਚੇ ਦੇ ਬਚਪਨ ਤੇ ਵੀ ਡੂੰਘਾ ਪ੍ਰਭਾਵ ਪਿਆ ਹੈ। ਅੰਤ ਵਿਚ ਅਸੀਂ ਇਹੀ ਕਹਿਣਾ ਚਾਹਵਾਂਗੇ ਇਹ ਸਮਾਂ ਬੱਚਿਆਂ ਨੂੰ ਸੰਭਾਲਣ ਦਾ ਹੈ। ਜੇਕਰ ਅਸੀਂ ਬੱਚਿਆਂ ਲਈ ਸਮਾਂ ਕੱਢਾਂਗੇ ਤਾਂ ਹੀ ਕੱਲ ਨੂੰ ਉਹ ਸਾਡੇ ਲਈ ਸਮਾਂ ਕੱਢਣਗੇ। ਜ਼ਰੂਰਤ ਹੈ ਅਸੀਂ ਆਪਣੇ ਸਮੇਂ ਵਿਚੋਂ ਸਮਾਂ ਕੱਢ ਕੇ ਉਨ੍ਹਾਂ ਨੂੰ ਆਪਣੇ ਕੋਲ ਬਿਠਾਈਏ , ਉਹਨਾਂ ਨੂੰ ਆਪਣੇ ਨਾਲ ਸੈਰ ਤੇ ਲ਼ੈ ਕੇ ਜਾਈਏ, ਉਹਨਾਂ ਨਾਲ ਗੱਲਾਂ ਕਰੀਏ, ਛੋਟੀਆਂ-ਮੋਟੀਆਂ ਖੇਡਾਂ ਖੇਡੀਏ, ਇਸਨਾਲ ਬੱਚਾ ਆਨੰਦ ਮਹਿਸੂਸ ਕਰਦਾ ਹੈ ਤੇ ?ਸਦੀ ਸਾਡੇ ਨਾਲ ਦਿਲੀ ਸਾਂਝ ਹੋਰ ਵੀ ਗੂੜੀ ਹੁੰਦੀ ਜਾਂਦੀ ਹੈ ਜੋ ਦੋਵਾਂ ਧਿਰਾਂ ਨੂੰ ਸਕੂਨ ਦੇਣ ਵਾਲੀ ਹੁੰਦੀ ਹੈ।ਸੋ ਆਉ, ਸਾਰੇ ਆਪਣੇ ਰੁਝੇਵਿਆਂ ਵਿੱਚੋਂ ਕੁਝ ਸਮਾਂ ਕੱਢ ਕੇ ਆਪਣੇ ਬੱਚਿਆਂ ਦੇ ਸਾਥੀ ਬਣੀਏ ਅਤੇ ਉਹਨਾਂ ਨੂੰ ਹਰ ਪੱਖ ਤੋਂ ਮਜ਼ਬੂਤ ਬਣਾਈਏ।

**ਲੇਖਕ -ਡਾ.ਬੂਟਾ ਸਿੰਘ ਸੇਖੋਂ**
**ਜਤਿੰਦਰ ਕੌਰ ਸੇਖੋਂ**
**ਸੰਪਰਕ-9417760000**

# ਪੇਕੇ ਘਰ ਦੀ ਸ਼ਾਨ ਭਾਬੀ

**ਪੇਕੇ ਜਾ ਕੇ ਰੋਹਬ ਪਾਉਣ ਦੀ ਬਜਾਇ ਭਾਬੀ ਨਾਲ ਘਰ ਤੇ ਰਸੋਈ ਦੇ ਕੰਮ-ਕਾਰ ਵਿਚ ਮਦਦ ਕਰੋ। ਕਹਿੰਦੇ ਹਨ ਭਰਜਾਈਆਂ ਤੋਂ ਪਾਣੀ ਮੰਗੋ ਤਾਂ ਦੁੱਧ ਦਿੰਦੀਆਂ ਹਨ।ਤੁਸੀਂ ਓਹਨਾਂ ਨੂੰ ਪਿਆਰ ਵੰਡੋਗੇ ਤਾਂ ਉਹ ਵਿਆਜ ਸਮੇਤ ਦੁੱਗਣਾ ਕਰ ਕੇ ਮੋੜਦੀਆਂ ਹਨ।ਉਸ ਨੂੰ ਪੇਕੇ ਘਰ ਦਾ ਤਾਜ ਬਣਾ ਕੇ ਰੱਖੋ।ਪੇਕੇ ਘਰ ਜਾਂਦੇ ਵੇਲੇ ਉਸ ਲਈ ਛੋਟੇ ਮੋਟੇ ਤੋਹਫ਼ੇ ਜ਼ਰੂਰ ਲੈ ਕੇ ਜਾਓ ਤੇ ਤਰੀਫ਼ ਦੇ ਦੋ ਮਿੱਠੜੇ ਬੋਲਾਂ ਨਾਲ ਉਸ ਨੂੰ ਖੁਸ਼ ਕਰਦੇ ਰਹੋ।ਭਾਬੀ ਹੀ ਹੈ ਜਿਸ ਨਾਲ ਪੇਕੇ ਘਰ ਦੇ ਦਰਵਾਜ਼ੇ ਤੁਹਾਡੇ ਲਈ ਹਮੇਸ਼ਾ ਖੁਲ੍ਹੇ ਰਹਿੰਦੇ ਹਨ।**





**ਪੇਕੇ ਘਰ ਦੀ ਸ਼ਾਨ ਹੁੰਦੀ ਹੈ ਭਾਬੀ**
**ਹੰਸਾਂ ਨੇ ਤਾਂ ਮੋਤੀ ਚੁਗਣੇ,ਹਿਰਨਾਂ ਬਾਗੀਂ ਚਰਨਾਂ.....**
**ਨੀ ਨਣਦੇ ਭਾਬੀ ਬਿਨਾਂ,ਭਾਬੀ ਬਿਨਾਂ ਨੀ ਸਰਨਾ....**

ਇਕ ਛੋਟੀ ਜਿਹੀ ਬੋਲੀ ਹੀ ਭਾਬੀ ਦੀ ਮਹੱਤਤਾ ਨੂੰ ਦਰਸਾ ਰਹੀ ਹੈ।ਆਮ ਧਾਰਨਾ ਹੈ ਕਿ ਮਾਪਿਆਂ ਨਾਲ ਹੀ ਪੇਕਾ ਘਰ ਹੱਸਦਾ ਵਸਦਾ ਹੈ ਤੇ ਮਾਂ ਬਾਪ ਨਾਲ ਹੀ ਪੇਕੇ ,ਪੇਕੇ ਸਮਝੇ ਜਾਂਦੇ ਹਨ ਪ੍ਰੰਤੂ ਇਸ ਗਲ ਵਿਚ ਬਹੁਤਾ ਦਮ ਨਹੀਂ ਹੈ।ਗੌਰ ਨਾਲ ਝਾਤ ਮਾਰੀਏ ਤਾਂ ਇਹ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਜਦੋਂ ਧੀ ਵਿਆਹੀ ਜਾਂਦੀ ਹੈ ਤੇ ਘਰ ਵਿਚ ਇਕ ਨੂੰਹ ਆਉਂਦੀ ਹੈ,ਉਦੋਂ ਤੋਂ ਹੀ ਉਹ ਘਰ ਦੀ ਰਾਣੀ ਬਣ ਜਾਂਦੀ ਹੈ। ਘਰ ਦੇ ਨਿੱਕ- ਸੁੱਕ ਕੰਮਾਂ ਤੋਂ ਲੈ ਕੇ ਵੱਡੇ ਤੋਂ ਵੱਡੇ ਫ਼ੈਸਲੇ ਉਸਦੀ ਸਾਂਝ ਨਾਲ ਨਿਬੜਦੇ ਹਨ।ਘਰ ਦੀ ਦੇਖ ਰੇਖ ਤੋਂ ਲੈ ਕੇ ਸਿਆਣਿਆਂ ਤੇ ਬੱਚਿਆਂ ਦੀ ਹਰ ਲੋੜ ਨੂੰ ਪੂਰਾ ਕਰਨ ਲਈ ਸਵੇਰ ਤੋਂ ਸ਼ਾਮ ਤਕ ਉਹ ਨੱਠਦੀ-ਭੱਜਦੀ ਹੈ ਤੇ ਘਰ ਨੂੰ ਸਵਰਗ ਜਿਹਾ ਬਣਾਉਂਦੀ ਹੈ।

ਹੁਣ ਪ੍ਰਸ਼ਨ ਇਹ ਉੱਠਦਾ ਹੈ ਕਿ ਪੇਕੇ ਘਰ ਨੂੰ ਸੰਭਾਲਣ ਵਾਲੀ ਇਸ ਭਾਬੀ ਨਾਲ ਵੀ ਕਿਉਂ ਨਹੀਂ ਸਮਝੇ ਜਾਂਦੇ ਪੇਕੇ ? ਰੱਬ ਹਰ ਬਜ਼ੁਰਗ ਮਾਂ-ਬਾਪ ਦੀ ਉਮਰ ਲੰਬੀ ਕਰੇ ।ਵੀਰ ਤੇ ਭਾਬੀ ਵਿਚ ਇਹਨਾਂ ਮਾਪਿਆਂ ਦੀ ਝਲਕ ਦੇਖਦੇ ਰਹਿਣਾ ਹੀ ਸਿਆਣਪ ਹੁੰਦੀ ਹੈ।ਹਰ ਧੀ ਨੂੰ ਆਪਣੇ ਪਿਆਰ ਤੇ ਸਮਝ ਦੀਆਂ ਸਾਂਝਾ ਨਾਲ ਭਰਾ-ਭਰਜਾਈ ਦੇ ਮਨ ਵਿਚ ਆਪਣੀ ਜਗ੍ਹਾ ਬਣਾ ਲੈਣੀ ਚਾਹੀਦੀ ਹੈ। ਭਾਬੀਆਂ ਉੱਤੇ ਭਰਾਵਾਂ ਨੂੰ ਸਿਖਾਉਣ-ਪੜ੍ਹਾਉਣ ਦੇ ਦੋਸ਼ ਲਾਏ ਜਾਂਦੇ ਹਨ ਪਰ ਕਿਉਂ ਨਾ ਅਜਿਹਾ ਮਾਹੌਲ਼ ਸਿਰਜਿਆ ਜਾਵੇ ਕਿ ਭੈਣ ਦੇ ਅਸਲੀ ਸੁਭਾਅ ਨੂੰ ਜਾਣਦਿਆਂ ਵੀਰ ਆਪ ਮੁਹਾਰੇ ਹੀ ਓਹਨਾਂ ਨੂੰ ਬਣਦਾ ਮਾਣ- ਸਤਿਕਾਰ ਦੇਣ। ਵਿਆਹੀਆਂ ਧੀਆਂ ਵਲੋਂ ਮੰਗਣ ਤੇ ਹੀ ਸਲਾਹ ਮਸ਼ਵਰਾ ਦਿੱਤਾ ਜਾਣਾ ਚਾਹੀਦਾ ਹੈ।ਪੇਕੇ ਘਰ ਦੇ ਫੈਸਲਿਆਂ ਵਿੱਚ ਬਹੁਤੀ ਦਖ਼ਲ ਅੰਦਾਜ਼ੀ ਕਈ ਵਾਰ ਰਿਸ਼ਤਿਆਂ ਨੂੰ ਤਾਰ-ਤਾਰ ਕਰ ਦਿੰਦੀ ਹੈ।ਜੇ ਕਿਤੇ ਮਾਪਿਆਂ ਵਲੋਂ ਭਾਬੀ ਨਾਲ ਦੁਰ-ਵਿਵਹਾਰ ਕੀਤਾ ਜਾ ਰਿਹਾ ਹੋਵੇ ਤਾਂ ਸਿਆਣੀ ਨਨਾਣ ਆਪਣੀ ਦੂਰਦਰਸ਼ੀ ਸਮਝ ਨਾਲ ਮਾਪਿਆਂ ਨੂੰ ਨੂੰਹ ਦੀ ਅਹਿਮੀਅਤ ਦਸ ਕੇ ਸਹੀ ਸੇਧ ਦੇ ਕੇ ਭਾਬੀ ਦੇ ਮਨ ਵਿਚ ਆਪਣੀ ਖਾਸ ਜਗ੍ਹਾ ਬਣਾ ਸਕਦੀ ਹੈ। ਜੇ ਵੀਰ ਗਲਤੀ ਕਰੇ ਤਾਂ ਵੀ ਉਸ ਨੂੰ ਸਮਝਾਓ।ਇਨਸਾਨ ਗਲਤੀਆਂ ਦਾ ਪੁਤਲਾ ਹੈ।ਹਰ ਇਨਸਾਨ ਗਲਤੀ ਕਰ ਸਕਦਾ ਹੈ ਫਿਰ ਭਾਬੀ ਵੀ ਇਕ ਇਨਸਾਨ ਹੈ।ਉਹ ਵੀ ਗਲਤੀ ਕਰ ਸਕਦੀ ਹੈ।ਉਸ ਨੂੰ ਮਾਫ ਕਰਨ ਦਾ ਮਾਦਾ ਰੱਖੋ।ਭਾਬੀ ਦੀਆਂ ਗਲਤੀਆਂ ਨੂੰ ਮੱਦੇਨਜ਼ਰ ਰੱਖ ਕੇ ਉਸ ਦੇ ਖਿਲਾਫ਼ ਭਰਾ ਦੇ ਕੰਨ ਭਰਨ ਦੀ ਕੋਸ਼ਿਸ਼ ਕਰੋਗੇ ਤਾਂ ਭਰਾ-ਭਾਬੀ , ਦੋਵਾਂ ਦੀਆਂ ਨਜ਼ਰਾਂ 'ਚ ਡਿੱਗ ਜਾਓਗੇ।ਭਾਬੀ ਦੀਆਂ ਖੁਸ਼ੀਆਂ ਦਾ ਖ਼ਿਆਲ ਰੱਖੋਗੇ ਤਾਂ ਭਰਾ ਵੱਧ-ਚੜ੍ਹ ਕੇ ਪਿਆਰ ਸਤਿਕਾਰ ਦੇਵੇਗਾ।ਇਕ ਓਹੀ ਔਰਤ ਹੈ ਜੋ ਘਰ ਦੇ ਸਿਆਣਿਆਂ ਦੀ ਸੇਵਾ ਕਰਦੀ ਹੈ ਤੇ ਉਹਨਾਂ ਬਜ਼ੁਰਗਾਂ ਨੂੰ ਸਾਂਭਦੀ-ਸੰਭਾਲਦੀ ਹੈ।ਤੁਸੀਂ ਹਰ ਵਕਤ ਆਪਣੇ ਮਾਪਿਆਂ ਕੋਲ਼ ਓਹਨਾਂ ਦੀ ਦੇਖ-ਭਾਲ ਲਈ ਨਹੀਂ ਰਹਿ ਸਕਦੇ। ਗੱਲੀਂ-ਬਾਤੀਂ ਭਰਜਾਈ ਦਾ ਸ਼ੁਕਰਾਨਾ ਕਰਦੇ ਰਹੋ ਜੋ ਆਪਣੇ ਜੀ ਜਾਨ ਨਾਲ ਤੁਹਾਡੇ ਮਾਪਿਆਂ ਦੀ ਫਿਕਰ ਕਰਦੀ ਹੈ। ਪੇਕੇ ਜਾ ਕੇ ਰੋਹਬ ਪਾਉਣ ਦੀ ਬਜਾਇ ਭਾਬੀ ਨਾਲ ਘਰ ਤੇ ਰਸੋਈ ਦੇ ਕੰਮ-ਕਾਰ ਵਿਚ ਮਦਦ ਕਰੋ। ਕਹਿੰਦੇ ਹਨ ਭਰਜਾਈਆਂ ਤੋਂ ਪਾਣੀ ਮੰਗੋ ਤਾਂ ਦੁੱਧ ਦਿੰਦੀਆਂ ਹਨ।ਤੁਸੀਂ ਓਹਨਾਂ ਨੂੰ ਪਿਆਰ ਵੰਡੋਗੇ ਤਾਂ ਉਹ ਵਿਆਜ ਸਮੇਤ ਦੁੱਗਣਾ ਕਰ ਕੇ ਮੋੜਦੀਆਂ ਹਨ।ਉਸ ਨੂੰ ਪੇਕੇ ਘਰ ਦਾ ਤਾਜ ਬਣਾ ਕੇ ਰੱਖੋ।ਪੇਕੇ ਘਰ ਜਾਂਦੇ ਵੇਲੇ ਉਸ ਲਈ ਛੋਟੇ ਮੋਟੇ ਤੋਹਫ਼ੇ ਜ਼ਰੂਰ ਲੈ ਕੇ ਜਾਓ ਤੇ ਤਰੀਫ਼ ਦੇ ਦੋ ਮਿੱਠੜੇ ਬੋਲਾਂ ਨਾਲ ਉਸ ਨੂੰ ਖੁਸ਼ ਕਰਦੇ ਰਹੋ।ਭਾਬੀ ਹੀ ਹੈ ਜਿਸ ਨਾਲ ਪੇਕੇ ਘਰ ਦੇ ਦਰਵਾਜ਼ੇ ਤੁਹਾਡੇ ਲਈ ਹਮੇਸ਼ਾ ਖੁਲ੍ਹੇ ਰਹਿੰਦੇ ਹਨ।ਭਾਬੀ ਹੈ ਤਾਂ ਹੀ ਪੇਕਾ ਘਰ ਖੁਸ਼ਬੂ ਵੰਡਦੇ ਫੁੱਲਾਂ ਵਾਂਗ ਖਿੜਿਆ ਰਹਿੰਦਾ ਹੈ। ਉਸ ਨੂੰ ਹਮੇਸ਼ਾ ਮਾਂ ਵਾਲੀ ਇੱਜਤ ਤੇ ਸਹੇਲੀ ਜਿਹਾ ਪਿਆਰ ਦਿਓ। ਸੁਪਰੀਮ ਕੋਰਟ ਦੇ ਫੈਸਲੇ ਅਨੁਸਾਰ ਧੀ ਵੀ ਹਿੱਸੇਦਾਰ ਹੈ ਮਾਪਿਆਂ ਦੀ ਜਾਇਦਾਦ ਵਿਚ ।ਫੈਸਲਾ ਬਹੁਤ ਵਧੀਆ ਹੈ ਪਰ ਇਕ ਵਾਰ ਇਹ ਵੀ ਸੋਚਣਾ ਬਣਦਾ ਹੈ ਕਿ ਜਦੋਂ ਮਰੀਜ਼ ਮਾਪਿਆਂ ਨੂੰ ਪੀ ਜੀ ਆਈ ਜਾਂ ਕਿਤੇ ਹਸਪਤਾਲ ਲਿਜਾਉਣਾ ਹੋਵੇ ਤਾਂ ਭਾਬੀ ਹੀ ਲੈ ਕੇ ਜਾਂਦੀ ਹੈ,ਇਸ ਲਈ ਭਾਬੀ ਹੱਥ ਹੀ ਰੱਖੋ ਘਰ ਦੀ ਚਾਬੀ।



**ਰੇਣੂ ਕੌਸ਼ਲ**
**(ਸਟੇਟ ਅਵਾਰਡੀ)**
**+91-9876877607**



# ਟੋਟਮ ਅਤੇ ਟੈਬੂਜ਼

ਟੋਟਮ ਤੇ ਟੈਬੂਜ਼ ਅੰਗਰੇਜ਼ੀ ਭਾਸ਼ਾ ਦੇ ਸ਼ਬਦ ਹਨ। ਟੋਟਮ ਨੂੰ ਪੰਜਾਬੀ ਵਿੱਚ ਟੋਟਮ ਅਤੇ ਟੈਬੂਜ਼ ਨੂੰ ਪੰਜਾਬੀ ਵਿੱਚ 'ਮਨਾਹੀਆਂ' ਕਿਹਾ ਜਾ ਜਾਂਦਾ ਹੈ। ਪੁਰਾਤਨ ਸਮੇਂ ਵਿੱਚ ਜਦੋਂ ਮਨੁੱਖ ਕਬੀਲਾ ਯੁੱਗ ਵਿੱਚ ਪ੍ਰਵੇਸ਼ ਕਰਦਾ ਹੈ ਅਤੇ ਕੁਦਰਤ ਦੇ ਰਹੱਸਾਂ ਨੂੰ ਸਮਝਣ ਦੇ ਯਤਨ ਵਜੋਂ ਉਹ ਕੁਝ ਵਿਸ਼ੇਸ਼ ਪਸ਼ੂ, ਪੰਛੀਆਂ ਅਤੇ ਰੁੱਖਾਂ ਦੀ ਪੂਜਾ ਸ਼ੁਰੂ ਕਰਦਾ ਹੈ। ਇਥੋਂ ਹੀ ਕਿਸੇ ਜਾਤੀ ਦੇ ਟੋਟਮ ਸ਼ੁਰੂ ਹੁੰਦੇ ਹਨ। ਜਿਵੇਂ ਗਊ, ਸੂਰ, ਸੱਪ, ਗਧਾ, ਚੂਹਾ, ਪਿੱਪਲ, ਬੋਹੜ, ਤੁਲਸੀ ਆਦਿ। ਇਹ ਸਭ ਟੋਟਮ ਹਨ।ਮਨੁੱਖ ਇਨ੍ਹਾਂ ਦੀ ਪੂਜਾ ਵੀ ਕਰਦਾ ਹੈ ਪਰ ਭੋਜਨ ਵਜੋਂ ਸਵੀਕਾਰ ਨਹੀਂ ਕਰਦਾ। ਇਸ ਲਈ ਕੋਈ ਕਾਨੂੰਨ ਨਹੀਂ ਹੁੰਦਾ। ਇਹ ਸਮਾਜਿਕ ਤੌਰ ਤੇ ਪਰੰਪਰਾ ਤੋਂ ਪੀੜ੍ਹੀ ਦਰ ਪੀੜ੍ਹੀ ਕਿਸੇ ਜਾਤੀ ਦੇ ਲੋਕ ਮਨ ਵਿੱਚ ਵਸ ਚੁੱਕੇ ਹੁੰਦੇ ਹਨ ।ਅਜੋਕਾ ਮਨੁੱਖ ਵੀ ਇਨ੍ਹਾਂ ਨਿਯਮਾਂ ਦੀ ਪਾਲਣਾ ਕਰਦਾ ਹੈ ਅਤੇ ਇਨ੍ਹਾਂ ਪਿੱਛੇ ਦੂਸਰੀਆਂ ਜਾਤੀਆਂ ਨਾਲ ਦਵੈਤ ਭਾਵਨਾ ਵੀ ਰੱਖਦਾ ਹੈ।

ਮਨ੍ਹਾਈਆਂ ਦਾ ਸੰਬੰਧ ਅਜਿਹੇ ਸਮਾਜਿਕ ਨਿਯਮਾਂ ਨਾਲ ਹੈ, ਜਿਨ੍ਹਾਂ ਦੀ ਪਾਲਣਾ ਵਿਸ਼ਵ ਦੀਆਂ ਸਾਰੀਆਂ ਸੱਭਿਅਕ ਕੌਮਾਂ ਕਿਸੇ ਰੂਪ ਵਿੱਚ ਕਰਦੀਆਂ ਹਨ। ਇਨ੍ਹਾਂ ਨੂੰ ਕਾਮ ਸਬੰਧੀ, ਭੋਜਨ ਲੜੀਆਂ ਅਤੇ ਧਾਰਮਿਕ ਅਕੀਦਿਆਂ ਵਿੱਚ ਵੰਡ ਕੇ ਸਮਝਿਆ ਜਾ ਸਕਦਾ ਹੈ। ਵਿਸ਼ਵ ਵਿੱਚ ਇੱਕ ਛੱਤ ਥੱਲੇ ਰਹਿਣ ਵਾਲੇ ਬੱਚਿਆਂ ਦਾ ਆਪਸ ਵਿੱਚ ਵਿਆਹ ਨਹੀਂ ਕੀਤਾ ਜਾਂਦਾ ਜਿਨ੍ਹਾਂ ਨੂੰ ਅਸੀਂ ਭੈਣ ਭਰਾ ਕਹਿੰਦੇ ਹਾਂ। ਇਸੇ ਤਰ੍ਹਾਂ ਪਿਓ ਧੀ ਜਾਂ ਮਾਂ ਪੁੱਤ ਦਾ ਸਰੀਰਕ ਸੰਬੰਧ ਸਮਾਜ ਪ੍ਰਵਾਨ ਨਹੀਂ ਕਰਦਾ। ਭਾਰਤੀ ਸਮਾਜ ਵਿੱਚ ਵਿਆਹ ਲਈ ਨਾਨਕਿਆਂ, ਦਾਦਕਿਆਂ ਦਾ ਖ਼ੂਨ ਛੱਡ ਕੇ ਹੀ ਰਿਸ਼ਤੇ ਕੀਤੇ ਜਾਂਦੇ ਹਨ ਜਦਕਿ ਇਸਲਾਮ ਵਿੱਚ ਅਜਿਹਾ ਨਹੀਂ। ਉਥੇ ਮਾਮੇ, ਮਾਸੀ ਦੇ ਬੱਚਿਆਂ ਨਾਲ ਵੀ ਵਿਆਹ ਕਰ ਲਿਆ ਜਾਂਦਾ ਹੈ। ਇਹ ਵੀ ਇੱਕ ਸਮਾਜਿਕ ਮਨਾਹੀ ਹੈ ਭਾਵੇਂ ਕਿ ਇਸ ਲਈ ਕੋਈ ਕਾਨੂੰਨ ਦੁਆਰਾ ਸਜ਼ਾ ਨਹੀਂ ਦਿੱਤੀ ਜਾਂਦੀ ਪ੍ਰੰਤੂ ਜੇਕਰ ਕੋਈ ਵਿਅਕਤੀ ਉਲੰਘਣਾ ਕਰ ਲੈਂਦਾ ਹੈ ਤਾਂ ਉਹ ਸਮਾਜ ਦੇ ਪ੍ਰਭਾਵ ਅਧੀਨ ਮਾਨਸਿਕ ਰੋਗੀ ਬਣ ਜਾਂਦਾ ਹੈ।ਇਸ ਬਾਰੇ ਪ੍ਰਸਿੱਧ ਮਨੋ ਵਿਗਿਆਨੀ ਡਾਕਟਰ ਸਿਗਮੰਡ ਫਰਾਇਡ ਨੇ ਖੋਜ ਭਰਪੂਰ ਬਹੁਤ ਕੰਮ ਕੀਤਾ ਹੈ ।ਉਨ੍ਹਾ ਦੀ ਪ੍ਰਸਿੱਧ ਪੁਸਤਕ ਟੋਟਮ ਐਂਡ ਟੈਬੂਜ਼ ਹੈ।

ਸਮਾਜ ਵਿੱਚ ਭੋਜਨ ਕੜੀਆਂ ਦੀਆਂ ਮਨਾਹੀਆਂ ਵਿੱਚ ਟੋਟਮ ਪ੍ਰਜਾਤੀਆਂ ਦੇ ਮਾਸ ਖਾਣ ਉੱਤੇ ਮਨਾਹੀ ਹੈ। ਭਾਰਤ ਵਿੱਚ ਨਾਗਾਲੈਂਡ ਨੂੰ ਛੱਡ ਕੇ ਕੁੱਤੇ ਦਾ ਮਾਸ ਖਾਣਾ ਚੰਗਾ ਨਹੀਂ ਸਮਝਿਆ ਜਾਂਦਾ ਜਦ ਕਿ ਚੀਨ ਅਤੇ ਯੂਰਪ ਵਿੱਚ ਬੜੇ ਹੀ ਸਵਾਦ ਨਾਲ ਖਾਧਾ ਜਾਂਦਾ ਹੈ ਇਸੇ ਪ੍ਰਕਾਰ ਹੀ ਵਿਸ਼ਵ ਵਿਚ ਮਨੁੱਖ ਦੁਆਰਾ ਮਨੁੱਖ ਦਾ ਮਾਸ ਖਾਣ ਦੀ ਮਨਾਹੀ ਹੈ।।ਇਸ ਪ੍ਰਕਾਰ ਹੀ ਭਾਰਤ ਵਿੱਚ ਜੂਠ ਦਾ ਸੰਕਲਪ ਵੀ ਸੱਭਿਆਚਾਰਕ ਤੌਰ ਤੇ ਪੈਦਾ ਹੋਇਆ ਜਦ ਕਿ ਇਸਲਾਮ ਵਿੱਚ ਜੂਠ ਦੇ ਸੰਕਲਪ ਦਾ ਕੋਈ ਆਧਾਰ ਨਹੀਂ ਹੈ ।ਇਸੇ ਪ੍ਰਕਾਰ ਹੀ ਖਾਣਾ ਖਾਣ ਦੇ ਨਿਯਮ ਵੱਖ- ਵੱਖ ਵੀ ਹਰ ਸਮਾਜ ਦੇ ਆਪੋ ਆਪਣੇ ਹੁੰਦੇ ਹਨ। ਇਨ੍ਹਾਂ ਲਈ ਭਾਵੇਂ ਕੋਈ ਕਾਨੂੰਨ ਨਹੀਂ ਹੁੰਦਾ ਪ੍ਰੰਤੂ ਇਨ੍ਹਾਂ ਨੂੰ ਅਸੀਂ ਸੱਭਿਅਕ ਜਾਂ ਅਸੱਭਿਅਕ ਵਰਤਾਰੇ ਵਿੱਚ ਵੰਡ ਲੈਂਦੇ ਹਾਂ। ਨੇਪਾਲ ਵਿੱਚ ਮਾਸਿਕ ਧਰਮ ਦੇ ਦਿਨਾਂ ਵਿੱਚ ਔਰਤ ਨੂੰ ਘਰ ਵਿੱਚ ਰਹਿਣ ਦੀ ਆਗਿਆ ਨਹੀਂ ਹੈ। ਉਸ ਨੂੰ ਪਸ਼ੂਆਂ ਦੇ ਵਾੜੇ ਵਿੱਚ ਰਹਿਣਾ ਪੈਂਦਾ ਹੈ ਭਾਵੇਂ ਕਿ ਕੋਈ ਔਰਤ ਕਿਸੇ ਦੇ ਘਰ ਕਿਰਾਏ ਤੇ ਹੀ ਕਿਉਂ ਨਾ ਰਹਿੰਦੀ ਹੋਵੇ ।ਇਸ ਤਰ੍ਹਾਂ ਦੀ ਰੀਤ ਹਿਮਾਚਲ 'ਚ ਕੁੱਲੂ ਦੇ ਕੁਝ ਪਿੰਡਾਂ ਵਿੱਚ ਪ੍ਰਚੱਲਿਤ ਹੈ ।ਭਾਵੇਂ ਕਿ ਅਜੋਕੇ ਯੁੱਗ ਵਿੱਚ ਮਨੁੱਖ ਦੀ ਸਰੀਰਕ ਜਾਣਕਾਰੀ ਵਿੱਚ ਬਹੁਤ ਵਾਧਾ ਹੋਇਆ ਹੈ ਪਰ ਅਜ ਵੀ ਕਿਤੇ ਨਾ ਕਿਤੇ ਅਸੀਂ ਇਨ੍ਹਾਂ ਮਨਾਹੀਆਂ ਨਾਲ ਜੁੜੇ ਹੋਏ ਹਾਂ। ਜਿਵੇ ਭਾਰਤ ਵਿੱਚ ਉੱਚੀ ਜਾਤੀਆਂ ਦੇ ਚੌਂਕੇ ਚੁੱਲ੍ਹੇ ਵਿੱਚ ਨਿਮਨ ਜਾਤੀਆਂ ਨੂੰ ਪ੍ਰਵੇਸ਼ ਕਰਨ ਦੀ ਆਗਿਆ ਨਹੀਂ ਸੀ ਹੁੰਦੀ।ਜਿਸ ਦੇ ਸਿੱਟੇ ਵਜੋਂ ਸਮਾਜ ਵਿੱਚ ਛੂਤ ਛਾਤ,ਜਾਤ ਪਾਤ ਦੀ ਅਜਿਹੀ ਬਿਮਾਰੀ ਫੈਲੀ ਜਿਹੜੀ ਕਿ ਅਜ ਤੱਕ ਸਾਡੇ ਸਭਿਆਚਾਰ ਵਿੱਚ ਸਿੱਧੇ ਜਾਂ ਅਸਿੱਧੇ ਰੂਪ ਦੇਖੀ ਜਾ ਸਕਦੀ ਹੈ। ਅਜ ਵੀ ਭਾਰਤ ਵਿੱਚ ਉਚੇਰੀ ਜਾਤੀਆਂ ਨਾਲ ਸੰਬੰਧਤ ਲੋਕ ਸਫਾਈ ਸੈਨਿਕਾਂ ਦੀਆਂ ਅਸਾਮੀਆਂ ਉੱਤੇ ਕੰਮ ਕਰਨ ਲਈ ਤਿਆਰ ਨਹੀਂ।ਇਹ ਕੰਮ ਨਿਮਨ ਜਾਤੀਆਂ ਦੇ ਹਿੱਸੇ ਆਇਆ। ਧਰਮ ਨਾਲ ਸਬੰਧਤ ਮਨਾਹੀਆਂ ਵਿੱਚ ਆਪਣੇ ਆਪਣੇ ਧਾਰਮਿਕ ਚਿੰਨਾਂ ਦੀ ਸੰਭਾਲ ਕਰਨੀ ਅਤੇ ਉਨ੍ਹਾਂ ਦੇ ਨਿਯਮਾਂ ਦੀ ਪਾਲਣਾ ਕਰਨੀ ਵੀ ਵਿਸ਼ਵ ਵਿੱਚ ਪ੍ਰਚੱਲਤ ਹੈ ।ਨਹਾਉਣ ਸਮੇਂ ਇਨ੍ਹਾਂ ਚਿੰਨ੍ਹਾਂ ਨੂੰ ਕਿਸ ਤਰ੍ਹਾਂ ਰੱਖਣਾ ਹੈ। ਉਨ੍ਹਾਂ ਦਾ ਕਿਸ ਤਰ੍ਹਾਂ ਸਤਿਕਾਰ ਕਰਨਾ ਹੈ। ਇਹ ਵੀ ਮਨਾਹੀਆਂ ਦੇ ਘੇਰੇ ਵਿੱਚ ਆ ਜਾਂਦਾ ਹੈ।ਜਿਸ ਤਰ੍ਹਾਂ ਸਾਡੇ ਭਾਰਤ ਵਿੱਚ ਬਹੁਤ ਸਾਰੇ ਮੰਦਿਰਾਂ ਵਿੱਚ ਔਰਤਾਂ ਨੂੰ ਜਾਣ ਦੀ ਮਨਾਈ ਹੈ, ਇਸੇ ਤਰ੍ਹਾਂ ਹੀ ਮਸੀਤ ਵਿੱਚ ਜਾ ਕੇ ਔਰਤਾਂ ਨਮਾਜ਼ ਅਦਾ ਨਹੀਂ ਕਰ ਸਕਦੀਆਂ। ਇਨ੍ਹਾਂ ਮਨਾਹੀਆਂ ਦਾ ਵੀ ਕੋਈ ਕਾਨੂੰਨੀ ਆਧਾਰ ਨਹੀਂ। ਇਸ ਪ੍ਰਕਾਰ ਹੀ ਜੈਨ ਧਰਮ ਵਿੱਚ ਮਹਾਂਵੀਰ ਸੁਆਮੀ ਵਲੋਂ ਜੀਵ ਹੱਤਿਆ ਦੀ ਮਨਾਹੀ ਕੀਤੀ ਗਈ ਸੀ।ਇਸ ਕਰਕੇ ਜੈਨ ਧਰਮ ਨੂੰ ਮੰਨਣ ਵਾਲਿਆਂ ਨੇ ਖੇਤੀ ਅਤੇ ਹੱਥੀ ਕੰਮ ਕਰਨੇ ਛੱਡ ਦਿੱਤੇ ਤੇ ਉਹ ਸਿਰਫ ਕਪੜੇ ਅਤੇ ਕਰਾਇਨੇ ਆਦਿ ਦਾ ਵਪਾਰ ਕਰਨ ਲੱਗੇ। ਇਸ ਪ੍ਰਕਾਰ ਹੀ ਮਹਾਤਮਾ ਬੁੱਧ ਨੇ ਜੀਵ ਹੱਤਿਆ ਨੂੰ ਹੀ ਪਾਪ ਮੰਨਿਆ ਪਰੰਤੂ ਇਕ ਵਾਰ ਇਕ ਭਿਖਸ਼ੂ ਦੇ ਭਾਂਡੇ ਵਿਚ ਅਸਮਾਨ ਵਿੱਚ ਉਡਦੇ ਜਾਂਦੇ ਪੰਛੀ ਦੇ ਮੂੰਹ ਵਿਚੋਂ ਮਾਸ ਦਾ ਟੁੱਕੜਾ ਡਿਗ ਪਿਆ ਤਾਂ ਉਸਨੇ ਆ ਕੇ ਮਹਾਤਮਾ ਬੁੱਧ ਨੂੰ ਪੁਛਿਆ ਕਿ ਇਸਦਾ ਕੀ ਕੀਤਾ ਜਾਵੇ ਤਾਂ ਬੁੱਧ ਨੇ ਕਿਹਾ ਜੋੜਾਪੇ ਝੋਲੀ ਵਿਚ ਡਿੱਗਿਆ ਹੈ ਉਸਨੂੰ ਖਾ ਲੈਣਾ ਚਾਹੀਦਾ ਹੈ। ਪਰੰਤੂ ਇਸ ਦਾ ਸਿੱਟਾ ਇਹ ਨਿਕਲਿਆ ਕਿ ਅਜ ਦੁਨੀਆਂ ਦੇ ਪੰਜਾਹ ਕਰੋੜ ਬੁੱਧ ਆਪੇ ਮਰੇ ਹੋਏ ਪਸ਼ੂ ਦਾ ਮਾਸ ਖਾਂਦੇ ਹਨ।ਹੈਰਾਨੀਜਨਕ ਗੱਲ ਇਹ ਹੈ ਕਿ ਇਤਨੇ ਜੀਵ ਕਿਵੇ ਮਰ ਸਕਦੇ ਹਨ ? ਇਸ ਲਈ ਟੋਟਮ ਅਤੇ ਟੈਬੂਜ਼ ਕਾਰਨ ਤੇ ਕਾਰਜ ਦੇ ਸਿਧਾਂਤ ਦੇ ਅਧੀਨ ਨਹੀਂ ਹੁੰਦੇ। ਇਨ੍ਹਾਂ ਦਾ ਵਿਗਿਆਨਕ ਆਧਾਰ ਨਾ ਹੋ ਕੇ ਪਰਾਭੌਤਿਕ ਆਧਾਰ ਹੈ ।ਇਸ ਲਈ ਇਨ੍ਹਾਂ ਦੀ ਮਾਨਤਾ ਲੋਕ ਮਨ ਵਿੱਚ ਹੈ ਅਤੇ ਹਰ ਸਮਾਜ ਇਨ੍ਹਾਂ ਦੀ ਪਾਲਣਾ ਕਿਸੇ ਨਾ ਕਿਸੇ ਰੂਪ ਵਿੱਚ ਕਰਨ 'ਚ ਮਾਣ ਮਹਿਸੂਸ ਕਰਦਾ ਹੈ।

**ਪ੍ਰੋ ਜਗਦੀਪ 94782-19330**

# ਪ੍ਰੀਤ ਫੁਲਵਾੜੀ

## ‘ਦੁੱਖ ਸੁੱਖ’

ਜਦੋਂ ਮੈਂ
ਉਦਾਸ ਹੋਵਾਂ
ਨਿਰਾਸ਼ ਹੋਵਾਂ
ਦੁਖੀ ਹੋਵਾਂ
ਕਾਪੀ ਪੈੱਨ
ਚੁੱਕਦਾ ਹਾਂ
ਤੇ ਦੁੱਖ
ਸਾਂਝਾ ਕਰਦਾ ਹਾਂ
ਕਿਉਂਕਿ ਦੁੱਖ
ਵੰਡਣ ਨਾਲ
ਘੱਟਦਾ ਹੈ
ਜਦੋਂ ਮੈਂ
ਮਸਤ ਹੋਵਾਂ
ਪ੍ਰਸੰਨ ਹੋਵਾਂ
ਖੁਸ਼ ਹੋਵਾਂ
ਕਾਪੀ ਪੈੱਨ
ਚੁੱਕਦਾ ਹਾਂ
ਤੇ ਖੁਸ਼ੀ
ਸਾਂਝੀ ਕਰਦਾ ਹਾਂ
ਕਿਉਂਕਿ ਖੁਸ਼ੀ
ਵੰਡਣ ਨਾਲ
ਵੱਧਦੀ ਹੈ।

**ਹੰਸ ਕਲੇਰ, ਦੁਗਾਲ**
98789-46038

## ਕਵਿਤਾ

ਨਾ ਏਸ ਪਾਰ ਨਾ ਉਸ ਪਾਰ,
ਫਸਿਆ ਹਾਂ ਮੈਂ ਅੱਧ ਵਿਚਕਾਰ।
ਨਾ ਰੱਬ ਤੇ ਨਾ ਜੱਗ ਦਾ ਹੋਇਆ,
ਮੈਂ ਮਤਲਬੀ ਹੋਇਆ ਬੇ-ਸੁਮਾਰ।
ਦੌਲਤ ਲਈ ਮੈਂ ਕੁਦਰਤ ਨਾਲ ਵੀ ਲੜਦਾ,
ਜੰਗਲ ਵੱਢ ਮਕਾਨ ਮੈ ਕੀਤੇ ਦੋ ਤੋ ਚਾਰ।
ਜਹਿਰਾਂ ਘੋਲ ਕੇ ਰਾਸਨ ਵੇਚਾਂ,
ਜਿੰਦਗੀਆਂ ਦਾ ਮੈ ਕਰਾਂ ਵਪਾਰ।
ਨਾ ਏਸ ਪਾਰ ਨਾ ਉਸ ਪਾਰ,
ਫਸਿਆ ਹਾਂ ਮੈ ਅੱਧ ਵਿਚਕਾਰ।
ਸੱਚ ਬੋਲਣ ਤੋਂ ਕੰਨੀ ਕਤਰਾਵਾਂ,
ਝੂਠੇ ਮੇਰੇ ਸਾਰੇ ਯਾਰ।
ਕੰਜਕਾ ਦੀ ਮੈਂ ਕਰਦਾ ਪੂਜਾ,
ਪਰ ਧੀਅ ਨੂੰ ਕੁੱਖ ਵਿਚ ਦੇਵਾਂ ਮਾਰ।
ਵਹਿਮਾਂ ਭਰਮਾਂ ਵਿਚ ਪਾ ਕੇ ਦੁਨੀਆਂ,
ਰੱਬ ਦਾ ਵੀ ਮੈਂ ਕਰਾਂ ਵਪਾਰ।
ਨਾ ਏਸ ਪਾਰ ਨਾ ਉਸ ਪਾਰ,
ਫਸਿਆ ਹਾਂ ਮੈਂ ਅੱਧ ਵਿਚਕਾਰ।
ਲੋਕੀ ਆਖਣ ਵੈਦ ਨੂੰ ਰੂਪ ਰੱਬ ਦਾ,
ਪਰ ਮੈ ਤਾਂ ਹਾਂ ਪੈਸੇ ਦਾ ਯਾਰ।
ਮਾਹਤੜ ਦਾ ਮੈ ਕਰਾਂ ਨਾ ਇਲਾਜ,
ਪੈਸੇ ਵਾਲਾ ਮੇਰਾ ਰੱਬ ਅਵਤਾਰ।
ਪੈਸੇ ਨਾਲ ਮੈਂ ਜਾਨਾਂ ਵੰਡਦਾ,
ਗਰੀਬਾਂ ਨੂੰ ਮੈ ਦੇਵਾਂ ਮਾਰ।
ਨਾ ਏਸ ਪਾਰ ਨਾ ਉਸ ਪਾਰ,
ਫਸਿਆ ਹਾਂ ਮੈਂ ਅੱਧ ਵਿਚਕਾਰ।
ਧਰਮ ਦਾ ਰੌਲਾ ਪਾ ਮੈ ਰਾਜਾ ਬਣਦਾ,
ਦੁਨੀਆਂ ਕੀਤੀ ਪਈ ਦੋਫਾੜ।
ਜਨਤਾ ਦਾ ਮੈ ਖੂਨ ਚੂਸਦਾ,
ਸਿਰ ਤੇ ਪਾਇਆ ਕਰਜ਼ੇ ਦਾ ਭਾਰ।
ਲੋਕੀ ਕਮਲੇ ਲੜ-ਲੜ ਮਰਦੇ,
ਵਿਰੋਧੀਆਂ ਨਾਲ ਮੇਰੇ ਸਾਂਝੇ ਵਪਾਰ।
ਨਾ ਏਸ ਪਾਰ ਨਾ ਉਸ ਪਾਰ,
ਫਸਿਆ ਹਾਂ #ਰਾਜਵੀਰ ਅੱਧ ਵਿਚਕਾਰ।

**ਰਾਜਵੀਰ**
9872627271, 7355027271

## ਕਵਿਤਾ

ਦਿਲ ਨੇ ਕਿਹੜਾ ਗੁਨਾਹ ਕਰ ਦਿੱਤਾ ?,
ਤੂੰ ਜੋ ਮਿਲਣੋ ਮਨਾਹ ਕਰ ਦਿੱਤਾ।
ਜਿੰਨੀ ਕੋਸ਼ਿਸ਼ ਨਾਲ ਨੇੜੇ ਆਏ ਸੀ,
ਓਨਾ ਸਾਨੂੰ ਪਰਾਂਹ ਕਰ ਦਿੱਤਾ।
ਤੈਨੂੰ ਜਚਿਆ ਨਾ ਗੱਲ ਵੱਖਰੀ ਏ,
ਅਸੀਂ ਆਪਾ ਫਨਾਹ ਕਰ ਦਿੱਤਾ।
ਜਿਸ ਬੇੜੀ ਦਾ ਕੋਈ ਭਰੋਸਾ ਨਹੀ,
ਸਾਨੂੰ ਉਸਦਾ ਮਲਾਹ ਕਰ ਦਿੱਤਾ।
ਭਾਵੇਂ ਕਿ ਤੂੰ ਖਤਮ ਨਹੀਂ ਕੀਤਾ,
ਹੋਰ ਬਿਖੜਾ ਤਾਂ ਰਾਹ ਕਰ ਦਿੱਤਾ।
ਕਿਹੜਾ ਰੰਗ ਘੁੱਲ ਗਿਆ “ਅਮਨ“ ਐਸਾ ?,
ਪੂਰਾ ਕੈਨਵਸ ਸਿਆਹ ਕਰ ਦਿੱਤਾ।

**ਪ੍ਰੀਤ “ਅਮਨ“ , ਮੋਰਿੰਡਾ** 6280932905

## ਹੁਣ ਤੁਸੀਂ ਬਦਲ ਗਏ ਹੋ !

ਕੀ ਹੋ ਗਈ ਗੱਲ ਹਜ਼ੂਰ, ਜੀ ਹੁਣ ਤੁਸੀਂ ਬਦਲ ਗਏ ਹੋ।
ਬੜਾ ਲੱਗ ਪਏ ਕਰਨ ਗ਼ਰੂਰ, ਜੀ ਹੁਣ ਤੁਸੀਂ ਬਦਲ ਗਏ ਹੋ।
ਕੀ ਹੋ ਗਈ ਗੱਲ ਹਜ਼ੂਰ.........
ਕਿਉਂ ਹੁਣ ਮੇਰੀਆਂ ਮਿੱਠੀਆਂ ਗੱਲਾਂ, ਕੌੜੀਆਂ ਲੱਗਣ ਲੱਗ ਪਈਆਂ,
ਕੁਝ ਦੱਸ ਤਾਂ ਦਿਓ ਕਸੂਰ, ਜੀ ਹੁਣ ਤੁਸੀਂ ਬਦਲ ਗਏ ਹੋ।
ਕੀ ਹੋ ਗਈ ਗੱਲ ਹਜ਼ੂਰ.........
ਕਿਉਂ ਪਹਿਲਾਂ ਜੇਹੀ ਤੱਕਣੀ ਤੇ ਨਾ, ਪਹਿਲਾਂ ਜਿਹਾ ਸੁਭਾਅ ਰਿਹਾ,
ਅੱਜ ਵੇਖਦੇ ਹੋ ਘੂਰ-ਘੂਰ, ਜੀ ਹੁਣ ਤੁਸੀਂ ਬਦਲ ਗਏ ਹੋ।
ਕੀ ਹੋ ਗਈ ਗੱਲ ਹਜ਼ੂਰ.........
ਹੁਣ ਕੀ ਹੋ ਗਿਆ ਪਹਿਲਾਂ ਤਾਂ ਤੁਸੀਂ, ਸਾਹ ਵੀ ਪੁੱਛ-ਪੁੱਛ ਲੈਂਦੇ ਸੀ।
ਨਾ ਹੁਣ ਪਹਿਲਾਂ ਜਿਹਾ ਦਸਤੂਰ, ਜੀ ਹੁਣ ਤੁਸੀਂ ਬਦਲ ਗਏ ਹੋ।
ਕੀ ਹੋ ਗਈ ਗੱਲ ਹਜ਼ੂਰ.........
ਤੁਸੀਂ “ਗੋਸਲ“ ਨੂੰ ਗੱਲ ਦਿਲ ਵਾਲੀ , ਬੇਸ਼ੱਕ ਭਾਵੇਂ ਨਾ ਦੱਸੋ,
ਪਰ.! ਕੁਝ ਤਾਂ ਹੋਇਆ ਜ਼ਰੂਰ, ਜੀ ਹੁਣ ਤੁਸੀਂ ਬਦਲ ਗਏ ਹੋ।
ਕੀ ਹੋ ਗਈ ਗੱਲ ਹਜ਼ੂਰ.........

**ਗੁਰਵਿੰਦਰ “ਗੋਸਲ“ , ਸੰਪਰਕ :**-9779696042

## ਫੁੱਲਾਂ ਤੋਂ ਮਿਲੇ ਜ਼ਖ਼ਮ

ਇਹ ਦੁਨੀਆ ਜਲਬਲੱਲੀ ਏ
ਕਦੇ ਸਿੱਧੇ ਸਾਧਿਆ ਨਾਲ ਨਾ ਖੜਦੀ
ਜਿੰਨ੍ਹਾਂ ਤੋਂ ਮਿਲਦੇ ਧੋਖੇ ਨੇ
ਜਾ ਜਾ ਉਨਾਂ ਦੀਆਂ ਉਂਗਲਾਂ ਉਤੇ ਚੜਦੀ
ਆਪਣੇ ਰਾਹਾ ਵਿੱਚੋਂ ਕੰਡੇ ਆਪ ਹੀ ਚੁਗਣੇ ਪੈਂਦੇ।
ਏਥੇ ਰੋਂਦਿਆਂ ਨੂੰ ਹੋਰ ਰਵਾਉਂਦੇ ਨੇ
ਆਪਣੇ ਹੀ ਮੁੱਖ ਉੱਤੋ ਨੇ ਹਾਸੇ ਖੋਹ ਲੈਂਦੇ,,,

ਕੀ ਦੋਸ਼ ਹੈ ਕੰਡਿਆ ਨੂੰ ਸਾਨੂੰ ਤਾਂ
ਫੁੱਲਾਂ ਨੇ ਜਖ਼ਮ ਬਥੇਰੇ ਦਿੱਤੇ
ਆਖਰ ਨੂੰ ਦੁੱਖਾਂ ਦਾ ਘੜਾ ਉੱਛਲ ਗਿਆ
ਉਂਝ ਅਸੀਂ ਬੜੇ ਘੁੱਟ ਸਬਰਾ ਦੇ ਪੀਤੇ
ਜੋ ਆਪਣਿਆ ਨੇ ਦਿੱਤਾ ਇੱਕੋ ਹੀ ਫੱਟ
ਦਰਦ ਦੇਵੇ ਹਰ ਦਮ ਉੱਠਦੇ ਬਹਿੰਦੇ।
ਏਥੇ ਰੋਂਦਿਆਂ ਨੂੰ ਹੋਰ ਰਵਾਉਂਦੇ ਨੇ,,,

ਏਸ ਇਸ਼ਕ ਜੇ ਚੰਦਰੇ ਦੀ
ਬੜੀ ਹੈ ਖੇਡ ਨਿਆਰੀ
ਬਲਤੇਜ ਸੰਧੂ ਦਰਦ ਬੜਾ ਹੁੰਦਾ
ਜਦ ਹੱਥੋ ਛੁੱਟ ਜੇ ਚੀਜ਼ ਪਿਆਰੀ।
ਸਾਥੋਂ ਮੁੱਖ ਮੋੜ ਬੜੀ ਦੂਰ ਗਏ
ਜਿਹੜੇ ਸੀ ਆਪਣਾ ਆਪਣਾ ਕਹਿੰਦੇ।
ਏਥੇ ਰੋਂਦਿਆਂ ਨੂੰ ਹੋਰ ਰਵਾਉਂਦੇ ਨੇ,,,,

**ਬਲਤੇਜ ਸੰਧੂ “ਬੁਰਜ ਲੱਧਾ“ ਬਠਿੰਡਾ**
9465818158

## ਤਾਜ਼

ਚੁੰਨੀ ਤੇਰਾ ਤਾਜ ਹੈ ਕੁੜੀਏ
ਇਹਨੂੰ ਆਪਣਾ ਬੋਜ ਨਾ ਮੰਨੀ

ਸੱਭਿਆਚਾਰ ਰਿਵਾਜ ਏ ਕੁੜੀਏ
ਇਹਨੂੰ ਕਦੇ ਤੂੰ ਚੋਜ ਨਾ ਮੰਨੀ

ਇੱਜ਼ਤ ਕਰਦੇ ਧੀਆਂ ਦੀ ਨੇ
ਪੇਂਡੂ ਅਨਪੜ੍ਹ ਲੋਗ ਨਾ ਮੰਨੀ

ਸਲਵਾਰ ਸੂਟ ਪਹਿਰਾਵਾ ਆਪਣਾ
ਇਹਨੂੰ ਮਾਨਸਿਕਤਾ ਦਾ ਰੋਗ ਨਾ ਮੰਨੀ

ਧੀਆਂ ਹੁੰਦੀਆਂ ਸਾਹ ਮਾਪੇਆ ਦੇ
ਧੀ ਹੋਣੇ ਦਾ ਸੋਗ ਨਾ ਮੰਨੀ

ਘੁੰਮਣ ਆਲੇ ਨੇ ਸੱਚ ਲਿਖਿਆ ਏ
ਇਹਨੂੰ ਕਮਾਊ ਬਲੋਗ ਨਾ ਮੰਨੀ
ਚੁੰਨੀ ਤੇਰਾ ਤਾਜ ਹੈ ਕੁੜੀਏ
ਇਹਨੂੰ ਆਪਣਾ ਬੋਜ ਨਾ ਮੰਨੀ

**ਜੀਵਨ ਘੁੰਮਣ**

## .ਗ਼ਜ਼ਲ

ਸ਼ੀਸ਼ਿਆਂ ਦੇ ਵਿੱਚ ਜੜ੍ਹਾਂ ਰੱਖੇ ਅੱਖਰ ਨੇ,
ਦਿਲ ਚੋਂ ਉਠਦੇ ਇਹ ਸਵਾਲਾਂ ਦੇ ਉੱਤਰ ਨੇ।

ਉਹ ਕੀ ਸਮਝਣ ਸੱਜਣਾ ਐ ਰਮਜ਼ ਦਿਲ ਦੀ,
ਸੋਚ ਹੈ ਜਿਨ੍ਹਾਂ ਦੀ ਕੱਟੜ ਤੇ ਦਿਲ ਪੱਥਰ ਨੇ।

ਛੇੜ ਕੇ ਮੰਦਿਰ ਤੇ ਮਸਜਿੰਦ ਵਾਲਾ ਮੁੱਦਾ,
ਸੋਚਦੇ ਨੇਤਾ ਕਿ ਵੋਟਰ ਹੁਣ ਵੱਤਰ ਨੇ।

ਚੰਨ ਤੇ ਹਾਕਮ ਲੋਚੇ ਮਹਿਲ ਹੈ ਬਨਾਉਣਾ,
ਪਰ ਇਸ ਧਰਤੀ ਤੇ ਲੋਕਾਂ ਕੋਲ ਨਾ ਛੱਪਰ ਨੇ।

ਉਹ ਸਦਾ ਹੀ ਰਹਿਣ ਮੁਰਸ਼ਦ ਦੀ ਰਜ਼ਾ ਚੋ,
ਰੂਹ ਤੋਂ ਮਨਦੀਪਾ ਜਿਹੜੇ ਫੱਕਰ ਨੇ।

**ਮਨਦੀਪ ਗਿੱਲ ਧੜਾਕ**
9988111134

## ਕਵਿਤਾ

ਘਰ ਵਾਲੀ ਦੇ ਹੁੰਦੇ ਹੋਏ,,
ਬਾਹਰੇ ਫਿਰਦੇ ਖਾਂਦੇ ਧੱਕਿਆ,,
ਸੱਚੇ ਬਣਦੇ ਬਹੁਤੇ ਫਿਰ ਇਹ,,
ਜਦੋਂ ਬੇਗਾਨੇ ਘਰ ਜਾਂਦੇ ਡੱਕਿਆ,
ਖੁਦ ਤੇ ਅਸਰ ਕੋਈ ਨਾ ਹੁੰਦਾ,
ਧੀ ਹੱਸੇ ਕਿਸੇ ਵੱਲ ਖਾਨਦਾਨ ਦੀ ਹਾਨੀਆ,
ਮਰਦ ਕਿਉ ਨਹੀਂ ਹੁੰਦੇ,ਇਕੱਲੀ ਬਦਕਾਰ
ਜਨਾਨੀਆ।

ਧੀਆਂ ਤੋਂ ਵੀ ਛੋਟੀ ਹੁੰਦੀ,,
ਜਿੱਥੇ ਕਰਦੇ ਬਦਸਲੂਕੀਆਂ ਨੇ,,,
ਧਰਮੀ ਅਖਵਾਉਂਦੇ ਵੱਡੇ ਜਿਹੜੇ,,
ਲੋਭੀ ਨੇ ਨੂੰਹਾਂ ਅੰਦਰ ਫੂਕੀਆਂ ਨੇ,
ਸ਼ਰਮ ਕਿਉਂ ਨੀ ਮੰਨਦੇ ਬੋਲਣ ਲੱਗੇ,
ਲੜੀ ਰਿਸ਼ਤਿਆ ਦੀ ਜਾਣੀ ਨੁਕਸਾਨੀਆ,,
ਮਰਦ ਕਿਉ ਨਹੀਂ ਹੁੰਦੇ,,,

ਫੜੇ ਜਾਂਦੇ ਨੇ ਵਿੱਚ ਠੱਗੀ ਚੋਰੀ ਦੇ,
ਫਿਰ ਵੀ ਕੋਈ ਮਾੜੇ ਨਹੀਂ ਕਹਿੰਦੇ ,,,
ਹਰ ਗਲਤੀ ਤੇ ਮਿੱਟੀ ਪੈਂਦੀ ਵੇਖੀਆ,
ਫਿਰ ਵੀ ਮਰਦ ਵਿਗਾੜੇ ਨਹੀਂ ਕਹਿੰਦੇ,
ਮੱਖਣ ਸ਼ੇਰੋਂ ਇੱਜ਼ਤ ਪਿਆਰੀ ਦੋਵਾਂ ਨੂੰ,,
ਹੁੰਦੀ ਆ ਇੱਕੋ ਜਿਹੀ ਹੀ ਬਦਨਾਮੀਆ,
ਮਰਦ ਕਿਉ ਨਹੀਂ ਹੁੰਦੇ,ਇਕੱਲੀ ਬਦਕਾਰ
ਜਨਾਨੀਆ।

**ਮੱਖਣ ਸ਼ੇਰੋਂ ਵਾਲਾ**
**ਪਿੰਡ ਤੇ ਡਾਕ ਸ਼ੇਰੋਂ ਤਹਿ ਸੁਨਾਮ ਜਿਲ੍ਹਾ ਸੰਗਰੂਰ।**
**ਸੰਪਰਕ** 98787-98726

## ਭੈਣਾਂ

ਭੈਣਾਂ ਏ ਰੂਪ ਰੱਬ ਦਾ ਇਹਦੇ ਵਿੱਚ ਸ਼ੱਕ ਨਹੀਂ ,
ਭੈਣਾਂ ਕਦੇ ਵੀਰਾਂ ਦਾ ਮੋਹ ਕਰ ਸਕਦੀਆਂ ਘੱਟ ਨਹੀਂ ..
ਸਾਰੀ ਹੀ ਉਮਰ ਭੈਣਾਂ ਦਾ ਸਿਰ ਤੇ ਹੱਥ ਰੱਖੀ ਰੱਬਾ,
ਭੈਣਾਂ ਨੂੰ ਕਦੇ ਹਵਾ ਨਾ ਲੱਗਣ ਦੇਈਂ ਤੱਤੀ ਰੱਬਾ...
ਦੁੱਖਾਂ ਵਿੱਚ ਆ ਕੇ ਪਹਿਲਾਂ ਨਾਲ ਮੇਰੇ ਖੜਦੀਆਂ ਨੇ ,
ਜੇ ਨਾ ਦੁੱਖ ਦੱਸਾਂ ਆਪਣਾ ਮੇਰੇ ਨਾਲ ਲੜਦੀਆਂ ਨੇ ...
ਸਹੁਰੇ ਘਰੋਂ ਪੇਕੇ ਘਰ ਨੂੰ ਮਾਰਨ ਜਦੋਂ ਗੇੜਾ ਓਏ ,
ਰੌਣਕ ਨਾਲ ਭਰ ਜਾਏ ਲੋਕੋ ਬਾਬਲ ਦਾ ਵਿਹੜਾ ਓਏ ...
ਬੇਬੇ ਕੋਲ ਬਹਿ ਕੇ ਸਾਰੇ ਕਰੀ ਏ ਫੇਰ ਗੱਲਾਂ ਓਏ ,
ਸੀਨੇ ਵਿੱਚ ਉਠਦੀਆਂ ਫੇਰ ਉਹ ਬਚਪਨ ਦੀਆਂ ਛੱਲਾਂ ਓਏ ...
ਵਾਪਸ ਜਦ ਮੁੜਦੀਆਂ ਮਿਲ ਕੇ ਮਨ ਜਿਹਾ ਭਰ ਜਾਂਦਾ ,
ਨਾ ਚਾਹੁੰਦੇ ਹੋਏ ਅੱਖਾਂ ਗਿੱਲੀਆਂ ਬਾਪੂ ਵੀ ਕਰ ਜਾਂਦਾ ...
ਦੋਵੇਂ ਹੱਥ ਜੋੜ ਕੇ ਰੱਬਾ ਇਹੋ ਅਰਦਾਸ ਕਰਾ,
ਮੰਨ ਲਏਗਾ ਤੂੰ ‘ ਸੇਖੋਂ ‘ ਦੀ ਪੱਕਾ ਵਿਸ਼ਵਾਸ਼ ਕਰਾ...
ਮੇਰੀ ਵੀ ਉਮਰ ਤੂੰ ਰੱਬਾ ਭੈਣਾਂ ਨੂੰ ਲਾ ਦੇਵੀਂ ,
ਭੈਣਾਂ ਨਾਲ ਲੜ ਕੇ ਲੈਣਾ ਇਕ ਵੀ ਨਾ ਸਾਹ ਦੇਵੀਂ ...
ਧੀਆਂ ਤੋਂ ਸੱਖਣਾ ਵਿਹੜਾ ਰੱਬਾ ਨਾ ਰਹਿਣ ਦੇਈ ,
ਘੱਟੋ ਘੱਟ ਸਭ ਨੂੰ ਰੱਬਾ ਪੱਕਾ ਇਕ ਭੈਣ ਦੇਈ ...

**ਰਚਨਾ - ਪ੍ਰੀਤ ਸੇਖੋਂ**
**ਮੋਬਾਇਲ---** +919592264696

## ਜੁਗਨੀ

ਗਲਾ ਵਿੱਚ ਦੇ ਕੇ ਅੰਗੂਠੇ ਕਿਸਾਨਾ ਦੇ
ਸਰਕਾਰੇ ਕਿਉ ਖੇਤਾਂ ਵਿੱਚ ਉਗਾਉਣਾ ਚਾਹੁੰਦੀ
ਤੂੰ ਕਿਰਤੀ ਕਿਸਾਨਾਂ ਦੀਆਂ ਲਾਸਾਂ ਨੂੰ
ਕਾਨੂੰਨ ਦੇ ਘਾੜੇ ਏ, ਸੀ, ਕਮਰਿਆ ਵਿੱਚ ਬਹਿ ਕੇ
ਘੜਦੇ ਰਹਿੰਦੇ ਕਿਹੜੀਆਂ ਕਾਨੂੰਨ ਦੀਆਂ ਬਾਤਾਂ ਨੂੰ
ਨਾ ਮਰ ਹੁੰਦਾ ਨਾ ਜੀ ਹੁੰਦਾ ਮਾੜੇ ਜੱਟ ਦੀ
ਜਾਨ ਵਿੱਚ ਕੜੱਕੀ ਫਸ ਗਈ ਏ।
ਓ ਵੀਰ ਮੇਰਿਆ ਉਏ ਜੁਗਨੀ
ਜੁਗਨੀ ਰੋ ਰੋ ਕੇ
ਹਏ ਹਾਲ ਦੇਸ਼ ਦਾ ਦੱਸਦੀ ਏ।।
ਕਈ ਕਿੱਲਾ ਜ਼ਮੀਨ ਦਾ ਵੇਚ ਮਾਰੇ ਗਰੀਬੀ ਬੇਰੁਜ਼ਗਾਰੀ ਦੇ
ਲਾਡਲੇ ਪੁੱਤ ਮਾਵਾਂ ਦੇ ਵਿਦੇਸ਼ਾ ਵੱਲ ਨੂੰ ਤੁਰ ਪਏ ਨੇ
ਹੱਡ ਭੰਨਵੀਂ ਮਿਹਨਤ ਕਰਦੇ ਚੇਤੇ ਕਰਕੇ ਪਰਿਵਾਰਾਂ ਨੂੰ ਕੱਲਿਆ ਬਹਿ ਬਹਿ ਰੋਂਦੇ ਆ
ਮੌਤ ਦੀਆਂ ਆਈਆ ਖਬਰਾਂ ਕਈ ਵਿੱਚ ਸਮੁੰਦਰਾਂ ਰੁੜ ਗਏ ਨੇ।
ਬੈਂਕ ਦਾ ਚੜਿਆ ਕਰਜਾ ਹਾਲੇ ਤੱਕ ਮੁੜਿਆ ਨਾ
ਹੁਣ ਤਾਂ ਲਿਸਟ ਬੈਂਕ ਦੀ ਡਿਫਾਲਟਰ ਦੱਸਦੀ ਏ।
ਓ ਵੀਰ ਮੇਰਿਆ ਉਏ ਜੁਗਨੀ
ਜੁਗਨੀ ਰੋ ਰੋ ਕੇ
ਹਏ ਹਾਲ ਦੇਸ਼ ਦਾ ਦੱਸਦੀ ਏ ,,,

**ਬਲਤੇਜ ਸੰਧੂ “ਬੁਰਜ ਲੱਧਾ“**
9465818158

## ਆਸ ਇੱਕ ਆਸ਼ਾਵਾਦੀ ਸੋਚ

ਸਾਰੇ ਪਾਸੇ ਛਾਇਆ ਹੋਇਆ, ਦੁਨੀਆਂ ਤੇ ਕਹਿਰ ਏ,
ਪ੍ਰੇਸ਼ਾਨ ਹਰੇਕ ਬੰਦਾ, ਰੱਬਾ ਕੈਸਾ ਪਹਿਰ ਏ।
ਇੱਕ ਦੋ ਮਹੀਨੇ ਪਹਿਲਾਂ ਤਾਂ, ਸਭ ਸੁੱਖ ਸਾਂਦ ਸੀ,
ਹਾਸਾ-ਠੱਠਾ, ਖੁਸ਼ੀ-ਖੇੜਾ ਆਂਢ ਤੇ ਗੁਆਂਢ ਸੀ,
ਘੁਲ ਗਿਆ ਕਿਵੇਂ ਇਹ ਫਿਜ਼ਾਵਾਂ ਵਿੱਚ ਜਹਿਰ ਏ।
ਪ੍ਰੇਸ਼ਾਨ ਹਰੇਕ ਬੰਦਾ, ਰੱਬਾ ਕੈਸਾ ਪਹਿਰ ਏ।
ਬੱਚਿਆਂ ਦਾ ਗਲੀਆਂ ਚ, ਖੇਡਣਾ ਵੀ ਬੰਦ ਏ,
ਚਿਰਾਂ ਤੋਂ ਖਲੋਤਾ ਹੋਇਆ ਘਰੋ ਘਰੀ ਸੰਦ ਏ,
ਬਜ਼ੁਰਗਾਂ ਵਿਚਾਰਿਆਂ ਦੀ,ਬੰਦ ਹੋਈ ਸੈਰ ਏ।
ਪ੍ਰੇਸ਼ਾਨ ਹਰੇਕ ਬੰਦਾ ਰੱਬਾ ਕੈਸਾ ਪਹਿਰ ਏ।
ਹੱਥ ਕੋਈ ਮਿਲਾਵੇ ਨਾਂ
ਤੇ ਜੱਫ਼ੀ ਕੋਈ ਪਾਵੇ ਨਾਂ
ਸੱਥਾਂ ਵਿੱਚ ਮੋੜਾਂ ਉੱਤੇ, ਮਹਿਫਲਾਂ ਕੋਈ ਲਾਵੇ ਨਾ
ਸੁੰਨਸਾਨ ਵਰਤੀ ਏ,ਬੰਦ ਪਿਆ ਸ਼ਹਿਰ ਏ।
ਪ੍ਰੇਸ਼ਾਨ ਹਰੇਕ ਬੰਦਾ,ਰੱਬਾ ਕੈਸਾ ਕਹਿਰ ਏ।
ਔਖਾ ਸਮਾਂ ਵੀ ਤੇ ਯਾਰੋ ਬੰਦਿਆਂ ਤੇ ਆਉਂਦਾ ਏ,
ਹੌਂਸਲੇ ਬੁਲੰਦ ਰੱਖੋ, ਇਤਿਹਾਸ ਇਹ ਸਿਖਾਉਂਦਾ ਏ,
ਝੁੱਲਦੇ ਇਹ ਝੱਖੜਾਂ ਨੇ ਅੰਤ ਜਾਣਾ ਠਹਿਰ ਏ।
ਪ੍ਰੇਸ਼ਾਨ ਹਰੇਕ ਬੰਦਾ.......

**ਪ੍ਰੇਮ ਸਿੰਘ ਰਾਇਪੁਰ ਬਲੀਮ**
95018676003

# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 367

Website: www.preetnama.com Email preetnamausa@gmail.com

21 AUGUST TO 27 AUGUST, 2026



